New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ

# ਪੰਜਾਬ ਟਾਈਮਜ਼

ਸੱਚ ਅਤੇ ਨਿਰਪੱਖ ਸੋਚ

CANADIAN PUNJAB TIMES

SINCE : 2007

: www.thepunjabtimes.ca
: canadianpunjabtimes@gmail.com

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
1-800-732-0519
icc.accounting@yahoo.ca
www.iccaccounting.com
8740 - 140A St., Surrey, BC V3W 0M4

Vol - 20 15 May, 2026 ੧ ਜੇਠ ਨਾਨਕਸ਼ਾਹੀ ਸੰਮਤ ੫੫੪ Ph.: 604-338-7310 FAX : 604-572-3638 /canadianpunjabtimes

## 98.2 ਪ੍ਰਤੀਸ਼ਤ ਨਰਸਾਂ ਨੇ ਬਿਹਤਰ ਇਕਰਾਰਨਾਮੇ ਲਈ ਹੜਤਾਲ ਦੇ ਪੱਖ ਵਿੱਚ ਪਾਈ ਵੋਟ




ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇੱਕ ਅਹਿਮ ਮੋੜ ਆ ਗਿਆ ਹੈ ਕਿਉਂਕਿ ਸੂਬੇ ਦੀਆਂ ਨਰਸਾਂ ਨੇ ਭਾਰੀ ਬਹੁਮਤ ਨਾਲ ਹੜਤਾਲੀ ਕਾਰਵਾਈ ਦੇ ਪੱਖ ਵਿੱਚ ਫੈਸਲਾ ਸੁਣਾਇਆ ਹੈ। ਬੀਸੀ ਨਰਸਾਂ ਯੂਨੀਅਨ ਵੱਲੋਂ ਮੰਗਲਵਾਰ 12 ਮਈ ਨੂੰ ਜਾਰੀ ਕੀਤੇ ਗਏ ਵੋਟਿੰਗ ਨਤੀਜਿਆਂ ਅਨੁਸਾਰ 50,000 ਤੋਂ ਵੱਧ ਨਰਸਾਂ ਵਿੱਚੋਂ 98.2 ਪ੍ਰਤੀਸ਼ਤ ਨੇ ਹੜਤਾਲ ਦੇ ਹੱਕ ਵਿੱਚ ਆਪਣੀ ਰਾਏ ਦਿੱਤੀ ਹੈ। ਯੂਨੀਅਨ ਦੇ ਅਧਿਕਾਰੀਆਂ ਅਨੁਸਾਰ ਇਹ ਉਨ੍ਹਾਂ ਦੇ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਮਜ਼ਬੂਤ ਮੈਂਡੇਟ ਹੈ। ਹਾਲਾਂਕਿ ਇਸ ਵੋਟ ਦਾ ਮਤਲਬ ਇਹ ਨਹੀਂ ਹੈ ਕਿ ਹੜਤਾਲ ਤੁਰੰਤ ਸ਼ੁਰੂ ਹੋ ਜਾਵੇਗੀ ਪਰ ਇਸ ਨੇ ਯੂਨੀਅਨ ਨੂੰ ਕਾਨੂੰਨੀ ਤੌਰ 'ਤੇ ਕਿਸੇ ਵੀ ਸਮੇਂ ਕੰਮ ਰੋਕਣ ਦਾ ਅਧਿਕਾਰ ਪ੍ਰਦਾਨ ਕਰ ਦਿੱਤਾ ਹੈ।

ਬੀਸੀ ਨਰਸਾਂ ਯੂਨੀਅਨ ਦੀ ਪ੍ਰਧਾਨ ਐਡਰਿਏਨ ਗੇਅਰ ਨੇ ਇਸ ਫੈਸਲੇ ਨੂੰ ਇੱਕ ਪਰਿਭਾਸ਼ਿਤ ਪਲ ਕਰਾਰ ਦਿੰਦਿਆਂ ਕਿਹਾ ਕਿ ਸੂਬੇ ਭਰ ਦੀਆਂ ਨਰਸਾਂ ਹੁਣ ਆਪਣੇ ਕੰਮ ਦੇ ਸਨਮਾਨ, ਕੰਮ ਵਾਲੀ ਥਾਂ 'ਤੇ ਸੁਰੱਖਿਆ ਅਤੇ ਇੱਕ ਨਿਰਪੱਖ ਇਕਰਾਰਨਾਮੇ ਦੀ ਮੰਗ ਕਰ ਰਹੀਆਂ

» ਬਾਕੀ ਸਫ਼ਾ 29 'ਤੇ

## ਸਰੀ ਦੀ ਸੁਰੱਖਿਆ ਲਈ 560 ਨਵੇਂ ਸੁਰੱਖਿਆ ਕਰਮਚਾਰੀਆਂ ਦੀ ਹੋਵੇਗੀ ਭਰਤੀ : ਮੇਅਰ ਬਰੈਂਡਾ ਲੌਕ

### ਐਨਿਡੇਲ ਟਾਇਨਹੈੱਡ ਵਿੱਚ ਬਣੇਗਾ ਨਵਾਂ ਪਬਲਿਕ ਸੇਫ਼ਟੀ ਟਰੇਨਿੰਗ ਕੈਂਪਸ

ਸਰੀ, (ਦਿਵਰੂਪ ਕੌਰ): ਮੇਅਰ ਬਰੈਂਡਾ ਲੌਕ ਨੇ ਵੀਰਵਾਰ ਨੂੰ ਆਪਣਾ ਸਾਲਾਨਾ ਸਟੇਟ ਆਫ਼ ਦਾ ਸਿਟੀ ਭਾਸ਼ਣ ਦਿੱਤਾ। ਇਸ ਭਾਸ਼ਣ ਵਿੱਚ ਉਨ੍ਹਾਂ ਨੇ ਤੇਜ਼ੀ ਨਾਲ ਵੱਧ ਰਹੀ ਆਬਾਦੀ ਨੂੰ ਸੰਭਾਲਣ, ਜਨਤਕ ਸੁਰੱਖਿਆ ਮਜ਼ਬੂਤ ਕਰਨ ਅਤੇ ਸਰੀ ਦੇ ਭਵਿੱਖ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਤਰਜੀਹਾਂ ਪੇਸ਼ ਕੀਤੀਆਂ ਹਨ।

ਮੇਅਰ ਨੇ ਦੋ ਮਹੱਤਵਪੂਰਨ ਨਵੀਆਂ ਸੁਰੱਖਿਆ ਪਹਿਲਕਦਮੀਆਂ ਦਾ ਐਲਾਨ ਕੀਤਾ। ਐਨਿਡੇਲ ਟਾਇਨਹੈੱਡ ਵਿੱਚ 15 ਏਕੜ ਦਾ ਨਵਾਂ ਪਬਲਿਕ ਸੇਫ਼ਟੀ ਟਰੇਨਿੰਗ ਕੈਂਪਸ

» ਬਾਕੀ ਸਫ਼ਾ 29 'ਤੇ



SARABHA
TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

SAANJH TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
604-800-1500
Unit 109, 12830-80 Ave York Centre Surrey

SATKAR SERVICE LTD.
ਭਾਰਤ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Ph: 778-246-2500
www.satkarservices.ca
SONY SIDHU (ZIRA)

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

Looking For
WEDDING & ENGAGEMENT FILMS
BOOK NOW!
PACKAGES STARTING AT $350 ONLY*
ONE SOUL FILMS
Call or Text : 604-584-5577
*T&C Apply

ਘੱਟ ਆਮਦਨੀ ਵਾਲੇ ਪਰਿਵਾਰਾਂ ਲਈ
ਮੁਫ਼ਤ ਟੈਕਸ ਸੇਵਾ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਘੱਟ ਆਮਦਨੀ ਵਾਲੇ ਪ੍ਰਵਾਰਾਂ ਲਈ
ਮੁਫਤ ਟੈਕਸ ਭਰਨ ਦੀ ਸੇਵਾ ਉਪਲਬਧ ਹੈ
ਇਹ ਸੇਵਾ ਹਰ ਸ਼ੁੱਕਰਵਾਰ ਅਤੇ ਸ਼ਨਿੱਚਰਵਾਰ
10:00 ਤੋਂ 1:00 ਵਜੇ ਤੱਕ
ਹੁੰਦੀ ਹੈ ਜਿਸ ਵਿੱਚ CVITP ਦੇ ਵਰਕਰ ਆਪ ਜੀ ਦਾ ਟੈਕਸ ਫਾਇਲ ਕਰਨਗੇ।
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਨੰਬਰ 604-590-3232 ਤੇ ਸੰਪਰਕ ਕਰ ਸਕਦੇ ਹੋ ਜੀ।

# ਟੈਕਸਾਸ-ਮੈਕਸੀਕੋ ਸਰਹੱਦ 'ਤੇ ਮਾਲ ਗੱਡੀ ਦੇ ਕੰਟੇਨਰ 'ਚੋਂ 7 ਲਾਸ਼ਾਂ ਬਰਾਮਦ




ਸਰੀ, (ਬਰਾੜ ਭਗਤਾ ਭਾਈਕਾ): ਟੈਕਸਾਸ ਅਤੇ ਮੈਕਸੀਕੋ ਦੀ ਸਰਹੱਦ ਨੇੜੇ ਮਨੁੱਖੀ ਤਸਕਰੀ ਦੇ ਇੱਕ ਕਥਿਤ ਆਪਰੇਸ਼ਨ ਦੌਰਾਨ 7 ਪ੍ਰਵਾਸੀਆਂ ਦੀ ਦਰਦਨਾਕ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਅਨੁਸਾਰ ਇਹ ਸਾਰੇ ਵਿਅਕਤੀ ਯੂਨੀਅਨ ਪੈਸੀਫਿਕ ਮਾਲ ਗੱਡੀ ਰਾਹੀਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਵਿੱਚੋਂ 6 ਪੀੜਤਾਂ ਦੀਆਂ ਲਾਸ਼ਾਂ ਲਾਰੇਡੋ ਰੇਲ ਯਾਰਡ ਵਿੱਚ ਖੜ੍ਹੇ ਇੱਕ ਸ਼ਿਪਿੰਗ ਕੰਟੇਨਰ ਵਿੱਚੋਂ ਮਿਲੀਆਂ ਹਨ, ਜਦਕਿ 7ਵਾਂ ਵਿਅਕਤੀ ਬੈਕਸਰ ਕਾਉਂਟੀ ਵਿੱਚ ਰੇਲਵੇ ਪਟੜੀਆਂ ਦੇ ਨੇੜੇ ਮ੍ਰਿਤਕ ਪਾਇਆ ਗਿਆ। ਪੁਲਿਸ ਵੱਲੋਂ ਇਸ ਪੂਰੇ ਮਾਮਲੇ ਦੀ ਜਾਂਚ ਮਨੁੱਖੀ ਤਸਕਰੀ ਦੇ ਐਂਗਲ ਤੋਂ ਕੀਤੀ ਜਾ ਰਹੀ ਹੈ।

ਲਾਰੇਡੋ ਸਥਿਤ ਯੂਨੀਅਨ ਪੈਸੀਫਿਕ ਦੀ ਸਹੂਲਤ 'ਤੇ ਐਤਵਾਰ ਨੂੰ ਕੰਟੇਨਰਾਂ ਦੀ ਰੁਟੀਨ ਜਾਂਚ ਦੌਰਾਨ ਇੱਕ ਕਰਮਚਾਰੀ ਨੇ ਸ਼ਿਪਿੰਗ ਕੰਟੇਨਰ ਦੇ ਅੰਦਰ 6 ਲਾਸ਼ਾਂ ਪਈਆਂ ਦੇਖੀਆਂ। ਕਰਮਚਾਰੀ ਨੇ ਤੁਰੰਤ ਇਸ ਦੀ ਸੂਚਨਾ ਸਥਾਨਕ ਪੁਲਿਸ ਨੂੰ ਦਿੱਤੀ। ਮ੍ਰਿਤਕਾਂ ਦੀ ਪਛਾਣ ਬਾਰੇ ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਵਿੱਚ ਹੋਂਡੂਰਾਸ ਦਾ ਇੱਕ 14 ਸਾਲਾ ਲੜਕਾ ਅਤੇ ਇੱਕ 24 ਸਾਲਾ ਨੌਜਵਾਨ ਸ਼ਾਮਲ ਹੈ। ਇਸ ਤੋਂ ਇਲਾਵਾ ਮੈਕਸੀਕੋ ਦੀ ਇੱਕ 29 ਸਾਲਾ ਮਹਿਲਾ ਅਤੇ ਦੋ ਪੁਰਸ਼, ਜਿਨ੍ਹਾਂ ਦੀ ਉਮਰ 45 ਅਤੇ 56 ਸਾਲ ਸੀ, ਦੀ ਵੀ ਇਸ ਹਾਦਸੇ ਵਿੱਚ ਮੌਤ ਹੋ ਗਈ ਹੈ। 6ਵੇਂ ਪੀੜਤ ਦੀ ਪਛਾਣ ਅਜੇ ਤੱਕ ਅਧਿਕਾਰਤ ਤੌਰ 'ਤੇ ਸਪੱਸ਼ਟ ਨਹੀਂ ਹੋ ਸਕੀ ਹੈ।

ਵੈਬ ਕਾਉਂਟੀ ਦੀ ਮੈਡੀਕਲ ਐਗਜ਼ਾਮੀਨਰ ਡਾ. ਕੋਰੀਨ ਸਟਰਨ ਵੱਲੋਂ 29 ਸਾਲਾ ਮਹਿਲਾ ਦਾ ਪੋਸਟਮਾਰਟਮ ਕੀਤਾ ਗਿਆ, ਜਿਸ ਵਿੱਚ ਮੌਤ ਦਾ ਕਾਰਨ 'ਹਾਈਪਰਥਰਮੀਆ' ਯਾਨੀ ਹੀਟ ਸਟ੍ਰੋਕ ਦੱਸਿਆ ਗਿਆ ਹੈ। ਡਾ. ਸਟਰਨ ਨੇ ਇਸ ਘਟਨਾ ਨੂੰ ਇੱਕ ਹਾਦਸਾ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਬਾਕੀ ਵਿਅਕਤੀਆਂ ਦੀ ਮੌਤ ਵੀ ਸੰਭਾਵਿਤ ਤੌਰ 'ਤੇ ਬਹੁਤ ਜ਼ਿਆਦਾ ਗਰਮੀ ਕਾਰਨ ਹੋਈ ਹੈ, ਹਾਲਾਂਕਿ ਉਨ੍ਹਾਂ ਦੀਆਂ ਜਾਂਚ ਰਿਪੋਰਟਾਂ ਅਜੇ ਮੁਕੰਮਲ ਨਹੀਂ ਹੋਈਆਂ ਹਨ। ਘਟਨਾ ਵਾਲੇ ਦਿਨ ਲਾਰੇਡੋ ਵਿੱਚ ਤਾਪਮਾਨ 97 ਡਿਗਰੀ ਦਰਜ ਕੀਤਾ ਗਿਆ ਸੀ, ਜਿਸ ਕਾਰਨ ਬੰਦ ਕੰਟੇਨਰ ਦੇ ਅੰਦਰ ਦਾ ਤਾਪਮਾਨ 100 ਡਿਗਰੀ ਤੋਂ ਕਿਤੇ ਵੱਧ ਪਹੁੰਚ ਗਿਆ ਹੋਵੇਗਾ।

ਮਾਮਲੇ ਦੀ ਜਾਂਚ ਦੌਰਾਨ ਸੋਮਵਾਰ ਨੂੰ ਲਾਰੇਡੋ ਤੋਂ ਲਗਭਗ 150 ਮੀਲ ਉੱਤਰ ਵੱਲ ਬੈਕਸਰ ਕਾਉਂਟੀ ਵਿੱਚ ਰੇਲਵੇ ਪਟੜੀਆਂ ਦੇ ਕੋਲ ਇੱਕ 7ਵੇਂ ਵਿਅਕਤੀ ਦੀ ਲਾਸ਼ ਮਿਲੀ। ਬੈਕਸਰ ਕਾਉਂਟੀ ਦੇ ਸ਼ੈਰਿਫ ਜੇਵੀਅਰ ਸਲਾਜ਼ਾਰ ਅਨੁਸਾਰ ਮ੍ਰਿਤਕ ਕੋਲੋਂ ਮੈਕਸੀਕਨ ਪਛਾਣ ਪੱਤਰ ਮਿਲਿਆ ਹੈ ਅਤੇ ਅੰਦਾਜ਼ਾ ਹੈ ਕਿ ਉਹ ਵੀ ਇਸੇ ਸਮੂਹ ਦਾ ਹਿੱਸਾ ਸੀ। ਸ਼ੈਰਿਫ ਨੇ ਦੱਸਿਆ ਕਿ ਇਨ੍ਹਾਂ ਸ਼ਿਪਿੰਗ ਕੰਟੇਨਰਾਂ ਵਿੱਚ ਅੰਦਰੋਂ ਖੋਲ੍ਹਣ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਇਹ ਕੰਟੇਨਰ ਸੈਂਸਰਾਂ ਨਾਲ ਲੈਸ ਹੁੰਦੇ ਹਨ ਜੋ ਦਰਵਾਜ਼ੇ ਖੁੱਲ੍ਹਣ ਦੀ ਹਰ ਹਰਕਤ ਨੂੰ ਰਿਕਾਰਡ ਕਰਦੇ ਹਨ। ਸੈਂਸਰਾਂ ਦੇ ਰਿਕਾਰਡ ਤੋਂ ਪਤਾ ਲੱਗਾ ਹੈ ਕਿ ਡੇਲ ਰੀਓ ਤੋਂ ਚੱਲੀ ਇਸ ਰੇਲਗੱਡੀ ਦੇ ਇੱਕ ਕੰਟੇਨਰ ਨੂੰ ਉਸੇ ਇਲਾਕੇ ਵਿੱਚ ਖੋਲ੍ਹਿਆ ਗਿਆ ਸੀ ਜਿੱਥੇ 7ਵੇਂ ਵਿਅਕਤੀ ਦੀ ਲਾਸ਼ ਮਿਲੀ ਹੈ।

ਇੱਕ ਦਰਦਨਾਕ ਖੁਲਾਸੇ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਸ਼ਨੀਵਾਰ ਨੂੰ ਪੀੜਤਾਂ ਵਿੱਚੋਂ ਇੱਕ ਨੇ ਆਪਣੇ ਪਰਿਵਾਰਕ ਮੈਂਬਰ ਨੂੰ ਸੰਦੇਸ਼ ਭੇਜਿਆ ਸੀ ਕਿ ਕੰਟੇਨਰ ਦੇ ਅੰਦਰ ਗਰਮੀ ਬਹੁਤ ਵੱਧ ਗਈ ਹੈ ਅਤੇ ਉਨ੍ਹਾਂ ਦੀ ਹਾਲਤ ਖਰਾਬ ਹੋ ਰਹੀ ਹੈ। ਪਰਿਵਾਰਕ ਮੈਂਬਰ ਨੇ ਤੁਰੰਤ ਪੁਲਿਸ ਨੂੰ ਫੋਨ ਕੀਤਾ, ਪਰ ਸੈਨ ਐਂਟੋਨੀਓ ਪੁਲਿਸ ਵੱਲੋਂ ਉਸ ਇਲਾਕੇ ਵਿੱਚ ਕੀਤੀ ਗਈ ਭਾਲ ਦੌਰਾਨ ਕੁਝ ਵੀ ਹੱਥ ਨਹੀਂ ਲੱਗਿਆ। ਜੇਕਰ ਉਸ ਸਮੇਂ ਰੇਲਗੱਡੀ ਦੀ ਸਹੀ ਲੋਕੇਸ਼ਨ ਮਿਲ ਜਾਂਦੀ ਤਾਂ ਸ਼ਾਇਦ ਇਨ੍ਹਾਂ ਜਾਨਾਂ ਨੂੰ ਬਚਾਇਆ ਜਾ ਸਕਦਾ ਸੀ।

ਫਿਲਹਾਲ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਇਸ ਨੂੰ ਮਨੁੱਖੀ ਤਸਕਰੀ ਦੇ ਮਾਮਲੇ ਵਜੋਂ ਦੇਖ ਰਹੀ ਹੈ ਅਤੇ ਫੈਡਰਲ ਪੱਧਰ 'ਤੇ ਜਾਂਚ ਜਾਰੀ ਹੈ। ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ ਅਤੇ ਟੈਕਸਾਸ ਰੇਂਜਰਸ ਵੀ ਇਸ ਜਾਂਚ ਵਿੱਚ ਸ਼ਾਮਲ ਹਨ। ਯੂਨੀਅਨ ਪੈਸੀਫਿਕ ਕੰਪਨੀ ਨੇ ਕਿਹਾ ਹੈ ਕਿ ਉਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਪੂਰਾ ਸਹਿਯੋਗ ਕਰ ਰਹੀ ਹੈ। ਮੈਡੀਕਲ ਐਗਜ਼ਾਮੀਨਰ ਦਾ ਦਫ਼ਤਰ ਮੈਕਸੀਕਨ ਕੌਂਸਲੇਟ ਦੇ ਸਹਿਯੋਗ ਨਾਲ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਸੰਪਰਕ ਕਰਨ ਅਤੇ ਲਾਸ਼ਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦੀ ਪ੍ਰਕਿਰਿਆ ਵਿੱਚ ਜੁਟਿਆ ਹੋਇਆ ਹੈ।

# ਜਾਅਲੀ ਲਾਇਸੈਂਸ ਪਲੇਟਾਂ ਬਣਾਉਣ ਦੇ ਆਰੋਪ ਹੇਠ ਹੈਮਿਲਟਨ ਦੇ 2 ਭਰਾ ਗ੍ਰਿਫਤਾਰ

ਸਰੀ, (ਦਿਵਰੂਪ ਕੌਰ): ਪੀਲ ਰੀਜਨਲ ਪੁਲਿਸ ਨੇ ਹੈਮਿਲਟਨ ਦੇ 2 ਭਰਾਵਾਂ ਨੂੰ ਆਨਲਾਈਨ ਕਾਰੋਬਾਰ ਰਾਹੀਂ ਜਾਣਬੁੱਝ ਕੇ ਜਾਅਲੀ ਲਾਇਸੈਂਸ ਪਲੇਟਾਂ ਬਣਾਉਣ ਅਤੇ ਵੇਚਣ ਦੇ ਆਰੋਪ ਹੇਠ ਗ੍ਰਿਫਤਾਰ ਕੀਤਾ ਹੈ। ਪੁਲਿਸ ਦੀ ਰੋਡ ਸੇਫਟੀ ਸਰਵਿਸਿਜ਼ ਵੱਲੋਂ ਲੰਬੀ ਜਾਂਚ ਤੋਂ ਬਾਅਦ 7 ਅਪ੍ਰੈਲ ਨੂੰ ਹੈਮਿਲਟਨ ਦੇ 2 ਪਤਿਆਂ 'ਤੇ ਛਾਪੇਮਾਰੀ ਕੀਤੀ ਗਈ ਸੀ। ਇਸ ਕਾਰਵਾਈ ਦੌਰਾਨ 28 ਸਾਲਾ ਐਵਰੀ ਮੈਕਲਿਓਡ ਨੋਲਕ ਅਤੇ 27 ਸਾਲਾ ਟਾਈਲਰ ਮੈਥਿਊ ਮੈਕਲਿਓਡ ਨੂੰ ਬਿਨਾਂ ਕਿਸੇ ਵਿਰੋਧ ਦੇ ਕਾਬੂ ਕੀਤਾ ਗਿਆ। ਮੁਲਜ਼ਮਾਂ ਉੱਤੇ ਗੈਰ ਕਾਨੂੰਨੀ ਨਿਸ਼ਾਨ ਬਣਾਉਣ, ਵੇਚਣ, ਜਾਅਲੀ ਨਿਸ਼ਾਨ ਲਗਾਉਣ ਅਤੇ ਅਪਰਾਧ ਰਾਹੀਂ ਪ੍ਰਾਪਤ ਜਾਇਦਾਦ ਰੱਖਣ ਦੇ ਆਰੋਪ ਲਗਾਏ ਗਏ ਹਨ। ਡਿਪਟੀ ਚੀਫ ਮਾਰਕ ਐਂਡਰਿਊਜ਼ ਨੇ ਕਿਹਾ ਕਿ ਜਾਅਲੀ ਲਾਇਸੈਂਸ ਪਲੇਟਾਂ ਜਨਤਕ ਸੁਰੱਖਿਆ ਲਈ ਖਤਰਾ ਹਨ ਅਤੇ ਪੁਲਿਸ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਤਲਾਸ਼ੀ ਦੌਰਾਨ ਪੁਲਿਸ ਨੇ ਨਕਦੀ, ਪਲੇਟ ਪ੍ਰੈਸਿੰਗ ਮਸ਼ੀਨਾਂ, ਵੱਖ ਵੱਖ ਇਲਾਕਿਆਂ ਦੀਆਂ ਖਾਲੀ ਪਲੇਟਾਂ, ਪ੍ਰਚਾਰ ਸਮੱਗਰੀ, ਵਾਹਨ ਅਤੇ ਹੋਰ ਕਈ ਸਬੰਧਤ ਚੀਜ਼ਾਂ ਬਰਾਮਦ ਕੀਤੀਆਂ ਹਨ। ਪੁਲਿਸ ਦਾ ਦਾਅਵਾ ਹੈ ਕਿ ਇਹਨਾਂ ਜਾਅਲੀ ਲਾਇਸੈਂਸ ਪਲੇਟਾਂ ਦੀ ਵਰਤੋਂ ਪੂਰੇ ਕੈਨੇਡਾ ਵਿੱਚ ਧੋਖਾਧੜੀ, ਕਾਰ ਚੋਰੀ, ਹਿੰਸਾ ਅਤੇ ਹਥਿਆਰਾਂ ਨਾਲ ਸਬੰਧਤ ਅਪਰਾਧਾਂ ਵਿੱਚ ਕੀਤੀ ਗਈ ਹੈ। ਓਨਟਾਰੀਓ ਵਿੱਚ ਹੀ ਅਜਿਹੇ 30 ਤੋਂ ਵਧੇਰੇ ਮਾਮਲੇ ਸਾਹਮਣੇ ਆਏ ਹਨ। 1 ਮਾਮਲੇ ਵਿੱਚ 12 ਜੂਨ 2025 ਨੂੰ 1 ਵਿਅਕਤੀ ਇਹਨਾਂ ਜਾਅਲੀ ਪਲੇਟਾਂ ਵਾਲੇ ਚੋਰੀ ਦੇ ਵਾਹਨ ਵਿੱਚ ਪੁਲਿਸ ਤੋਂ ਭੱਜਦੇ ਸਮੇਂ ਡਿਕਸੀ ਰੋਡ 'ਤੇ ਹਾਦਸੇ ਦਾ ਸ਼ਿਕਾਰ ਹੋਇਆ ਸੀ। ਬਾਅਦ ਵਿੱਚ ਉਸ ਨੂੰ 1 ਹੋਰ ਵਾਹਨ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕਰ ਲਿਆ ਗਿਆ।


# ਬਿਲਨ ਫਾਰਮਜ਼ ਲਿਮਟਡ

## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

**ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ**

ਭੁਪਿੰਦਰ ਕੌਰ ਸਰਾਂ
ਸੂਪਰਵਾਈਜ਼ਰ
778-837-4410

ਗੁਰਜੀਤ ਬੋਇਆਲ
ਸੂਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਟਰੰਪ ਅਤੇ ਜਿਨਪਿੰਗ ਦੀ ਹੋਈ ਮੁਲਾਕਾਤ, ਜਿਨਪਿੰਗ ਨੇ ਵਪਾਰਕ ਭਾਗੀਦਾਰੀ ’ਤੇ ਦਿੱਤਾ ਜ਼ੋਰ

ਸਰੀ, (ਦਿਵਰੂਪ ਕੌਰ): ਬੀਜਿੰਗ ਦੇ ਗ੍ਰੇਟ ਹਾਲ ਆਫ ਦ ਪੀਪਲ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਹੋਈ ਇੱਕ ਉੱਚ-ਪੱਧਰੀ ਬੈਠਕ ਦੌਰਾਨ ਤਾਈਵਾਨ ਦਾ ਮੁੱਦਾ ਸਭ ਤੋਂ ਅਹਿਮ ਰਿਹਾ। ਜਿਨਪਿੰਗ ਨੇ ਰਾਸ਼ਟਰਪਤੀ ਟਰੰਪ ਨੂੰ ਬੰਦ ਕਮਰੇ ਵਿੱਚ ਹੋਈ ਗੱਲਬਾਤ ਦੌਰਾਨ ਸਪੱਸ਼ਟ ਚੇਤਾਵਨੀ ਦਿੱਤੀ ਕਿ ਜੇਕਰ ਤਾਈਵਾਨ ਨਾਲ ਸਬੰਧਤ ਮਾਮਲਿਆਂ ਨੂੰ ਸਹੀ ਢੰਗ ਨਾਲ ਨਾ ਸੰਭਾਲਿਆ ਗਿਆ ਤਾਂ ਦੋਵਾਂ ਮਹਾਂਸ਼ਕਤੀਆਂ ਵਿਚਕਾਰ ਗੰਭੀਰ ਟਕਰਾਅ ਪੈਦਾ ਹੋ ਸਕਦਾ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਅਨੁਸਾਰ ਜਿਨਪਿੰਗ ਨੇ ਤਾਈਵਾਨ ਨੂੰ ਅਮਰੀਕਾ ਅਤੇ ਚੀਨ ਦੇ ਸਬੰਧਾਂ ਵਿੱਚ ਸਭ ਤੋਂ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਕੜੀ ਦੱਸਿਆ ਹੈ।

ਬੈਠਕ ਦੌਰਾਨ ਚੀਨੀ ਆਗੂ ਨੇ ਕਿਹਾ ਕਿ ਜੇਕਰ ਤਾਈਵਾਨ ਮੁੱਦੇ ਨੂੰ ਸਹੀ ਤਰੀਕੇ ਨਾਲ ਹੱਲ ਕੀਤਾ ਜਾਂਦਾ ਹੈ ਤਾਂ ਦੁਵੱਲੇ ਸਬੰਧਾਂ ਵਿੱਚ ਸਥਿਰਤਾ ਬਣੀ ਰਹੇਗੀ, ਨਹੀਂ ਤਾਂ ਪੂਰਾ ਰਿਸ਼ਤਾ ਖਤਰੇ ਵਿੱਚ ਪੈ ਸਕਦਾ ਹੈ। ਹੈਰਾਨੀ ਦੀ ਗੱਲ ਇਹ ਰਹੀ ਕਿ ਜਦੋਂ ਜਿਨਪਿੰਗ ਇਹ ਗੰਭੀਰ ਚੇਤਾਵਨੀ ਦੇ ਰਹੇ ਸਨ, ਤਾਂ ਰਾਸ਼ਟਰਪਤੀ ਟਰੰਪ ਨੇ ਇਸ ‘ਤੇ ਕੋਈ ਸਿੱਧੀ ਪ੍ਰਤੀਕਿਰਿਆ ਨਹੀਂ ਦਿੱਤੀ ਅਤੇ ਉਹ ਅਗਲੇ ਵਿਸ਼ੇ ਵੱਲ ਵਧ ਗਏ। ਵਾਈਟ ਹਾਊਸ ਦੇ ਇੱਕ ਅਧਿਕਾਰੀ ਅਨੁਸਾਰ ਟਰੰਪ ਨੇ ਬੈਠਕ



ਦੌਰਾਨ ਚੀਨੀ ਇਤਰਾਜ਼ਾਂ ਨੂੰ ਮੰਨਣ ਦੀ ਬਜਾਏ ਹੋਰ ਮੁੱਦਿਆਂ ‘ਤੇ ਚਰਚਾ ਨੂੰ ਤਰਜੀਹ ਦਿੱਤੀ।

ਰਾਸ਼ਟਰਪਤੀ ਟਰੰਪ ਦੀ ਇਸ ਫੇਰੀ ਦਾ ਮੁੱਖ ਮਕਸਦ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਅਮਰੀਕੀ ਆਰਥਿਕਤਾ ਨੂੰ ਲਾਭ ਪਹੁੰਚਾਉਣ ਵਾਲੇ ਸਮਝੌਤੇ ਕਰਨਾ ਹੈ। ਉਹ ਆਪਣੇ ਨਾਲ ਕਈ ਪ੍ਰਮੁੱਖ ਅਮਰੀਕੀ ਕਾਰੋਬਾਰੀ ਆਗੂਆਂ ਨੂੰ ਵੀ ਲੈ ਕੇ ਆਏ ਹਨ। ਹਾਲਾਂਕਿ ਜਿਨਪਿੰਗ ਨੇ ਸੁਰੱਖਿਆ ਮੁੱਦਿਆਂ ‘ਤੇ ਜ਼ਿਆਦਾ ਜ਼ੋਰ ਦਿੱਤਾ ਹੈ, ਖ਼ਾਸਕਰ ਅਜਿਹੇ ਸਮੇਂ ਵਿੱਚ ਜਦੋਂ ਅਮਰੀਕਾ ਇਰਾਨ ਨਾਲ ਜੰਗ ਵਿੱਚ ਉਲਝਿਆ ਹੋਇਆ ਹੈ। ਇਸ ਜੰਗ ਕਾਰਨ ਫਾਰਸ ਦੀ ਖਾੜੀ ਵਿੱਚ ਊਰਜਾ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਟਰੰਪ ਚਾਹੁੰਦੇ ਹਨ ਕਿ ਚੀਨ ਫੈਡਰਲ ਪੱਧਰ ‘ਤੇ ਇਰਾਨ ‘ਤੇ ਦਬਾਅ ਪਾਵੇ ਤਾਂ ਜੋ ਤੇਲ ਦੀ ਸਪਲਾਈ ਸੁਖਾਲੀ ਹੋ ਸਕੇ।

ਦੂਜੇ ਪਾਸੇ ਚੀਨ ਆਪਣੀ ਸੁਸਤ ਹੁੰਦੀ ਆਰਥਿਕਤਾ ਦਰਮਿਆਨ ਖੁਦ ਨੂੰ ਇੱਕ ਸਥਿਰ ਵਿਕਲਪ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਬੈਠਕ ਦੀ ਸ਼ੁਰੂਆਤ ਵਿੱਚ ਟਰੰਪ ਨੇ ਜਿਨਪਿੰਗ ਨਾਲ ਆਪਣੇ ਨਿੱਜੀ ਸਬੰਧਾਂ ਦੀ ਸ਼ਲਾਘਾ ਕੀਤੀ ਅਤੇ ਇਸ ਮੁਲਾਕਾਤ ਨੂੰ ਇੱਕ ਵੱਡਾ ਸਨਮਾਨ ਦੱਸਿਆ। ਜ਼ਿਕਰਯੋਗ ਹੈ ਕਿ ਇਹ ਸਮਾਰੋਹ 2017 ਵਿੱਚ ਟਰੰਪ ਦੀ ਪਹਿਲੀ ਚੀਨ ਫੇਰੀ ਵਾਂਗ ਹੀ ਸ਼ਾਨਦਾਰ ਸੀ, ਜਿਸ ਵਿੱਚ 21 ਤੋਪਾਂ ਦੀ ਸਲਾਮੀ ਦਿੱਤੀ ਗਈ ਸੀ। ਤਾਈਵਾਨ ਨੂੰ ਦਿੱਤੀ ਜਾਣ ਵਾਲੀ ਫੌਜੀ ਸਹਾਇਤਾ ਚੀਨ ਲਈ ਲੰਬੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਰਹੀ ਹੈ ਅਤੇ ਇਸ ਬੈਠਕ ਨੇ ਦਰਸਾ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਦੇ ਸਬੰਧ ਕਿਸ ਦਿਸ਼ਾ ਵੱਲ ਜਾਣਗੇ। This report was written by Divroop Kaur as part of the Local Journalism Initiative.

# ਹੌਂਡਾ ਕੈਨੇਡਾ ਵੱਲੋਂ ਐਲਿਸਟਨ ਵਿੱਚ 15 ਬਿਲੀਅਨ ਡਾਲਰ ਦਾ ਈਵੀ ਪਲਾਂਟ ਪ੍ਰੋਜੈਕਟ ਰੱਦ

ਸਰੀ, (ਦਿਵਰੂਪ ਕੌਰ): ਹੌਂਡਾ ਕੈਨੇਡਾ ਨੇ ਓਨਟਾਰੀਓ ਦੇ ਐਲਿਸਟਨ ਵਿੱਚ ਆਪਣੇ 15 ਬਿਲੀਅਨ ਡਾਲਰ ਦੇ ਇਲੈਕਟ੍ਰਿਕ ਵਾਹਨ (ਈਵੀ) ਪਲਾਂਟ ਬਣਾਉਣ ਦੀ ਯੋਜਨਾ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਹੈ। ਜਾਪਾਨੀ ਕੰਪਨੀ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਇਸ ਦੀ ਪੁਸ਼ਟੀ ਕੀਤੀ ਹੈ। ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਫੈਸਲੇ ਦਾ ਐਲਿਸਟਨ ਵਿੱਚ ਮੌਜੂਦਾ 4200 ਨੌਕਰੀਆਂ ਜਾਂ ਉਤਪਾਦਨ ਉੱਤੇ ਕੋਈ ਅਸਰ ਨਹੀਂ ਪਵੇਗਾ।

ਕੰਪਨੀ ਅਨੁਸਾਰ ਇਹ ਫੈਸਲਾ ਬਦਲਦੇ ਵਪਾਰਕ ਹਾਲਾਤਾਂ ਅਤੇ ਗਾਹਕਾਂ ਦੀ ਮੰਗ ਵਿੱਚ ਆਏ ਬਦਲਾਅ ਕਾਰਨ ਲਿਆ ਗਿਆ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਖ਼ਬਰ ਨੂੰ ਨਿਰਾਸ਼ਾਜਨਕ ਦੱਸਿਆ ਅਤੇ ਕਿਹਾ ਕਿ ਕੰਪਨੀ ਦਾ ਫੈਸਲਾ ਸ਼ਾਇਦ ਵੱਧ ਰਹੀਆਂ



ਕੀਮਤਾਂ ਅਤੇ ਤਕਨੀਕੀ ਵਿਕਾਸ ਤੋਂ ਪ੍ਰਭਾਵਿਤ ਹੈ। ਇਹ ਪ੍ਰੋਜੈਕਟ 2024 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ 2028 ਤੱਕ ਇੱਥੇ ਹਰ ਸਾਲ 240000 ਵਾਹਨ ਬਣਾਉਣ ਦਾ ਟੀਚਾ ਸੀ। ਇਸ ਪਲਾਂਟ ਨਾਲ 1000 ਨਵੀਆਂ ਨੌਕਰੀਆਂ ਪੈਦਾ ਹੋਣ ਦੀ ਉਮੀਦ ਸੀ। ਫੈਡਰਲ ਸਰਕਾਰ ਅਤੇ ਓਨਟਾਰੀਓ ਸਰਕਾਰ ਵੱਲੋਂ ਇਸ ਪ੍ਰੋਜੈਕਟ ਲਈ 2.5 ਬਿਲੀਅਨ ਡਾਲਰ ਦੀ ਸਹਾਇਤਾ ਦਿੱਤੀ ਜਾਣੀ ਸੀ।

ਓਨਟਾਰੀਓ ਦੇ ਆਰਥਿਕ ਵਿਕਾਸ ਮੰਤਰੀ ਵਿਕ ਫੇਡੇਲੀ ਨੇ ਕਿਹਾ ਕਿ ਅਜੇ ਤੱਕ ਕੰਪਨੀ ਨੂੰ ਕੋਈ ਪੈਸਾ ਨਹੀਂ ਦਿੱਤਾ ਗਿਆ ਹੈ। ਉਦਯੋਗ ਮੰਤਰੀ ਮੇਲਾਨੀਆ ਜੋਲੀ ਦੇ ਦਫਤਰ ਨੇ ਕਿਹਾ ਕਿ ਅਮਰੀਕੀ ਟੈਰਿਫ ਅਤੇ ਨੀਤੀਆਂ ਕਾਰਨ ਆਟੋਮੇਕਰਾਂ ਉੱਤੇ ਦਬਾਅ ਪੈ ਰਿਹਾ ਹੈ। ਨਿਊ ਟੇਕੁਮਸੇਥ ਦੇ ਮੇਅਰ ਰਿਚਰਡ ਨੌਰਕ੍ਰਾਸ ਨੇ ਕਿਹਾ ਕਿ ਕੈਨੇਡਾ ਦੀ ਮੁਕਾਬਲੇਬਾਜ਼ੀ ਦੀ ਪਰਖ ਹੋ ਰਹੀ ਹੈ ਅਤੇ ਫੈਡਰਲ ਸਰਕਾਰ ਨੂੰ ਕੈਨੇਡੀਅਨ ਨਿਵੇਸ਼ ਨੂੰ ਸੁਰੱਖਿਅਤ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। This report was written by Divroop Kaur as part of the Local Journalism Initiative.


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
“Over 20 years experience as Denturist”
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।


BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।


BHUPINDER OBEROI
ਸਾਡਾ ਐਡਰੈੱਸ ਨੋਟ ਕਰੋ
604-864-8803
#3 32700 George Ferguson Way
Abbotsford, B.C. V1T 4V6
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Surrey (Kwantlen Square)
Unit # 105, 12568-72 Ave, Surrey
FREE SIGHT TEST

# ਜਬਰੀ ਵਸੂਲੀ ਵਿਰੁੱਧ ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਸਖ਼ਤ ਮੁਹਿੰਮ ਤਹਿਤ 55 ਵਿਅਕਤੀਆਂ ਨੂੰ ਦਿੱਤਾ ਦੇਸ਼ ਨਿਕਾਲਾ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਜਬਰੀ ਵਸੂਲੀ (Extortion) ਨਾਲ ਸਬੰਧਤ ਅਪਰਾਧਾਂ ਵਿੱਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ ਅਤੇ ਦੋਸ਼ੀਆਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਵਿੱਚ ਅਹਿਮ ਸਫਲਤਾ ਹਾਸਲ ਹੋਈ ਹੈ। ਮੰਗਲਵਾਰ 12 ਮਈ ਨੂੰ ਹੋਈ ਇੱਕ ਸੂਬਾਈ ਗੋਲਮੇਜ਼ ਕਾਨਫਰੰਸ ਦੌਰਾਨ ਜਨਤਕ ਸੁਰੱਖਿਆ ਮੰਤਰੀ ਅਤੇ ਵੱਖ-ਵੱਖ ਸੁਰੱਖਿਆ ਏਜੰਸੀਆਂ ਦੇ ਮੁਖੀਆਂ ਨੇ ਇਹ ਜਾਣਕਾਰੀ ਸਾਂਝੀ ਕੀਤੀ। ਕਮਿਊਨਿਟੀ ਐਡਵਾਈਜ਼ਰੀ ਗਰੁੱਪ ਦੇ ਚੇਅਰਮੈਨ ਪਾਲ ਡਡਵਾਲ ਨੇ ਦੱਸਿਆ ਕਿ ਪਿਛਲੇ 3 ਮਹੀਨਿਆਂ ਵਿੱਚ ਪੁਲਿਸ, ਫੈਡਰਲ ਏਜੰਸੀਆਂ ਅਤੇ ਪੀੜਤ ਪਰਿਵਾਰਾਂ ਨਾਲ 60 ਤੋਂ ਵੱਧ ਮੀਟਿੰਗਾਂ ਕੀਤੀਆਂ ਗਈਆਂ ਹਨ ਤਾਂ ਜੋ ਇਸ ਗੰਭੀਰ ਸਮੱਸਿਆ ਦਾ ਪੱਕਾ ਹੱਲ ਕੱਢਿਆ ਜਾ ਸਕੇ।




ਬੀਸੀ ਆਰਸੀਐਮਪੀ ਦੇ ਡਿਪਟੀ ਕਮਿਸ਼ਨਰ ਡਵੇਨ ਮੈਕਡੋਨਲਡ ਅਨੁਸਾਰ ਪੁਲਿਸ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਸਾਂਝੇ ਯਤਨਾਂ ਸਦਕਾ ਸ਼ੱਕੀਆਂ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਨੂੰ ਸੂਬੇ ਵਿੱਚੋਂ ਬਾਹਰ ਕੱਢਣ ਵਿੱਚ ਕਾਮਯਾਬੀ ਮਿਲੀ ਹੈ। ਸੀਬੀਐਸਏ ਦੀ ਖੇਤਰੀ ਡਾਇਰੈਕਟਰ ਨੀਨਾ ਪਟੇਲ ਨੇ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ 7 ਮਈ ਤੱਕ ਜਬਰੀ ਵਸੂਲੀ ਵਿੱਚ ਸ਼ਾਮਲ ਸ਼ੱਕੀ ਵਿਦੇਸ਼ੀ ਨਾਗਰਿਕਾਂ ਵਿਰੁੱਧ 446 ਇਮੀਗ੍ਰੇਸ਼ਨ ਜਾਂਚਾਂ ਸ਼ੁਰੂ ਕੀਤੀਆਂ ਗਈਆਂ ਹਨ। ਹੁਣ ਤੱਕ ਕੈਨੇਡਾ ਵਿੱਚੋਂ 55 ਲੋਕਾਂ ਨੂੰ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਕੁੱਲ 118 ਨਿਕਾਸੀ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ। ਪੁਲਿਸ ਅਧਿਕਾਰੀਆਂ ਨੇ ਕਮਿਊਨਿਟੀ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਇਹ ਅਪਰਾਧਿਕ ਗਰੋਹ ਡਾਰਕ ਵੈੱਬ ਅਤੇ ਐਨਕ੍ਰਿਪਸ਼ਨ ਵਰਗੀ ਤਕਨੀਕ ਦੀ ਵਰਤੋਂ ਕਰਦੇ ਹਨ। ਐਬਟਸਫੋਰਡ ਪੁਲਿਸ ਚੀਫ ਕੋਲਿਨ ਵਾਟਸਨ ਨੇ ਲੋਕਾਂ ਨੂੰ ਸਪੱਸ਼ਟ ਸਲਾਹ ਦਿੱਤੀ ਹੈ ਕਿ ਜਬਰੀ ਵਸੂਲੀ ਕਰਨ ਵਾਲਿਆਂ ਨੂੰ ਕਿਸੇ ਵੀ ਸੂਰਤ ਵਿੱਚ ਪੈਸੇ ਨਾ ਦਿੱਤੇ ਜਾਣ। ਉਨ੍ਹਾਂ ਅਨੁਸਾਰ ਪੈਸੇ ਦੇਣ ਨਾਲ ਇਹ ਅਪਰਾਧ ਇੱਕ ਮੁਨਾਫੇ ਵਾਲਾ ਧੰਦਾ ਬਣ ਜਾਂਦਾ ਹੈ, ਜਿਸ ਨਾਲ ਹੋਰ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ। ਪੀੜਤਾਂ ਨੂੰ ਤੁਰੰਤ ਪੁਲਿਸ ਨਾਲ ਸੰਪਰਕ ਕਰਕੇ ਸੁਰੱਖਿਆ ਯੋਜਨਾ ਤਿਆਰ ਕਰਨ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਇਸ ਸਬੰਧੀ ਅਗਲੀ ਰਣਨੀਤੀ ਬਣਾਉਣ ਲਈ 15 ਮਈ ਨੂੰ ਐਡਮੰਟਨ ਵਿੱਚ ਦੇਸ਼ ਭਰ ਦੀਆਂ ਪੁਲਿਸ ਏਜੰਸੀਆਂ ਦੀ ਇੱਕ ਅਹਿਮ ਮੀਟਿੰਗ ਹੋਵੇਗੀ। This report was written by Divroop Kaur as part of the Local Journalism Initiative.

# ਬੀ.ਸੀ. ਹਾਈਡਰੋ ਵੱਲੋਂ 4 ਨਵੇਂ ਪੌਣ ਊਰਜਾ ਪ੍ਰੋਜੈਕਟਾਂ ਦਾ ਐਲਾਨ, 350,000 ਘਰਾਂ ਨੂੰ ਮਿਲੇਗੀ ਬਿਜਲੀ

ਸਰੀ, (ਦਿਵਰੂਪ ਕੌਰ): ਬੀ.ਸੀ. ਹਾਈਡਰੋ ਵੱਲੋਂ ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਆਪਣੀ ਦੂਜੀ ਪਹਿਲਕਦਮੀ ਤਹਿਤ 4 ਨਵੇਂ ਪੌਣ ਊਰਜਾ ਪ੍ਰੋਜੈਕਟਾਂ ਦੀ ਚੋਣ ਕੀਤੀ ਗਈ ਹੈ। ਊਰਜਾ ਅਤੇ ਜਲਵਾਯੂ ਹੱਲ ਮੰਤਰੀ ਐਡਰੀਅਨ ਡਿਕਸ ਨੇ ਬੁੱਧਵਾਰ 13 ਮਈ ਨੂੰ ਵੈਨਕੂਵਰ ਵਿੱਚ ਇਨ੍ਹਾਂ ਪ੍ਰੋਜੈਕਟਾਂ ਦਾ ਐਲਾਨ ਕਰਦਿਆਂ ਦੱਸਿਆ ਕਿ ਇਨ੍ਹਾਂ ਵਿੱਚੋਂ 3 ਪ੍ਰੋਜੈਕਟ ਪੀਸ ਖੇਤਰ ਵਿੱਚ ਲਗਾਏ ਜਾਣਗੇ, ਜਦਕਿ ਚੌਥਾ ਪ੍ਰੋਜੈਕਟ ਸੂਬੇ ਦੇ ਦੱਖਣੀ ਅੰਦਰੂਨੀ ਹਿੱਸੇ ਵਿੱਚ ਸਥਾਪਿਤ ਹੋਵੇਗਾ। ਇਹ ਪ੍ਰੋਜੈਕਟ ਸੂਬੇ ਦੀ ਊਰਜਾ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਵਾਤਾਵਰਣ ਪੱਖੀ ਬਿਜਲੀ ਪੈਦਾ ਕਰਨ ਵੱਲ ਇੱਕ ਵੱਡਾ ਕਦਮ ਮੰਨੇ ਜਾ ਰਹੇ ਹਨ।

ਚੁਣੇ ਗਏ ਪ੍ਰੋਜੈਕਟਾਂ ਵਿੱਚ ਡਾਸਨ ਕਰੀਕ ਵਿਖੇ ਬੈਸੀ ਵਿੰਡ ਪ੍ਰੋਜੈਕਟ ਸ਼ਾਮਲ ਹੈ, ਜਿਸ ਦੀ ਸਮਰੱਥਾ 251 ਮੈਗਾਵਾਟ ਹੋਵੇਗੀ। ਵੈਸਟ ਕੈਲੋਨਾ ਵਿੱਚ ਸਥਿਤ ਨਿਕੋਲਾ ਵਿੰਡ ਪ੍ਰੋਜੈਕਟ ਸਭ ਤੋਂ ਵੱਡਾ ਹੈ, ਜਿਸ ਦੀ ਸਮਰੱਥਾ 496 ਮੈਗਾਵਾਟ ਨਿਰਧਾਰਿਤ ਕੀਤੀ ਗਈ ਹੈ। ਇਸ ਤੋਂ ਇਲਾਵਾ ਡਾਸਨ ਕਰੀਕ ਵਿੱਚ ਹੀ ਸਵੀਟਵਾਟਰ ਵਿੰਡ ਪ੍ਰੋਜੈਕਟ 210 ਮੈਗਾਵਾਟ ਅਤੇ ਟੇਲਰ ਖੇਤਰ ਵਿੱਚ ਟੇਲਰ ਸਾਊਥ ਵਿੰਡ ਪ੍ਰੋਜੈਕਟ 201 ਮੈਗਾਵਾਟ ਬਿਜਲੀ ਪੈਦਾ ਕਰੇਗਾ। ਬੀ.ਸੀ. ਹਾਈਡਰੋ ਇਨ੍ਹਾਂ ਚਾਰਾਂ ਪ੍ਰੋਜੈਕਟਾਂ ਨਾਲ 30 ਸਾਲਾਂ ਲਈ ਬਿਜਲੀ ਖਰੀਦ ਦੇ ਸਮਝੌਤੇ ਕਰ ਰਿਹਾ ਹੈ, ਜੋ ਸਥਿਰ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣਗੇ।

ਇਹ ਪ੍ਰੋਜੈਕਟ ਸਾਲਾਨਾ 3,500 ਗੀਗਾਵਾਟ ਘੰਟੇ ਬਿਜਲੀ ਪੈਦਾ ਕਰਨਗੇ, ਜੋ ਕਿ ਲਗਭਗ 350,000 ਵਾਧੂ ਘਰਾਂ ਨੂੰ ਰੌਸ਼ਨ ਕਰਨ ਲਈ ਕਾਫੀ ਹੈ। ਇਸ ਨਾਲ ਬੀ.ਸੀ. ਹਾਈਡਰੋ ਦੀ ਮੌਜੂਦਾ ਸਪਲਾਈ ਵਿੱਚ 5




ਫੀਸਦੀ ਦਾ ਵਾਧਾ ਹੋਵੇਗਾ। ਉਮੀਦ ਜਤਾਈ ਜਾ ਰਹੀ ਹੈ ਕਿ ਇਹ ਪ੍ਰੋਜੈਕਟ 2032 ਦੇ ਸ਼ੁਰੂ ਵਿੱਚ ਕੰਮ ਕਰਨਾ ਸ਼ੁਰੂ ਕਰ ਦੇਣਗੇ ਅਤੇ ਅਕਤੂਬਰ 2033 ਤੱਕ ਸਾਰੇ ਪ੍ਰੋਜੈਕਟ ਪੂਰੀ ਤਰ੍ਹਾਂ ਸੇਵਾ ਵਿੱਚ ਆ ਜਾਣਗੇ। ਸੂਬਾ ਸਰਕਾਰ ਅਨੁਸਾਰ ਇਨ੍ਹਾਂ ਪ੍ਰੋਜੈਕਟਾਂ ਦੇ ਵਿਕਾਸ ਅਤੇ ਉਸਾਰੀ ਨਾਲ ਨਿੱਜੀ ਖੇਤਰ ਵਿੱਚ 4.3 ਬਿਲੀਅਨ ਡਾਲਰ ਦਾ ਨਿਵੇਸ਼ ਹੋਵੇਗਾ ਅਤੇ ਪੂਰੇ ਸੂਬੇ ਵਿੱਚ 1,500 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

ਇਸ ਵਾਰ ਦੇ ਪ੍ਰੋਜੈਕਟਾਂ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਫਰਸਟ ਨੇਸ਼ਨਜ਼ ਭਾਈਚਾਰਿਆਂ ਦੀ ਵੱਡੀ ਹਿੱਸੇਦਾਰੀ ਹੈ। ਹਾਲਾਂਕਿ ਸਰਕਾਰ ਨੇ ਘੱਟੋ-ਘੱਟ 25 ਫੀਸਦੀ ਹਿੱਸੇਦਾਰੀ ਦੀ ਸ਼ਰਤ ਰੱਖੀ ਸੀ, ਪਰ ਚੁਣੇ ਗਏ ਚਾਰਾਂ ਪ੍ਰੋਜੈਕਟਾਂ ਵਿੱਚ ਫਰਸਟ ਨੇਸ਼ਨਜ ਦੀ 51 ਫੀਸਦੀ ਇਕੁਇਟੀ ਹਿੱਸੇਦਾਰੀ ਹੈ। ਇਹ ਨਵੀਨੀਕਰਨ ਯੋਗ ਊਰਜਾ ਦੇ ਖੇਤਰ ਵਿੱਚ ਫਰਸਟ ਨੇਸ਼ਨਜ਼ ਦੇ 2 ਬਿਲੀਅਨ ਡਾਲਰ ਤੋਂ ਵੱਧ ਦੇ ਮਾਲਕੀ ਹੱਕਾਂ ਨੂੰ ਦਰਸਾਉਂਦਾ ਹੈ। ਇਹ ਕਦਮ ਆਰਥਿਕ ਸੁਲ੍ਹਾ-ਸਫਾਈ ਅਤੇ ਸਥਾਨਕ ਭਾਈਚਾਰਿਆਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਵੱਲ ਇੱਕ ਇਤਿਹਾਸਕ ਪ੍ਰਾਪਤੀ ਹੈ।

ਬੀ.ਸੀ. ਹਾਈਡਰੋ ਦੀ ਪ੍ਰਧਾਨ ਸ਼ਾਰਲੋਟ ਮਿਥਾ ਨੇ ਕਿਹਾ ਕਿ ਇਹ ਪ੍ਰੋਜੈਕਟ ਗਾਹਕਾਂ ਦੀ ਵਧਦੀ ਮੰਗ ਅਤੇ ਸਪਲਾਈ ਵਿੱਚ ਸੰਤੁਲਨ ਬਣਾਉਣ ਲਈ ਬੇਹੱਦ ਜ਼ਰੂਰੀ ਹਨ। ਉਨ੍ਹਾਂ ਅਨੁਸਾਰ ਮੁਕਾਬਲੇਬਾਜ਼ੀ ਵਾਲੀ ਪਹੁੰਚ ਰਾਹੀਂ ਪ੍ਰੋਜੈਕਟਾਂ ਦੀ ਚੋਣ ਕਰਨ ਨਾਲ ਬਿਜਲੀ ਦੀਆਂ ਦਰਾਂ ਨੂੰ ਕਿਫਾਇਤੀ ਰੱਖਣ ਵਿੱਚ ਮਦਦ ਮਿਲਦੀ ਹੈ। ਬੀ.ਸੀ. ਹਾਈਡਰੋ ਨੂੰ ਇਸ ਵਾਰ ਕੁੱਲ 14 ਪ੍ਰਸਤਾਵ ਪ੍ਰਾਪਤ ਹੋਏ ਸਨ, ਜੋ ਕਿ ਨਿਰਧਾਰਿਤ ਟੀਚੇ ਨਾਲੋਂ ਲਗਭਗ ਦੁੱਗਣੇ ਸਨ। ਇਹ ਸੂਬੇ ਵਿੱਚ ਸਾਫ਼ ਊਰਜਾ ਦੇ ਉਦਯੋਗ ਵਿੱਚ ਨਿਵੇਸ਼ਕਾਂ ਦੇ ਭਾਰੀ ਉਤਸ਼ਾਹ ਨੂੰ ਪ੍ਰਗਟ ਕਰਦਾ ਹੈ।

ਮੰਤਰੀ ਐਡਰੀਅਨ ਡਿਕਸ ਨੇ ਅੱਗੇ ਕਿਹਾ ਕਿ 2024 ਅਤੇ 2025 ਦੇ ਪ੍ਰੋਜੈਕਟਾਂ ਨੂੰ ਮਿਲਾ ਕੇ 2033 ਤੱਕ ਸਾਲਾਨਾ 8,500 ਗੀਗਾਵਾਟ ਘੰਟੇ ਸਾਫ਼ ਬਿਜਲੀ ਸਿਸਟਮ ਵਿੱਚ ਸ਼ਾਮਲ ਹੋਵੇਗੀ। ਇਹ 850,000 ਘਰਾਂ ਨੂੰ ਬਿਜਲੀ ਦੇਣ ਦੇ ਬਰਾਬਰ ਹੈ ਅਤੇ ਸੂਬੇ ਦੀ ਕੁੱਲ ਸਪਲਾਈ ਵਿੱਚ 13 ਫੀਸਦੀ ਦਾ ਵਾਧਾ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਫੈਡਰਲ ਅਤੇ ਸੂਬਾਈ ਪੱਧਰ 'ਤੇ ਅਪਣਾਈਆਂ ਜਾ ਰਹੀਆਂ ਨੀਤੀਆਂ ਅਤੇ ਫਰਸਟ ਨੇਸ਼ਨਜ਼ ਨਾਲ ਮਿਲ ਕੇ ਕੀਤਾ ਜਾ ਰਿਹਾ ਕੰਮ ਬੀ.ਸੀ. ਨੂੰ ਊਰਜਾ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਸਹਾਈ ਹੋਵੇਗਾ। This report was written by Divroop Kaur as part of the Local Journalism Initiative.

# ਵਿਸ਼ਵ ਕੱਪ ਦੇ ਖਰਚਿਆਂ ਦਾ ਵੇਰਵਾ ਇਸੇ ਮਹੀਨੇ ਹੋਵੇਗਾ ਜਨਤਕ: ਪ੍ਰੀਮੀਅਰ ਡੇਵਿਡ ਈਬੀ

ਸਰੀ, (ਦਿਵਰੂਪ ਕੌਰ): ਪ੍ਰੀਮੀਅਰ ਡੇਵਿਡ ਈਬੀ ਨੇ ਇੱਕ ਅਹਿਮ ਐਲਾਨ ਕਰਦਿਆਂ ਕਿਹਾ ਹੈ ਕਿ ਆਉਣ ਵਾਲੇ ਫੀਫਾ ਵਿਸ਼ਵ ਕੱਪ 'ਤੇ ਹੋਣ ਵਾਲੇ ਕੁੱਲ ਖਰਚਿਆਂ ਦਾ ਪੂਰਾ ਅਤੇ ਅੰਤਿਮ ਵੇਰਵਾ ਇਸੇ ਮਹੀਨੇ ਦੇ ਅੰਤ ਤੱਕ ਜਨਤਕ ਕਰ ਦਿੱਤਾ ਜਾਵੇਗਾ। ਮੰਗਲਵਾਰ, 12 ਮਈ ਨੂੰ ਵੈਨਕੂਵਰ ਦੇ ਬੀਸੀ ਪਲੇਸ ਸਟੇਡੀਅਮ ਦੇ ਦੌਰੇ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰੀਮੀਅਰ ਨੇ ਭਰੋਸਾ ਦਿੱਤਾ ਕਿ ਸਰਕਾਰ ਪਾਰਦਰਸ਼ਤਾ ਦੇ ਮੁੱਦੇ 'ਤੇ ਪੂਰੀ ਤਰ੍ਹਾਂ ਗੰਭੀਰ ਹੈ। ਇਹ ਦੌਰਾ ਸਟੇਡੀਅਮ ਵਿੱਚ ਕੀਤੇ ਜਾ ਰਹੇ ਅਪਗ੍ਰੇਡ ਕਾਰਜਾਂ ਦਾ ਜਾਇਜ਼ਾ ਲੈਣ ਲਈ ਰੱਖਿਆ ਗਿਆ ਸੀ, ਜੋ 13 ਜੂਨ ਨੂੰ ਹੋਣ ਵਾਲੇ ਪਹਿਲੇ ਮੈਚ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣਗੇ। ਪ੍ਰੀਮੀਅਰ ਨੇ ਸਪੱਸ਼ਟ ਕੀਤਾ ਕਿ ਜਨਤਾ ਨੂੰ ਇਸ ਮੈਗਾ ਈਵੈਂਟ 'ਤੇ ਹੋਣ ਵਾਲੇ ਹਰ ਪੈਸੇ ਦੇ ਖਰਚੇ ਬਾਰੇ ਜਾਣਨ ਦਾ ਪੂਰਾ ਹੱਕ ਹੈ।

ਵਿਸ਼ਵ ਕੱਪ ਦੇ ਖਰਚਿਆਂ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਚਰਚਾ ਗਰਮ ਹੈ। ਜੂਨ 2025 ਦੇ ਅਨੁਮਾਨਾਂ ਅਨੁਸਾਰ ਇਸ ਖੇਡ ਮੇਲੇ 'ਤੇ 532 ਮਿਲੀਅਨ ਡਾਲਰ ਤੋਂ ਲੈ ਕੇ 624 ਮਿਲੀਅਨ ਡਾਲਰ ਤੱਕ ਦਾ ਖਰਚਾ ਹੋਣ ਦੀ ਸੰਭਾਵਨਾ ਜਤਾਈ ਗਈ ਸੀ। ਹਾਲਾਂਕਿ ਹੁਣ ਇਹ ਖ਼ਬਰਾਂ ਸਾਹਮਣੇ ਆ ਰਹੀਆਂ ਹਨ ਕਿ ਇਹ ਖਰਚਾ ਪਿਛਲੇ ਅਨੁਮਾਨਾਂ ਨਾਲੋਂ ਲਗਭਗ 43 ਮਿਲੀਅਨ ਡਾਲਰ ਵਧ ਸਕਦਾ ਹੈ।




ਪ੍ਰੀਮੀਅਰ ਈਬੀ ਨੇ ਇਨ੍ਹਾਂ ਅੰਕੜਿਆਂ 'ਤੇ ਸਿੱਧਾ ਕੋਈ ਟਿੱਪਣੀ ਤਾਂ ਨਹੀਂ ਕੀਤੀ ਪਰ ਉਨ੍ਹਾਂ ਨੇ ਇਹ ਜ਼ਰੂਰ ਕਿਹਾ ਕਿ ਸਰਕਾਰ ਆਪਣੇ ਸਾਰੇ ਭਾਈਵਾਲਾਂ ਨਾਲ ਤਾਲਮੇਲ ਕਰ ਰਹੀ ਹੈ ਤਾਂ ਜੋ ਖਰਚਿਆਂ ਦਾ ਪੂਰਾ ਵੇਰਵਾ ਸਮੇਂ ਸਿਰ ਲੋਕਾਂ ਦੇ ਸਾਹਮਣੇ ਰੱਖਿਆ ਜਾ ਸਕੇ। ਉਨ੍ਹਾਂ ਮੁਤਾਬਕ ਪਹਿਲਾਂ ਇਹ ਵੇਰਵਾ ਮੈਚਾਂ ਦੇ ਨੇੜੇ ਜਾਰੀ ਕਰਨ ਦੀ ਯੋਜਨਾ ਸੀ, ਪਰ ਹੁਣ ਇਸ ਨੂੰ ਜਲਦ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸੁਰੱਖਿਆ ਪ੍ਰਬੰਧਾਂ ਲਈ ਫੰਡਾਂ ਬਾਰੇ ਜਾਣਕਾਰੀ ਦਿੰਦਿਆਂ ਪ੍ਰੀਮੀਅਰ ਨੇ ਦੱਸਿਆ ਕਿ ਫੈਡਰਲ ਸਰਕਾਰ ਨਾਲ ਇੱਕ ਅਹਿਮ ਸਮਝੌਤਾ ਸਿਰੇ ਚੜ੍ਹ ਗਿਆ ਹੈ। ਅਪ੍ਰੈਲ ਦੇ ਅੰਤ ਵਿੱਚ ਕੈਨੇਡਾ ਸਰਕਾਰ ਨੇ ਵੈਨਕੂਵਰ ਅਤੇ ਟੋਰਾਂਟੋ ਵਿੱਚ ਹੋਣ ਵਾਲੇ ਵਿਸ਼ਵ ਕੱਪ ਮੈਚਾਂ ਦੀ ਸੁਰੱਖਿਆ ਲਈ 145 ਮਿਲੀਅਨ ਡਾਲਰ ਦੇ ਫੰਡਾਂ ਦਾ ਐਲਾਨ ਕੀਤਾ ਹੈ। ਇਹ ਰਾਸ਼ੀ ਮੇਜ਼ਬਾਨ ਸੂਬਿਆਂ ਅਤੇ ਸ਼ਹਿਰਾਂ ਦੁਆਰਾ ਪਛਾਣੀਆਂ ਗਈਆਂ ਵਿਸ਼ੇਸ਼ ਲੋੜਾਂ ਅਤੇ ਅਪਰੇਸ਼ਨਲ ਕੰਮਾਂ ਲਈ ਵਰਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰੀਮੀਅਰ ਨੇ ਵਿਸ਼ਵ ਕੱਪ ਦੇ ਸੂਬੇ ਦੀ ਆਰਥਿਕਤਾ ਅਤੇ ਸੈਰ-ਸਪਾਟਾ ਉਦਯੋਗ 'ਤੇ ਪੈਣ ਵਾਲੇ ਸਕਾਰਾਤਮਕ ਪ੍ਰਭਾਵਾਂ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਈਵੈਂਟ ਵੱਡੇ ਨਿਵੇਸ਼ਕਾਂ ਨੂੰ ਸੂਬੇ ਵੱਲ ਖਿੱਚਣ ਵਿੱਚ ਮਦਦਗਾਰ ਸਾਬਤ ਹੋਵੇਗਾ। ਟਿਕਟਾਂ ਦੀ ਨੀਤੀ ਬਾਰੇ ਗੱਲ ਕਰਦਿਆਂ ਪ੍ਰੀਮੀਅਰ ਡੇਵਿਡ ਈਬੀ ਨੇ ਬੇਹੱਦ ਸਖ਼ਤ ਰੁਖ ਅਖਤਿਆਰ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਸਿਆਸਤਦਾਨਾਂ ਨੂੰ ਟੈਕਸ ਦਾਤਾਵਾਂ ਦੇ ਪੈਸੇ 'ਤੇ ਮੁਫਤ ਟਿਕਟਾਂ ਨਹੀਂ ਦੇਵੇਗੀ। ਪਿਛਲੀ ਸਰਕਾਰ ਵੱਲੋਂ ਓਲੰਪਿਕ ਦੌਰਾਨ ਅਪਣਾਈ ਗਈ ਪਹੁੰਚ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਜਨਤਾ ਦੇ ਪੈਸੇ ਨਾਲ ਨੇਤਾਵਾਂ ਲਈ ਟਿਕਟਾਂ ਖਰੀਦੀਆਂ ਗਈਆਂ ਸਨ, ਪਰ ਇਸ ਵਾਰ ਅਜਿਹਾ ਨਹੀਂ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਲੋਕ, ਜੋ ਮੈਚ ਦੇਖਣ ਲਈ ਉਤਸ਼ਾਹਿਤ ਹਨ ਅਤੇ ਟਿਕਟ ਦੀ ਕੀਮਤ ਅਦਾ ਕਰਨ ਲਈ ਤਿਆਰ ਹਨ, ਉਨ੍ਹਾਂ ਨੂੰ ਹੀ ਤਰਜੀਹ ਦਿੱਤੀ ਜਾਵੇਗੀ। ਆਉਣ ਵਾਲੇ ਵੀਰਵਾਰ ਨੂੰ ਇੱਕ ਹੋਰ ਸਮਾਗਮ ਵਿੱਚ ਟਿਕਟਾਂ ਦੀ ਨੀਤੀ ਅਤੇ ਸਰਕਾਰ ਦੀਆਂ ਕਾਰੋਬਾਰੀ ਯੋਜਨਾਵਾਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਸਾਂਝੀ ਕੀਤੀ ਜਾਵੇਗੀ। This report was written by Divroop Kaur as part of the Local Journalism Initiative.

# ਬ੍ਰਿਟਿਸ਼ ਕੋਲੰਬੀਆ ਵਿੱਚ ਓਵਰਡੋਜ਼ ਨਸ਼ਿਆਂ ਦਾ ਕਹਿਰ ਜਾਰੀ, ਮਾਰਚ ਮਹੀਨੇ ਵਿੱਚ 135 ਲੋਕਾਂ ਨੇ ਗਵਾਈ ਜਾਨ

## ਸਾਲ 2026 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ 401 ਲੋਕਾਂ ਦੀ ਮੌਤ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਓਵਰਡੋਜ਼ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀ.ਸੀ. ਕੋਰੋਨਰ ਸੇਵਾ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਮਾਰਚ 2026 ਦੇ ਮਹੀਨੇ ਦੌਰਾਨ ਸੂਬੇ ਵਿੱਚ 135 ਲੋਕਾਂ ਦੀ ਸ਼ੱਕੀ ਜ਼ਹਿਰੀਲੇ ਨਸ਼ਿਆਂ ਕਾਰਨ ਮੌਤ ਹੋ ਗਈ। ਇਹ ਅੰਕੜਾ ਦਰਸਾਉਂਦਾ ਹੈ ਕਿ ਸੂਬੇ ਵਿੱਚ ਹਰ ਰੋਜ਼ ਲਗਭਗ 4.4 ਲੋਕ ਆਪਣੀ ਜਾਨ ਗਵਾ ਰਹੇ ਹਨ। ਫਰਵਰੀ ਮਹੀਨੇ ਦੇ ਮੁਕਾਬਲੇ ਮਾਰਚ ਵਿੱਚ ਮੌਤਾਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਦੇਖਿਆ ਗਿਆ ਹੈ, ਜਿੱਥੇ ਫਰਵਰੀ ਵਿੱਚ 116 ਮੌਤਾਂ ਦਰਜ ਕੀਤੀਆਂ ਗਈਆਂ ਸਨ ਜੋ ਰੋਜ਼ਾਨਾ ਔਸਤਨ 4.1 ਬਣਦੀਆਂ ਸਨ।

ਸਾਲ 2026 ਦੇ ਪਹਿਲੇ ਤਿੰਨ ਮਹੀਨਿਆਂ ਦੇ ਸਮੁੱਚੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਹੁਣ ਤੱਕ ਕੁੱਲ 401 ਲੋਕ ਇਸ ਸੰਕਟ ਦੀ ਭੇਟ ਚੜ੍ਹ ਚੁੱਕੇ ਹਨ। ਕੋਰੋਨਰ ਸੇਵਾ ਦੀ ਰਿਪੋਰਟ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਸਾਲ ਹੋਈਆਂ ਕੁੱਲ ਮੌਤਾਂ ਵਿੱਚੋਂ 68 ਫੀਸਦੀ ਲੋਕ 30 ਤੋਂ 59 ਸਾਲ ਦੀ ਉਮਰ ਦੇ ਸਨ। ਇਸ ਤੋਂ ਵੀ ਵੱਧ ਚਿੰਤਾਜਨਕ ਇਹ ਹੈ ਕਿ ਮਰਨ ਵਾਲਿਆਂ ਵਿੱਚ 78 ਫੀਸਦੀ ਮਰਦਾਂ ਦੇ ਨਾਲ ਔਰਤਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਸਾਲ 2026 ਵਿੱਚ ਹੁਣ ਤੱਕ 18 ਸਾਲ ਜਾਂ ਇਸ ਤੋਂ ਘੱਟ ਉਮਰ ਦੇ 2 ਨੌਜਵਾਨਾਂ ਦੀ ਵੀ ਮੌਤ ਹੋ ਚੁੱਕੀ ਹੈ, ਜੋ ਇਸ ਸੰਕਟ ਦੀ ਗੰਭੀਰਤਾ ਨੂੰ ਬਿਆਨ ਕਰਦੀ ਹੈ।

ਖੇਤਰੀ ਅਧਾਰ 'ਤੇ ਫਰੇਜ਼ਰ ਹੈਲਥ ਅਤੇ ਵੈਨਕੂਵਰ ਕੋਸਟਲ ਹੈਲਥ ਅਥਾਰਿਟੀਜ਼ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਰਹੇ ਹਨ। ਇਨ੍ਹਾਂ ਦੋਵਾਂ ਖੇਤਰਾਂ ਵਿੱਚ ਕ੍ਰਮਵਾਰ 101 ਅਤੇ 107 ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਹ ਦੋਵੇਂ ਹੈਲਥ ਅਥਾਰਿਟੀਜ਼ ਸੂਬੇ ਵਿੱਚ ਇਸ ਸਾਲ ਹੋਈਆਂ ਕੁੱਲ ਮੌਤਾਂ ਦਾ ਲਗਭਗ 52 ਫੀਸਦੀ ਹਿੱਸਾ ਬਣਦੀਆਂ ਹਨ। ਸਰਕਾਰ ਅਤੇ ਸਿਹਤ ਵਿਭਾਗ ਲਈ ਇਹ ਇੱਕ ਵੱਡੀ ਚੁਣੌਤੀ ਹੈ ਕਿ ਮੌਤਾਂ ਦੀ ਇਹ ਉੱਚੀ ਸੰਖਿਆ ਉਨ੍ਹਾਂ ਇਲਾਕਿਆਂ ਵਿੱਚ ਹੈ ਜਿੱਥੇ ਆਬਾਦੀ ਦੀ ਘਣਤਾ ਸਭ ਤੋਂ ਜ਼ਿਆਦਾ ਹੈ।



### 2016 'ਚ ਜਨਤਕ ਸਿਹਤ ਐਮਰਜੈਂਸੀ ਐਲਾਨ ਦੇ ਬਾਅਦ ਹੁਣ ਤੱਕ ਹੋ ਚੁੱਕੀਆਂ ਹਨ 18,000 ਤੋਂ ਵੱਧ ਮੌਤਾਂ

ਰਿਪੋਰਟ ਵਿੱਚ ਮੌਤ ਦੇ ਸਥਾਨਾਂ ਬਾਰੇ ਵੀ ਅਹਿਮ ਜਾਣਕਾਰੀ ਦਿੱਤੀ ਗਈ ਹੈ। ਅੰਕੜਿਆਂ ਮੁਤਾਬਕ 2026 ਵਿੱਚ 82 ਫੀਸਦੀ ਮੌਤਾਂ ਅੰਦਰੂਨੀ ਸਥਾਨਾਂ ਜਿਵੇਂ ਕਿ ਨਿੱਜੀ ਰਿਹਾਇਸ਼ਾਂ, ਸੋਸ਼ਲ ਅਤੇ ਸਪੋਰਟਿਵ ਹਾਊਸਿੰਗ, ਸ਼ੈਲਟਰਾਂ ਅਤੇ ਹੋਰ ਰਿਹਾਇਸ਼ੀ ਥਾਵਾਂ 'ਤੇ ਹੋਈਆਂ ਹਨ। ਇਸ ਦੇ ਉਲਟ ਸਿਰਫ 17 ਫੀਸਦੀ ਮੌਤਾਂ ਹੀ ਬਾਹਰਲੇ ਸਥਾਨਾਂ ਜਿਵੇਂ ਕਿ ਗੱਡੀਆਂ, ਸੜਕਾਂ, ਫੁੱਟਪਾਥਾਂ ਜਾਂ ਪਾਰਕਾਂ ਵਿੱਚ ਹੋਈਆਂ ਹਨ। ਇਹ ਤੱਥ ਸਪੱਸ਼ਟ ਕਰਦਾ ਹੈ ਕਿ ਇਕੱਲੇ ਅਤੇ ਬੰਦ ਕਮਰਿਆਂ ਵਿੱਚ ਨਸ਼ੇ ਦੀ ਵਰਤੋਂ ਕਰਨਾ ਵਧੇਰੇ ਜਾਨਲੇਵਾ ਸਾਬਤ ਹੋ ਰਿਹਾ ਹੈ।

ਨਸ਼ੀਲੇ ਪਦਾਰਥਾਂ ਦੀ ਰਸਾਇਣਕ ਜਾਂਚ ਵਿੱਚ ਇਹ ਪਾਇਆ ਗਿਆ ਹੈ ਕਿ ਫਲੋਰੋਫੈਂਟਾਨਿਲ ਨਾਮਕ ਇੱਕ ਸ਼ਕਤੀਸ਼ਾਲੀ ਸਿੰਥੈਟਿਕ ਓਪੀਔਡ 66 ਫੀਸਦੀ ਮ੍ਰਿਤਕਾਂ ਦੇ ਸਰੀਰ ਵਿੱਚ ਮੌਜੂਦ ਸੀ। ਇਸ ਤੋਂ ਬਾਅਦ ਫੈਂਟਾਨਿਲ 59 ਫੀਸਦੀ, ਕੋਕੀਨ 56 ਫੀਸਦੀ ਅਤੇ ਮੈਥਾਮਫੇਟਾਮਾਈਨ 54 ਫੀਸਦੀ ਮਾਮਲਿਆਂ ਵਿੱਚ ਪਾਈ ਗਈ। ਹੋਰ ਪਦਾਰਥਾਂ ਵਿੱਚ ਬ੍ਰੋਮਾਜ਼ੋਲਮ ਅਤੇ ਹਾਈਡ੍ਰੋਮੋਰਫੋਨ ਵਰਗੇ ਘਾਤਕ ਰਸਾਇਣ ਵੀ ਮਿਲੇ ਹਨ। ਨਸ਼ਾ ਲੈਣ ਦੇ ਤਰੀਕਿਆਂ ਵਿੱਚ 'ਸਮੋਕਿੰਗ' ਸਭ ਤੋਂ ਵੱਧ ਪ੍ਰਚਲਿਤ ਹੈ, ਜੋ ਕਿ 72 ਫੀਸਦੀ ਮਾਮਲਿਆਂ ਵਿੱਚ ਮੌਤ ਦਾ ਕਾਰਨ ਬਣੀ।

ਬੀ.ਸੀ. ਵਿੱਚ ਨਸ਼ਿਆਂ ਕਾਰਨ ਪੈਦਾ ਹੋਈ ਜਨਤਕ ਸਿਹਤ ਐਮਰਜੈਂਸੀ ਨੂੰ ਐਲਾਨੇ ਹੋਏ ਹੁਣ 10 ਸਾਲ ਪੂਰੇ ਹੋ ਚੁੱਕੇ ਹਨ। 14 ਅਪ੍ਰੈਲ 2016 ਨੂੰ ਤਤਕਾਲੀ ਸਿਹਤ ਅਧਿਕਾਰੀ ਡਾ. ਪੇਰੀ ਕੈਂਡਲ ਨੇ ਪਹਿਲੀ ਵਾਰ ਇਸ ਸੰਕਟ ਬਾਰੇ ਚਿਤਾਵਨੀ ਦਿੱਤੀ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਬ੍ਰਿਟਿਸ਼ ਕੋਲੰਬੀਆ ਵਿੱਚ 18,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ ਪਿਛਲੇ ਦੋ ਸਾਲਾਂ ਵਿੱਚ ਮੌਤਾਂ ਦੀ ਗਿਣਤੀ ਵਿੱਚ ਕੁਝ ਕਮੀ ਆਈ ਹੈ, ਕਿਉਂਕਿ ਮਾਰਚ 2024 ਵਿੱਚ ਇਹ ਅੰਕੜਾ 192 ਸੀ, ਪਰ ਮੌਜੂਦਾ ਸਥਿਤੀ ਅਜੇ ਵੀ ਬਹੁਤ ਨਾਜ਼ੁਕ ਬਣੀ ਹੋਈ ਹੈ।

ਪਬਲਿਕ ਸੇਫਟੀ ਮੰਤਰਾਲੇ ਅਤੇ ਕੋਰੋਨਰ ਸੇਵਾ ਵੱਲੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੂਬੇ ਵਿੱਚ ਲਗਭਗ 225,000 ਲੋਕ ਗੈਰ-ਨਿਯੰਤ੍ਰਿਤ ਨਸ਼ਿਆਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਵਿੱਚੋਂ ਕਰੀਬ 100,000 ਲੋਕ ਓਪੀਔਡ ਦੀ ਵਰਤੋਂ ਦੇ ਵਿਕਾਰ (ਅਡਿਕਸ਼ਨ) ਨਾਲ ਜੂਝ ਰਹੇ ਹਨ। ਬੀ.ਸੀ. ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਅਨੁਸਾਰ ਬਹੁਤ ਸਾਰੇ ਲੋਕ ਜੋ ਇਸ ਜ਼ਹਿਰੀਲੇ ਨਸ਼ੇ ਦਾ ਸ਼ਿਕਾਰ ਹੁੰਦੇ ਹਨ, ਉਹ ਪਹਿਲਾਂ ਕਿਸੇ ਗੰਭੀਰ ਬਿਮਾਰੀ ਜਾਂ ਨਸ਼ੇ ਦੀ ਆਦਤ ਨਾਲ ਪੀੜਤ ਨਹੀਂ ਹੁੰਦੇ, ਸਗੋਂ ਸਪਲਾਈ ਵਿੱਚ ਮੌਜੂਦ ਜ਼ਹਿਰੀਲੇ ਤੱਤ ਉਨ੍ਹਾਂ ਦੀ ਅਚਾਨਕ ਮੌਤ ਦਾ ਕਾਰਨ ਬਣਦੇ ਹਨ। ਫੈਡਰਲ ਅਤੇ ਸੂਬਾਈ ਪੱਧਰ 'ਤੇ ਕਈ ਯਤਨਾਂ ਦੇ ਬਾਵਜੂਦ ਇਹ ਜਨਤਕ ਸਿਹਤ ਸੰਕਟ ਇੱਕ ਡੂੰਘੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। This report was written by Divroop Kaur as part of the Local Journalism Initiative.

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ।
ਘਲੇ ਅਵਹਿ ਨਾਨਕਾ ਸਦੇ ਉਠੀ ਜਾਹਿ॥



ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਹਰਮਨਪਿਆਰੇ

**ਦੇਵ ਰਾਜ ਸਰਪਾਲ**

ਅਕਾਲ ਪੁਰਖ ਵੱਲੋਂ ਬਖ਼ਸ਼ੀ ਸਾਹਾਂ ਦੀ ਪੂੰਜੀ ਭੋਗ ਕੇ 11 ਮਈ 2026 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਉਨ੍ਹਾਂ ਦੇ ਪੰਜ ਭੌਤਿਕ ਸਰੀਰ ਦਾ

**ਅੰਤਿਮ ਸੰਸਕਾਰ**

16 ਮਈ ਦਿਨ ਸ਼ਨਿੱਚਰਵਾਰ ਨੂੰ
ਰਿਵਰ ਫਿਊਨਰਲ ਹੋਮ (7410 ਹੌਪਕੌਟ ਰੋਡ, ਡੈਲਟਾ ਬੀ.ਸੀ.) ਵਿਖੇ
ਸਵੇਰੇ 10.00 ਵਜੇ ਕੀਤਾ ਜਾਵੇਗਾ। ਵਿਛੜੀ ਰੂਹ ਦੀ ਸ਼ਾਂਤੀ ਲਈ

**ਭੋਗ ਅਤੇ ਅੰਤਿਮ ਅਰਦਾਸ ਦੀਆਂ ਰਸਮਾਂ**

**ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ**
(ਰੌਸ ਸਟਰੀਟ, ਵੈਨਕੂਵਰ) ਦੇ ਦਰਬਾਰ ਹਾਲ 2
**ਵਿਖੇ ਸੰਪੂਰਨ ਕੀਤੀਆਂ ਜਾਣਗੀਆਂ।**

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

**604-889-8649, 604-325-0631**

**A TO Z DRIVING SCHOOL**




ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

**AIR BRAKE CLASS**

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

**ਕਲਾਸ ਵਨ ਦਾ ਲਾਇਸੈਂਸ ਲੈਣ ਲਈ**
ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲੱਕੀ ਸੇਖੋਂ 604 614 5365

# ਸਕੂਲ ਹੁਣ ਬਣਨਗੇ ਚਾਈਲਡ ਕੇਅਰ ਹੱਬ, ਬੀ.ਸੀ. ਸਰਕਾਰ ਵੱਲੋਂ 25 ਮਿਲੀਅਨ ਡਾਲਰ ਦਾ ਨਿਵੇਸ਼

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਪਰਿਵਾਰਾਂ ਦੀਆਂ ਵਧਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਨੇ ਸਕੂਲਾਂ ਵਿੱਚ ਬੱਚਿਆਂ ਦੀ ਦੇਖਭਾਲ ਲਈ ਵਿਸ਼ੇਸ਼ ਅਤੇ ਨਵੀਨਤਾਕਾਰੀ ਸਹੂਲਤਾਂ ਪ੍ਰਦਾਨ ਕਰਨ ਦਾ ਇੱਕ ਅਹਿਮ ਫ਼ੈਸਲਾ ਲਿਆ ਹੈ। ਸੂਬੇ ਭਰ ਦੇ ਸਕੂਲ ਜ਼ਿਲ੍ਹੇ ਹੁਣ 'ਬਿਫੋਰ ਅਤੇ ਆਫਟਰ ਸਕੂਲ ਕੇਅਰ ਸਪੇਸ' ਦੇ ਨਿਰਮਾਣ ਵਿੱਚ ਤੇਜ਼ੀ ਲਿਆਉਣ ਲਈ ਸਰਕਾਰੀ ਸਹਾਇਤਾ ਵਾਸਤੇ ਅਪਲਾਈ ਕਰ ਸਕਦੇ ਹਨ। ਇਸ ਵਿਸ਼ੇਸ਼ ਸਕੀਮ ਤਹਿਤ ਸਕੂਲਾਂ ਨੂੰ ਆਪਣੀ ਮੌਜੂਦਾ ਜਗ੍ਹਾ ਦੀ ਮੁੜ ਵਰਤੋਂ ਕਰਨ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣਗੇ। ਇਹ ਵਿੱਤੀ ਸਹਾਇਤਾ ਨਵੇਂ ਚਾਈਲਡ ਕੇਅਰ ਪ੍ਰੋਗਰਾਮ ਸ਼ੁਰੂ ਕਰਨ ਵੇਲੇ ਪੇਸ਼ ਆਉਣ ਵਾਲੇ ਸ਼ੁਰੂਆਤੀ ਪ੍ਰਬੰਧਕੀ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਸਕੂਲ ਸਮਾਜਿਕ ਗਤੀਵਿਧੀਆਂ ਦੇ ਮੁੱਖ ਕੇਂਦਰ ਹੁੰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਬੱਚਿਆਂ ਦੀ ਸੁਰੱਖਿਅਤ ਦੇਖਭਾਲ ਲਈ ਕਰਨਾ ਇੱਕ ਬਹੁਤ ਹੀ ਉੱਤਮ ਅਤੇ ਸਾਰਥਕ ਵਿਚਾਰ ਹੈ।

ਸਿੱਖਿਆ ਅਤੇ ਚਾਈਲਡ ਕੇਅਰ ਮੰਤਰੀ ਲੀਜ਼ਾ ਬੇਅਰ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਨਵਾਂ ਨਿਵੇਸ਼ ਸਕੂਲਾਂ ਨੂੰ ਆਪਣੀ ਉਪਲਬਧ ਜਗ੍ਹਾ ਨੂੰ ਬਹੁਤ ਲੋੜੀਂਦੇ ਚਾਈਲਡ ਕੇਅਰ ਸੈਂਟਰਾਂ ਵਿੱਚ ਤਬਦੀਲ ਕਰਨ ਦੇ ਯੋਗ ਬਣਾਏਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸਕੂਲ ਜ਼ਿਲ੍ਹਿਆਂ ਵੱਲੋਂ ਕਾਫ਼ੀ ਸਮੇਂ ਤੋਂ ਅਜਿਹੀ ਸਹਾਇਤਾ ਦੀ ਮੰਗ ਕੀਤੀ ਜਾ ਰਹੀ ਸੀ ਜੋ ਪਰਿਵਾਰਾਂ ਲਈ ਵਧੇਰੇ ਜਗ੍ਹਾ ਪੈਦਾ ਕਰਨ ਵਿੱਚ ਸਹਾਇਕ ਹੋ ਸਕੇ। ਸਰਕਾਰ ਇਸ ਵੇਲੇ ਇੱਕ ਅਜਿਹੀ ਮਜ਼ਬੂਤ ਪ੍ਰਣਾਲੀ ਬਣਾਉਣ 'ਤੇ ਆਪਣਾ ਪੂਰਾ ਧਿਆਨ ਕੇਂਦਰਿਤ ਕਰ ਰਹੀ ਹੈ ਜੋ ਪਰਿਵਾਰਾਂ ਲਈ ਟਿਕਾਊ ਸਾਬਤ ਹੋਵੇ ਅਤੇ ਆਉਣ ਵਾਲੇ ਕਈ ਸਾਲਾਂ ਤੱਕ ਨਿਰੰਤਰ ਕੰਮ ਕਰਦੀ ਰਹੇ। ਸਕੂਲ



ਜ਼ਿਲ੍ਹਿਆਂ ਕੋਲ ਪਤਝੜ 2026 ਤੋਂ ਹੀ ਇਹ ਨਵੇਂ ਸਪੇਸ ਤਿਆਰ ਕਰਨ ਲਈ ਨਵੇਂ ਸੂਬਾਈ ਨਿਵੇਸ਼ ਤੱਕ ਪਹੁੰਚ ਕਰਨ ਦਾ ਮੌਕਾ ਹੋਵੇਗਾ। ਇਸ ਮਹੱਤਵਪੂਰਨ ਕਾਰਜ ਲਈ ਬੁਨਿਆਦੀ ਢਾਂਚਾ ਮੰਤਰਾਲਾ 5 ਮਿਲੀਅਨ ਡਾਲਰ ਦਾ ਪੂੰਜੀਗਤ ਸਰਮਾਇਆ ਮੁਹੱਈਆ ਕਰਵਾ ਰਿਹਾ ਹੈ। ਇਹ ਵਿਸ਼ੇਸ਼ ਰਾਸ਼ੀ ਸਕੂਲ ਦੀਆਂ ਇਮਾਰਤਾਂ ਵਿੱਚ ਮੌਜੂਦਾ ਜਗ੍ਹਾ ਦੇ ਨਵੀਨੀਕਰਨ ਅਤੇ ਇਸ ਨੂੰ ਚਾਈਲਡ ਕੇਅਰ ਦੇ ਅਨੁਕੂਲ ਬਣਾਉਣ ਲਈ ਵਰਤੀ ਜਾਵੇਗੀ। ਇਸ ਤਰ੍ਹਾਂ ਦੇ ਪ੍ਰੋਗਰਾਮ ਰਾਹੀਂ ਨਵੇਂ ਸਪੇਸ ਤਿਆਰ ਕਰਨ ਦਾ ਤਰੀਕਾ ਬਹੁਤ ਹੀ ਕਾਰਗਰ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਨਵੇਂ ਨਿਰਮਾਣ ਦੇ ਮੁਕਾਬਲੇ ਘੱਟ ਖਰਚੀਲਾ ਹੈ। ਸਫ਼ਲ ਬਿਨੈਕਾਰਾਂ ਨੂੰ ਅਗਲੇ 3 ਸਾਲਾਂ ਦੌਰਾਨ ਨਵੇਂ ਚਾਈਲਡ ਕੇਅਰ ਪ੍ਰੋਗਰਾਮਾਂ ਦੇ ਸੰਚਾਲਨ ਖਰਚਿਆਂ ਲਈ 20 ਮਿਲੀਅਨ ਡਾਲਰ ਦੀ ਵਾਧੂ ਰਾਸ਼ੀ ਪ੍ਰਾਪਤ ਕਰਨ ਦੀ ਸਹੂਲਤ ਵੀ ਦਿੱਤੀ ਜਾਵੇਗੀ। ਮੰਤਰੀ ਬੋਵਿਨ ਮਾ ਨੇ ਦੱਸਿਆ ਕਿ ਨਵੀਆਂ ਸੁਤੰਤਰ ਇਮਾਰਤਾਂ ਬਣਾਉਣਾ ਅਕਸਰ ਬਹੁਤ ਮਹਿੰਗਾ ਅਤੇ ਸਮਾਂ ਲੈਣ ਵਾਲਾ ਕੰਮ ਹੁੰਦਾ ਹੈ, ਇਸ ਲਈ ਸਕੂਲਾਂ ਕੋਲ ਪਹਿਲਾਂ ਤੋਂ ਮੌਜੂਦ ਜਗ੍ਹਾ ਦੀ ਬਿਹਤਰ ਵਰਤੋਂ ਕਰਨਾ ਇੱਕ ਬਹੁਤ ਹੀ ਸਮਝਦਾਰੀ ਵਾਲਾ ਫ਼ੈਸਲਾ ਹੈ। ।

ਪਰਿਵਾਰਾਂ ਦੀ ਸਹੂਲਤ ਲਈ ਹਾਲ ਹੀ ਵਿੱਚ ਇੱਕ ਮੰਤਰੀ ਦੇ ਹੁਕਮ ਰਾਹੀਂ ਸਿੱਖਿਆ ਬੋਰਡਾਂ ਲਈ ਐਲੀਮੈਂਟਰੀ ਸਕੂਲਾਂ ਵਿੱਚ ਉਪਲਬਧ ਖਾਲੀ ਜਗ੍ਹਾ ਦੀ ਪਛਾਣ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਸਿੱਖਿਆ ਬੋਰਡ ਆਪਣੇ ਸਥਾਨਕ ਭਾਈਚਾਰੇ ਦੀਆਂ ਲੋੜਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਮੁਲਾਂਕਣ ਕਰਨ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਹੁੰਦੇ ਹਨ। ਇਹ ਯੋਜਨਾਬੰਦੀ ਜ਼ਿਲ੍ਹਿਆਂ ਅਤੇ ਸੂਬਾ ਸਰਕਾਰ ਨੂੰ ਇਹ ਸਮਝਣ ਵਿੱਚ ਮਦਦ ਕਰੇਗੀ ਕਿ ਮੌਜੂਦਾ ਜਗ੍ਹਾ ਦੀ ਵਰਤੋਂ ਨਵੇਂ ਜਾਂ ਵਿਸਤ੍ਰਿਤ ਚਾਈਲਡ ਕੇਅਰ ਪ੍ਰੋਗਰਾਮਾਂ ਲਈ ਕਦੋਂ ਅਤੇ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਸਰਕਾਰ ਦਾ ਮੁੱਖ ਟੀਚਾ ਇਹ ਹੈ ਕਿ ਬੱਚਿਆਂ ਨੂੰ ਆਪਣੇ ਘਰਾਂ ਦੇ ਬਿਲਕੁਲ ਨੇੜੇ ਹੀ ਕਿਫਾਇਤੀ ਅਤੇ ਬਿਹਤਰੀਨ ਗੁਣਵੱਤਾ ਵਾਲੀ ਦੇਖਭਾਲ ਮਿਲ ਸਕੇ, ਜਿਸ ਨਾਲ ਮਾਪਿਆਂ ਦੀ ਚਿੰਤਾ ਘੱਟ ਹੋ ਸਕੇ।

ਜਨਵਰੀ ਅਤੇ ਜੂਨ 2026 ਦੇ ਵਿਚਕਾਰ 17 ਵੱਖ-ਵੱਖ ਭਾਈਚਾਰਿਆਂ ਦੇ ਪਰਿਵਾਰਾਂ ਨੂੰ ਪਹਿਲਾਂ ਹੀ ਲਗਭਗ 900 ਨਵੇਂ ਚਾਈਲਡ ਕੇਅਰ ਸਪੇਸ ਦੀ ਸਹੂਲਤ ਮਿਲ ਚੁੱਕੀ ਹੈ। ਇਹ ਪ੍ਰਾਪਤੀ 'ਚਾਈਲਡ ਕੇਅਰ ਬੀ.ਸੀ.' ਰਾਹੀਂ 64 ਮਿਲੀਅਨ ਡਾਲਰ ਤੋਂ ਵੱਧ ਦੇ ਭਾਰੀ ਨਿਵੇਸ਼ ਸਦਕਾ ਸੰਭਵ ਹੋ ਸਕੀ ਹੈ। ਇਸ ਨੇਕ ਕਾਰਜ ਵਿੱਚ ਸੂਬਾਈ ਅਤੇ ਫੈਡਰਲ ਸਰਕਾਰਾਂ ਵੱਲੋਂ ਮਿਲ ਕੇ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ ਅਤੇ ਫੈਡਰਲ ਸਰਕਾਰ ਨੇ 2026-27 ਤੋਂ 2030-31 ਤੱਕ ਦੇ ਸਮਝੌਤੇ ਵਿੱਚ ਵੀ ਵਾਧਾ ਕਰ ਦਿੱਤਾ ਹੈ। ਸਾਲ 2018 ਤੋਂ ਹੁਣ ਤੱਕ ਬੀ.ਸੀ. ਵਿੱਚ ਲਾਇਸੈਂਸਸ਼ੁਦਾ ਚਾਈਲਡ ਕੇਅਰ ਸਪੇਸ ਦੀ ਗਿਣਤੀ ਵਿੱਚ ਲਗਭਗ 59,000 ਦਾ ਇਜ਼ਾਫਾ ਹੋਇਆ ਹੈ ਅਤੇ 12,000 ਹੋਰ ਨਵੇਂ ਸਪੇਸ ਇਸ ਵੇਲੇ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਹਨ।

ਨਵੇਂ ਖੁੱਲ੍ਹਣ ਵਾਲੇ ਕੇਂਦਰਾਂ ਦੀ ਵਰਤੋਂ ਕਰਨ ਵਾਲੇ ਪਰਿਵਾਰਾਂ ਨੂੰ ਭਾਰੀ ਵਿੱਤੀ ਰਾਹਤ ਮਿਲੇਗੀ। ਚਾਈਲਡ ਕੇਅਰ ਬੀ.ਸੀ. ਫੀਸ-ਘਟਾਉਣ ਪ੍ਰੋਗਰਾਮ ਰਾਹੀਂ ਮਾਪਿਆਂ ਨੂੰ ਪ੍ਰਤੀ ਬੱਚਾ ਪ੍ਰਤੀ ਮਹੀਨਾ 900 ਡਾਲਰ ਤੱਕ ਦੀ ਬਚਤ ਹੋ ਸਕਦੀ ਹੈ। ਇਸ ਦੇ ਨਾਲ ਹੀ ਜੋ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹਨ, ਉਹ 'ਅਫੋਰਡੇਬਲ ਚਾਈਲਡ ਕੇਅਰ ਬੈਨੀਫਿਟ' ਦਾ ਲਾਭ ਵੀ ਲੈ ਸਕਦੇ ਹਨ। ਇਹ ਵਿਸ਼ੇਸ਼ ਲਾਭ ਉਨ੍ਹਾਂ ਪਰਿਵਾਰਾਂ ਲਈ ਫੀਸਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਸਕਦਾ ਹੈ ਜਿਨ੍ਹਾਂ ਨੂੰ ਸਰਕਾਰੀ ਸਹਾਇਤਾ ਦੀ ਸਭ ਤੋਂ ਜ਼ਿਆਦਾ ਲੋੜ ਹੈ। ਸਰਕਾਰ ਦਾ ਇਹ ਕਦਮ ਬੀ.ਸੀ. ਦੇ ਹਜ਼ਾਰਾਂ ਪਰਿਵਾਰਾਂ ਦੇ ਜੀਵਨ ਵਿੱਚ ਇੱਕ ਨਵੀਂ ਤਬਦੀਲੀ ਲਿਆਵੇਗਾ ਅਤੇ ਬੱਚਿਆਂ ਦੇ ਵਿਕਾਸ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣ ਵਿੱਚ ਮਦਦਗਾਰ ਹੋਵੇਗਾ। This report was written by Divroop Kaur as part of the Local Journalism Initiative.

# ਬੀ.ਸੀ. ਵਿੱਚ ਹੰਟਾਵਾਇਰਸ ਦੀ ਦਸਤਕ ਦਾ ਖਦਸ਼ਾ, ਜਹਾਜ਼ ਤੋਂ ਪਰਤੇ 4 ਕੈਨੇਡੀਅਨ ਵਿਕਟੋਰੀਆ ਵਿੱਚ ਇਕਾਂਤਵਾਸ

ਸਰੀ, (ਦਿਵਰੂਪ ਕੌਰ): ਵਿਕਟੋਰੀਆ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਐਤਵਾਰ ਸ਼ਾਮ ਨੂੰ 4 ਕੈਨੇਡੀਅਨ ਮੁਸਾਫ਼ਰ ਪਹੁੰਚੇ ਹਨ, ਜੋ ਹੰਟਾਵਾਇਰਸ ਪ੍ਰਭਾਵਿਤ ਕਰੂਜ਼ ਜਹਾਜ਼ 'ਤੇ ਸਵਾਰ ਸਨ। ਸੂਬਾਈ ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਨੇ ਦੱਸਿਆ ਕਿ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਆਈਲੈਂਡ ਹੈਲਥ ਖੇਤਰ ਵਿੱਚ ਇਕਾਂਤਵਾਸ ਕੀਤਾ ਗਿਆ ਹੈ। ਇਹ ਆਮਦ ਬਹੁਤ ਸੁਚਾਰੂ ਢੰਗ ਨਾਲ ਹੋਈ ਅਤੇ ਇਹ ਲੋਕ ਸਿੱਧੇ ਤੌਰ 'ਤੇ ਜਨਤਾ ਦੇ ਸੰਪਰਕ ਵਿੱਚ ਨਹੀਂ ਆਏ।

ਹਵਾਈ ਅੱਡੇ 'ਤੇ ਸਿਹਤ ਕਰਮਚਾਰੀਆਂ ਵੱਲੋਂ ਪੂਰੀ ਸੁਰੱਖਿਆ ਕਿੱਟਾਂ ਪਹਿਨ ਕੇ ਇਨ੍ਹਾਂ ਦੀ ਜਾਂਚ ਕੀਤੀ ਗਈ।

ਇਨ੍ਹਾਂ 4 ਵਿਅਕਤੀਆਂ ਵਿੱਚੋਂ ਇੱਕ ਜੋੜਾ ਯੂਕੋਨ ਨਾਲ ਸਬੰਧਤ ਹੈ ਜਿਸ ਦੀ ਉਮਰ 70 ਸਾਲ ਦੇ ਕਰੀਬ ਹੈ। ਇੱਕ ਹੋਰ ਵਿਅਕਤੀ ਵੈਨਕੂਵਰ ਆਈਲੈਂਡ ਦਾ ਰਹਿਣ ਵਾਲਾ ਹੈ ਅਤੇ ਚੌਥਾ ਵਿਅਕਤੀ ਬੀ.ਸੀ. ਨਾਲ ਸਬੰਧਤ ਹੈ ਪਰ ਵਿਦੇਸ਼ ਵਿੱਚ ਰਹਿੰਦਾ ਹੈ। ਫਿਲਹਾਲ ਇਹ ਸਾਰੇ ਤੰਦਰੁਸਤ ਹਨ ਅਤੇ ਇਨ੍ਹਾਂ ਵਿੱਚ ਕੋਈ



ਲੱਛਣ ਨਹੀਂ ਦੇਖੇ ਗਏ। ਇਨ੍ਹਾਂ ਨੂੰ ਘੱਟੋ-ਘੱਟ 21 ਦਿਨਾਂ ਲਈ ਇਕਾਂਤਵਾਸ ਵਿੱਚ ਰੱਖਿਆ ਜਾਵੇਗਾ, ਜਿਸ ਨੂੰ ਲੋੜ ਪੈਣ 'ਤੇ 42 ਦਿਨਾਂ ਤੱਕ ਵਧਾਇਆ ਜਾ ਸਕਦਾ ਹੈ। ਯੂਕੋਨ ਸਰਕਾਰ ਨਾਲ ਵੀ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਸਿਹਤ ਸਹੂਲਤਾਂ ਯਕੀਨੀ ਬਣਾਈਆਂ ਜਾ ਸਕਣ।

ਜ਼ਿਕਰਯੋਗ ਹੈ ਕਿ ਐਮ.ਵੀ. ਹੌਂਡੀਅਸ ਨਾਮਕ ਜਹਾਜ਼ ਉੱਤੇ ਇਸ ਵਾਇਰਸ ਦਾ ਪਤਾ 2 ਮਈ ਨੂੰ ਲੱਗਿਆ ਸੀ, ਜਿਸ ਤੋਂ ਬਾਅਦ ਹੁਣ ਤੱਕ 3 ਮੌਤਾਂ ਹੋ ਚੁੱਕੀਆਂ ਹਨ। ਦੁਨੀਆ ਭਰ ਵਿੱਚ ਹੁਣ ਤੱਕ 9 ਮਾਮਲੇ ਪਾਜ਼ੀਟਿਵ ਆਏ ਹਨ। ਡਾ. ਹੈਨਰੀ ਅਨੁਸਾਰ ਇਨ੍ਹਾਂ ਕੈਨੇਡੀਅਨ ਮੁਸਾਫ਼ਰਾਂ ਦਾ ਰੁਖ਼ ਬਿਮਾਰ ਲੋਕਾਂ ਨਾਲ ਸਿੱਧਾ ਨਹੀਂ ਸੀ, ਪਰ ਜਹਾਜ਼ ਦੇ ਬੰਦ ਵਾਤਾਵਰਣ ਕਾਰਨ ਇਨ੍ਹਾਂ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ। ਓਨਟਾਰੀਓ, ਕਿਊਬਿਕ ਅਤੇ ਅਲਬਰਟਾ ਵਿੱਚ ਵੀ ਹੋਰਨਾਂ ਮੁਸਾਫ਼ਰਾਂ ਦੀ ਸਿਹਤ 'ਤੇ ਨਜ਼ਰ ਰੱਖੀ ਜਾ ਰਹੀ ਹੈ। ਪਬਲਿਕ ਹੈਲਥ ਟੀਮਾਂ ਰੋਜ਼ਾਨਾ ਇਨ੍ਹਾਂ ਦੀ ਜਾਂਚ ਕਰ ਰਹੀਆਂ ਹਨ ਤਾਂ ਜੋ ਕਿਸੇ ਵੀ ਬਦਲਾਅ ਦੀ ਤੁਰੰਤ ਜਾਣਕਾਰੀ ਮਿਲ ਸਕੇ। This report was written by Divroop Kaur as part of the Local Journalism Initiative.

# ਬੱਚੇ ਸਮੇਤ 3 ਲੋਕਾਂ ਨੂੰ ਜ਼ਖਮੀ ਕਰਨ ਵਾਲਾ ਸਾਨੀਚ ਦਾ ਨੌਜਵਾਨ ਦੋਸ਼ੀ ਕਰਾਰ, 6 ਅਪਰਾਧਿਕ ਮਾਮਲੇ ਦਰਜ

ਸਰੀ, (ਦਿਵਰੂਪ ਕੌਰ): ਸਾਨੀਚ ਦੇ ਇੱਕ 28 ਸਾਲਾ ਵਿਅਕਤੀ ਨੂੰ ਪਾਰਕਸਵਿਲੇ ਨੇੜੇ ਹਾਈਵੇਅ 19 'ਤੇ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਦੇ ਸਬੰਧ ਵਿੱਚ 6 ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਹਾਦਸੇ ਵਿੱਚ ਇੱਕ ਮਾਸੂਮ ਬੱਚੇ ਸਮੇਤ 3 ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਬੀ.ਸੀ. ਹਾਈਵੇਅ ਪੈਟਰੋਲ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ 3 ਮਾਰਚ 2025 ਨੂੰ ਸ਼ਾਮ 4 ਵਜੇ ਤੋਂ ਕੁਝ ਸਮਾਂ ਬਾਅਦ ਵੈਨਕੂਵਰ ਆਈਲੈਂਡ 'ਤੇ ਚਰਚ ਰੋਡ ਓਵਰਪਾਸ ਦੇ ਨੇੜੇ ਹਾਈਵੇਅ 19 ਦੀਆਂ ਉੱਤਰੀ ਲੇਨਾਂ ਵਿੱਚ ਵਾਪਰੀ ਸੀ।

ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਚਿੱਟੇ ਰੰਗ ਦੇ ਸ਼ੈਵਰਲੇਟ ਪਿਕਅੱਪ ਟਰੱਕ ਅਤੇ ਸਲੇਟੀ ਰੰਗ ਦੀ ਟੋਇਟਾ ਪ੍ਰਿਅਸ ਕਾਰ ਵਿਚਕਾਰ ਜ਼ਬਰਦਸਤ ਟੱਕਰ ਹੋਈ ਸੀ। ਇਸ ਹਾਦਸੇ ਕਾਰਨ ਹਾਈਵੇਅ ਨੂੰ ਲੰਬੇ ਸਮੇਂ ਲਈ ਬੰਦ ਕਰਨਾ ਪਿਆ ਸੀ ਤਾਂ ਜੋ ਬੀ.ਸੀ. ਹਾਈਵੇਅ ਪੈਟਰੋਲ ਦੀ ਟੀਮ ਘਟਨਾ ਸਥਾਨ ਤੋਂ ਅਹਿਮ ਸਬੂਤ ਇਕੱਠੇ ਕਰ ਸਕੇ। ਹਾਦਸੇ ਦੌਰਾਨ ਪਿਕਅੱਪ ਟਰੱਕ ਦੇ



ਡਰਾਈਵਰ ਤੋਂ ਇਲਾਵਾ ਪ੍ਰਿਅਸ ਕਾਰ ਚਲਾ ਰਹੀ ਮਹਿਲਾ ਅਤੇ ਉਸ ਦੇ ਛੋਟੇ ਬੱਚੇ ਨੂੰ ਸੱਟਾਂ ਲੱਗੀਆਂ ਸਨ। ਰਾਹਤ ਦੀ ਗੱਲ ਇਹ ਰਹੀ ਕਿ ਹਸਪਤਾਲ ਵਿੱਚ ਇਲਾਜ ਦੌਰਾਨ ਸਾਰਿਆਂ ਦੀਆਂ ਸੱਟਾਂ ਨੂੰ ਖ਼ਤਰੇ ਤੋਂ ਬਾਹਰ ਦੱਸਿਆ ਗਿਆ ਸੀ।

ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਦੇ ਹੋਏ ਬੀ.ਸੀ. ਪ੍ਰੋਸੀਕਿਊਸ਼ਨ ਸਰਵਿਸ ਨੇ ਫਰਵਰੀ 2026 ਵਿੱਚ ਮੈਥਿਊ ਸੇਂਟ ਪੀਅਰੇ ਵਿਰੁੱਧ ਦੋਸ਼ਾਂ ਨੂੰ ਮਨਜ਼ੂਰੀ ਦਿੱਤੀ ਸੀ। ਇਸ ਤੋਂ ਬਾਅਦ ਪੁਲਿਸ ਨੇ ਕਾਰਵਾਈ ਕਰਦਿਆਂ 25 ਮਾਰਚ ਨੂੰ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਸੇਂਟ ਪੀਅਰੇ ਵਿਰੁੱਧ ਲਗਾਏ ਗਏ ਦੋਸ਼ਾਂ ਵਿੱਚ ਸਰੀਰਕ ਨੁਕਸਾਨ ਪਹੁੰਚਾਉਣ ਵਾਲੀ ਖ਼ਤਰਨਾਕ ਡਰਾਈਵਿੰਗ ਦੇ 2 ਮਾਮਲੇ, ਨਸ਼ੇ ਦੀ ਹਾਲਤ ਵਿੱਚ ਵਾਹਨ ਚਲਾ ਕੇ ਸਰੀਰਕ ਸੱਟ ਪਹੁੰਚਾਉਣ ਦੇ 2 ਮਾਮਲੇ ਅਤੇ 0.08 ਤੋਂ ਵੱਧ ਬਲੱਡ ਅਲਕੋਹਲ ਦੇ ਪੱਧਰ ਨਾਲ ਵਾਹਨ ਚਲਾਉਣ ਦੇ 2 ਮਾਮਲੇ ਸ਼ਾਮਲ ਕੀਤੇ ਗਏ ਹਨ।

ਤਾਜ਼ਾ ਜਾਣਕਾਰੀ ਅਨੁਸਾਰ ਮੁਲਜ਼ਮ ਨੂੰ ਫਿਲਹਾਲ ਹਿਰਾਸਤ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਉਹ 12 ਮਈ 2026 ਨੂੰ ਨਾਨਾਈਮੋ ਦੀ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਪੇਸ਼ ਹੋਇਆ। ਫੈਡਰਲ ਕਾਨੂੰਨਾਂ ਤਹਿਤ ਨਸ਼ੇ ਦੀ ਹਾਲਤ ਵਿੱਚ ਵਾਹਨ ਚਲਾ ਕੇ ਦੂਜਿਆਂ ਦੀ ਜਾਨ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤਾਂ ਜੋ ਸੜਕਾਂ 'ਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਅਦਾਲਤ ਵੱਲੋਂ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਪੀੜਤਾਂ ਦੇ ਬਿਆਨਾਂ ਅਤੇ ਮੌਕੇ ਦੇ ਸਬੂਤਾਂ ਦੇ ਆਧਾਰ 'ਤੇ ਫ਼ੈਸਲਾ ਲਿਆ ਜਾਵੇਗਾ।

# ਸਰੀ ਵਿੱਚ ਜਬਰੀ ਵਸੂਲੀ ਅਤੇ ਗੋਲੀਬਾਰੀ ਮਾਮਲੇ 'ਚ 2 ਪੰਜਾਬੀ ਨੌਜਵਾਨ ਗ੍ਰਿਫਤਾਰ

## ਪੁਲਿਸ ਵਲੋਂ ਜਬਰੀ ਵਸੂਲੀ ਦੇ ਅਪਰਾਧਾਂ ਨੂੰ ਰੋਕਣ ਲਈ 250,000 ਡਾਲਰ ਦੇ ਇਨਾਮੀ ਫੰਡ ਦਾ ਐਲਾਨ

ਸਰੀ, (ਪਰਮਜੀਤ ਸਿੰਘ): ਸਰੀ ਪੁਲਿਸ ਸਰਵਿਸ ਨੇ ਜਬਰੀ ਵਸੂਲੀ ਨਾਲ ਜੁੜੀ ਗੋਲੀਬਾਰੀ ਦੇ ਇੱਕ ਮਾਮਲੇ ਵਿੱਚ 2 ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਅਦਾਲਤ ਵਿੱਚ ਅਪਰਾਧਿਕ ਦੋਸ਼ ਆਇਦ ਕੀਤੇ ਹਨ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ 22 ਸਾਲਾ ਦਮਨਜੀਤ ਸਿੰਘ ਅਤੇ 30 ਸਾਲਾ ਪਰਦਮਨ ਸਿੰਘ ਵਜੋਂ ਹੋਈ ਹੈ। ਇਨ੍ਹਾਂ ਦੋਵਾਂ 'ਤੇ ਕਿਸੇ ਰਿਹਾਇਸ਼ੀ ਥਾਂ 'ਤੇ ਗੋਲੀਆਂ ਚਲਾਉਣ ਅਤੇ ਬਿਨਾਂ ਲਾਇਸੈਂਸ ਦੇ ਪਾਬੰਦੀਸ਼ੁਦਾ ਹਥਿਆਰ ਰੱਖਣ ਦੇ ਗੰਭੀਰ ਇਲਜ਼ਾਮ ਲਗਾਏ ਗਏ ਹਨ। ਪੁਲਿਸ ਨੇ ਇਨ੍ਹਾਂ ਮੁਲਜ਼ਮਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਉਨ੍ਹਾਂ ਦੀਆਂ ਤਸਵੀਰਾਂ ਜਨਤਕ ਕੀਤੀਆਂ ਹਨ ਤਾਂ ਜੋ ਹੋਰ ਪੀੜਤ ਜਾਂ ਗਵਾਹ ਸਾਹਮਣੇ ਆ ਸਕਣ।

ਇਹ ਸਾਰੀ ਕਾਰਵਾਈ 22 ਅਪ੍ਰੈਲ ਦੀ ਰਾਤ ਨੂੰ ਹੋਈ ਇੱਕ ਗੋਲੀਬਾਰੀ ਦੀ ਘਟਨਾ ਨਾਲ ਸਬੰਧਤ ਹੈ। ਪੁਲਿਸ ਅਨੁਸਾਰ ਸਰੀ ਦੇ 13400-ਬਲਾਕ 87A ਐਵੇਨਿਊ ਵਿੱਚ ਸਥਿਤ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਗਈਆਂ ਸਨ। ਇਸ ਘਰ ਦਾ ਮਾਲਕ ਪਹਿਲਾਂ ਹੀ ਜਬਰੀ ਵਸੂਲੀ ਦੀਆਂ ਧਮਕੀਆਂ ਦਾ ਸਾਹਮਣਾ ਕਰ ਰਿਹਾ ਸੀ। ਹਾਲਾਂਕਿ ਗੋਲੀਬਾਰੀ ਕਾਰਨ ਘਰ ਅਤੇ ਇੱਕ ਵਾਹਨ ਨੂੰ ਨੁਕਸਾਨ




ਪਹੁੰਚਿਆ ਸੀ, ਪਰ ਕਿਸੇ ਦੇ ਜ਼ਖਮੀ ਹੋਣ ਦੀ ਖ਼ਬਰ ਨਹੀਂ ਮਿਲੀ। ਸਰੀ ਪੁਲਿਸ ਦੀ ਜਬਰੀ ਵਸੂਲੀ ਰਿਸਪਾਂਸ ਟੀਮ (ExRT) ਨੇ ਇਸ ਕੇਸ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਸੀ।

ਤਫਤੀਸ਼ ਦੌਰਾਨ ਇੱਕ ਸ਼ੱਕੀ ਵਾਹਨ ਦੀ ਮਦਦ ਨਾਲ ਪੁਲਿਸ ਮੁਲਜ਼ਮਾਂ ਤੱਕ ਪਹੁੰਚਣ ਵਿੱਚ ਕਾਮਯਾਬ ਰਹੀ। ਸਰਚ ਵਾਰੰਟ ਦੇ ਆਧਾਰ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਲੋਅਰ ਮੇਨਲੈਂਡ ਡਿਸਟ੍ਰਿਕਟ ਐਮਰਜੈਂਸੀ ਰਿਸਪਾਂਸ ਟੀਮ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਸਮੇਤ ਹੋਰ ਸਥਾਨਕ ਟੀਮਾਂ ਨੇ ਪੁਲਿਸ ਦਾ ਸਾਥ ਦਿੱਤਾ। ਫੜੇ ਗਏ ਦੋਵੇਂ ਨੌਜਵਾਨ ਫਿਲਹਾਲ ਹਿਰਾਸਤ ਵਿੱਚ ਹਨ ਅਤੇ ਉਨ੍ਹਾਂ ਦੀਆਂ ਅਗਲੀਆਂ ਅਦਾਲਤੀ ਪੇਸ਼ੀਆਂ 19 ਮਈ ਅਤੇ 1 ਜੂਨ ਨੂੰ ਹੋਣਗੀਆਂ। ਕਿਉਂਕਿ ਦੋਵੇਂ ਮੁਲਜ਼ਮ ਵਿਦੇਸ਼ੀ ਨਾਗਰਿਕ ਹਨ, ਇਸ ਲਈ ਫੈਡਰਲ ਏਜੰਸੀਆਂ ਉਨ੍ਹਾਂ ਦੇ ਵੀਜ਼ਾ ਅਤੇ ਰਿਹਾਇਸ਼ੀ ਦਸਤਾਵੇਜ਼ਾਂ ਦੀ ਵੀ ਪੜਤਾਲ ਕਰ ਰਹੀਆਂ ਹਨ।

ਸਰੀ ਪੁਲਿਸ ਨੇ ਜਬਰੀ ਵਸੂਲੀ ਦੇ ਅਪਰਾਧਾਂ ਨੂੰ ਰੋਕਣ ਲਈ 250,000 ਡਾਲਰ ਦੇ ਇਨਾਮੀ ਫੰਡ ਦਾ ਵੀ ਐਲਾਨ ਕੀਤਾ ਹੈ। ਇਹ ਰਾਸ਼ੀ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਵੇਗੀ ਜੋ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਪੁਲਿਸ ਅਨੁਸਾਰ ਸਾਲ 2026 ਵਿੱਚ ਹੁਣ ਤੱਕ ਜਬਰੀ ਵਸੂਲੀ ਦੀਆਂ 98 ਸ਼ਿਕਾਇਤਾਂ ਮਿਲ ਚੁੱਕੀਆਂ ਹਨ, ਜਿਨ੍ਹਾਂ ਵਿੱਚ 16 ਗੋਲੀਬਾਰੀ ਅਤੇ 2 ਅਗਨਕਾਂਡ ਦੀਆਂ ਘਟਨਾਵਾਂ ਸ਼ਾਮਲ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਧਮਕੀ ਮਿਲਣ 'ਤੇ ਤੁਰੰਤ ਸਰੀ ਐਕਸਟੋਰਸ਼ਨ ਟਿਪ ਲਾਈਨ 236-485-5149 'ਤੇ ਸੰਪਰਕ ਕਰਨ।

# ਸਰੀ 89 ਐਵੇਨਿਊ 'ਤੇ ਦੋ ਗੁੱਟਾਂ ਵਿਚਾਲੇ ਹੋਈ ਹਿੰਸਕ ਝੜਪ 'ਚ ਕਈ ਨੌਜਵਾਨ ਜ਼ਖਮੀ, 2 ਗ੍ਰਿਫਤਾਰ

ਸਰੀ, (ਬਰਾੜ ਭਗਤਾ ਭਾਈਕਾ): ਸਰੀ ਦੇ 13300-ਬਲਾਕ 89 ਐਵੇਨਿਊ ਵਿੱਚ ਮੰਗਲਵਾਰ ਰਾਤ ਨੂੰ ਮਰਦਾਂ ਦੇ ਦੋ ਸਮੂਹਾਂ ਵਿਚਕਾਰ ਹੋਈ ਇੱਕ ਭਾਰੀ ਝੜਪ ਨੇ ਇਲਾਕੇ ਵਿੱਚ ਤਣਾਅ ਪੈਦਾ ਕਰ ਦਿੱਤਾ। ਬੁੱਧਵਾਰ ਲਗਭਗ 8:20 ਵਜੇ ਵਾਪਰੀ ਇਸ ਘਟਨਾ ਦੌਰਾਨ ਕਥਿਤ ਤੌਰ 'ਤੇ ਹਥਿਆਰਾਂ ਦੀ ਵਰਤੋਂ ਕੀਤੀ ਗਈ, ਜਿਸ ਕਾਰਨ ਕਈ ਲੋਕ ਜ਼ਖਮੀ ਹੋ ਗਏ। ਸਰੀ ਪੁਲਿਸ ਸਰਵਿਸ, ਪੈਰਾਮੈਡਿਕਸ ਅਤੇ ਫਾਇਰਫਾਈਟਰਜ਼ ਨੇ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ।



ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਇਸ ਲੜਾਈ ਵਿੱਚ ਕਈ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸੱਟਾਂ ਲੱਗੀਆਂ ਹਨ। ਹਾਲਾਂਕਿ ਜ਼ਿਆਦਾਤਰ ਜ਼ਖਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ, ਪਰ 2 ਪੀੜਤ ਅਜੇ ਵੀ ਗੰਭੀਰ ਸੱਟਾਂ ਕਾਰਨ ਹਸਪਤਾਲ ਵਿੱਚ ਇਲਾਜ ਅਧੀਨ ਹਨ। ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਨੇ 2 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਸੀ, ਜਿਨ੍ਹਾਂ ਨੂੰ ਬਾਅਦ ਵਿੱਚ ਕੁਝ ਸ਼ਰਤਾਂ 'ਤੇ ਰਿਹਾਅ ਕਰ ਦਿੱਤਾ ਗਿਆ। ਜਾਂਚ ਟੀਮਾਂ ਮੰਗਲਵਾਰ ਪੂਰੀ ਰਾਤ ਘਟਨਾ ਸਥਾਨ 'ਤੇ ਸਬੂਤ ਇਕੱਠੇ ਕਰਨ ਅਤੇ ਮਾਮਲੇ ਦੀ ਕੜੀ ਜੋੜਨ ਵਿੱਚ ਜੁਟੀਆਂ ਰਹੀਆਂ।

ਸਰੀ ਪੁਲਿਸ ਵੱਲੋਂ ਇਸ ਹਿੰਸਕ ਘਟਨਾ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਜਨਤਕ ਤੌਰ 'ਤੇ ਅਪੀਲ ਕੀਤੀ ਹੈ ਕਿ ਜਿਸ ਕਿਸੇ ਕੋਲ ਵੀ ਇਸ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਮੌਜੂਦ ਹੈ, ਉਹ ਤੁਰੰਤ ਪੁਲਿਸ ਦੇ ਗੈਰ-ਐਮਰਜੈਂਸੀ ਨੰਬਰ 604-599-0502 'ਤੇ ਸੰਪਰਕ ਕਰ ਸਕਦਾ ਹੈ। ਇਸ ਤੋਂ ਇਲਾਵਾ ਗੁਪਤ ਜਾਣਕਾਰੀ ਸਾਂਝੀ ਕਰਨ ਲਈ ਕ੍ਰਾਈਮ ਸਟੌਪਰਜ਼ ਨਾਲ 1-800-222-8477 'ਤੇ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ ਤਾਂ ਜੋ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

# ਸਸਕਾਟੂਨ ਵਿੱਚ ਡਿਲੀਵਰੀ ਡਰਾਈਵਰਾਂ ਵੱਲੋਂ ਹੜਤਾਲ, ਯੂਨੀਅਨ ਬਣਾ ਕੇ ਹੱਕ ਮੰਗਣ ਦੀ ਤਿਆਰੀ

ਸਰੀ, (ਦਿਵਰੂਪ ਕੌਰ): ਸਸਕਾਟੂਨ ਵਿੱਚ 'ਡਰੈਗਨਫਲਾਈ' ਕੰਪਨੀ ਦੇ ਦਰਜਨਾਂ ਡਿਲੀਵਰੀ ਡਰਾਈਵਰਾਂ ਨੇ ਪਿਛਲੇ ਸ਼ੁੱਕਰਵਾਰ ਤੋਂ ਕੰਮ ਰੋਕ ਕੇ ਹੜਤਾਲ ਸ਼ੁਰੂ ਕਰ ਦਿੱਤੀ ਹੈ। ਇਹ ਡਰਾਈਵਰ ਐਮਾਜ਼ਾਨ ਵਰਗੀਆਂ ਕੰਪਨੀਆਂ ਦੇ ਪੈਕੇਜ ਪਹੁੰਚਾਉਣ ਦਾ ਕੰਮ ਕਰਦੇ ਹਨ। ਉਨ੍ਹਾਂ ਦੀ ਮੰਗ ਹੈ ਕਿ ਡਿਲੀਵਰੀ ਦਰਾਂ ਵਿੱਚ ਵਾਧਾ ਕੀਤਾ ਜਾਵੇ, ਕੰਮ ਦੇ ਸਮੇਂ ਨੂੰ ਨਿਯਮਤ ਬਣਾਇਆ ਜਾਵੇ ਅਤੇ ਕੰਮ ਵਾਲੀ ਥਾਂ 'ਤੇ ਸੁਰੱਖਿਆ ਯਕੀਨੀ ਬਣਾਈ ਜਾਵੇ। ਹੁਣ ਇਹ ਕਾਮੇ ਆਪਣੇ ਹੱਕਾਂ ਲਈ ਸੰਘਰਸ਼ ਨੂੰ ਮਜ਼ਬੂਤ ਕਰਨ ਲਈ ਯੂਨੀਅਨ ਬਣਾਉਣ ਦੀ ਤਿਆਰੀ ਕਰ ਰਹੇ ਹਨ।

ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ (UFCW) ਕੈਨੇਡਾ ਦੇ ਨੈਸ਼ਨਲ ਪ੍ਰਧਾਨ ਬੈਰੀ ਸੌਅਰ ਨੇ ਦੱਸਿਆ ਕਿ ਹੜਤਾਲ ਕਰ ਰਹੇ ਕਾਮਿਆਂ ਨੇ ਸਸਕਾਟੂਨ ਦੀ ਲੋਕਲ 1400 ਅਤੇ ਯੂਨੀਅਨ ਦੇ ਫੈਡਰਲ ਦਫ਼ਤਰ ਨਾਲ ਸੰਪਰਕ ਕੀਤਾ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਵਿਕਟੋਰੀਆ ਵਿੱਚ ਲਗਭਗ 1,000 ਉਬੇਰ ਡਰਾਈਵਰਾਂ ਨੇ UFCW ਦੀ ਮਦਦ ਨਾਲ ਆਪਣਾ ਪਹਿਲਾ ਸਮੂਹਿਕ ਸਮਝੌਤਾ ਸਿਰੇ ਚਾੜ੍ਹਿਆ ਹੈ। ਸੌਅਰ ਅਨੁਸਾਰ ਗੀਗ ਡਰਾਈਵਰਾਂ ਲਈ ਯੂਨੀਅਨ ਬਣਾਉਣਾ ਇੱਕ ਚੁਣੌਤੀਪੂਰਨ ਕੰਮ ਹੈ ਕਿਉਂਕਿ ਉਨ੍ਹਾਂ ਕੋਲ ਕੋਈ ਪੱਕਾ ਦਫ਼ਤਰ ਨਹੀਂ ਹੁੰਦਾ ਅਤੇ ਉਨ੍ਹਾਂ ਦੀ ਗਿਣਤੀ ਵਿੱਚ ਲਗਾਤਾਰ ਬਦਲਾਅ ਹੁੰਦਾ ਰਹਿੰਦਾ ਹੈ।

ਅੰਮ੍ਰਿਤ ਸਿੰਘ ਨਾਮ ਦੇ ਇੱਕ ਡਰਾਈਵਰ ਨੇ ਦੱਸਿਆ ਕਿ ਉਸ ਨੂੰ ਹਾਲ ਹੀ ਵਿੱਚ ਵਟਸਐਪ ਸੰਦੇਸ਼ ਰਾਹੀਂ ਕੰਮ ਤੋਂ ਹਟਾ ਦਿੱਤਾ ਗਿਆ ਸੀ। ਇਹ ਸੰਦੇਸ਼ ਕੰਪਨੀ ਵੱਲੋਂ ਨਹੀਂ, ਸਗੋਂ ਇੱਕ 'ਇੰਡੀਪੈਂਡੈਂਟ ਡਿਲੀਵਰੀ ਕੰਟਰੈਕਟਰ' (IDC) ਵੱਲੋਂ ਭੇਜਿਆ ਗਿਆ ਸੀ। ਡਰੈਗਨਫਲਾਈ ਕੰਪਨੀ ਸਿੱਧੇ ਤੌਰ 'ਤੇ ਡਰਾਈਵਰਾਂ ਨੂੰ ਨੌਕਰੀ 'ਤੇ ਨਹੀਂ ਰੱਖਦੀ, ਸਗੋਂ ਵਿਚੋਲਿਆਂ ਰਾਹੀਂ ਕੰਮ ਕਰਵਾਉਂਦੀ ਹੈ। ਕਾਮਿਆਂ ਦਾ ਦੋਸ਼ ਹੈ ਕਿ ਜਦੋਂ ਉਹ ਆਪਣੇ ਹੱਕਾਂ ਦੀ ਗੱਲ ਕਰਦੇ ਹਨ, ਤਾਂ ਕੰਪਨੀ ਇਹ ਕਹਿ ਕੇ ਪੱਲਾ ਝਾੜ ਲੈਂਦੀ ਹੈ ਕਿ ਉਹ ਉਨ੍ਹਾਂ ਦੇ ਕਰਮਚਾਰੀ ਨਹੀਂ ਹਨ।

ਡਰੈਗਨਫਲਾਈ ਨੇ ਇੱਕ ਬਿਆਨ ਜਾਰੀ ਕਰਕੇ ਪੁਸ਼ਟੀ ਕੀਤੀ ਹੈ ਕਿ ਉਹ ਡਿਲੀਵਰੀ ਡਰਾਈਵਰਾਂ ਨੂੰ ਸਿੱਧੇ ਤੌਰ 'ਤੇ ਰੁਜ਼ਗਾਰ ਨਹੀਂ ਦਿੰਦੀ। ਕੰਪਨੀ ਅਨੁਸਾਰ ਉਹ ਸਿਰਫ਼ ਸੁਤੰਤਰ ਡਿਲੀਵਰੀ ਕੰਪਨੀਆਂ ਨਾਲ ਕੰਮ ਕਰਦੀ ਹੈ, ਜੋ ਅੱਗੇ ਡਰਾਈਵਰਾਂ ਦਾ ਪ੍ਰਬੰਧ ਕਰਦੀਆਂ ਹਨ। ਫਿਲਹਾਲ ਡਰਾਈਵਰਾਂ ਦੀ ਇਹ ਹੜਤਾਲ 6ਵੇਂ ਦਿਨ ਵਿੱਚ ਦਾਖਲ ਹੋ ਚੁੱਕੀ ਹੈ ਅਤੇ ਉਹ ਯੂਨੀਅਨ ਦੇ ਸਹਾਰੇ ਆਪਣੀ ਆਵਾਜ਼ ਬੁਲੰਦ ਕਰਨ ਲਈ ਦ੍ਰਿੜ ਹਨ। ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਹਾਲਾਤ 'ਤੇ ਨਜ਼ਰ ਰੱਖੀ ਜਾ ਰਹੀ ਹੈ।

# ਕੈਲਗਰੀ ਪੁਲਿਸ ਵੱਲੋਂ ਅਗਵਾ ਅਤੇ ਹਥਿਆਰਾਂ ਦੇ ਮਾਮਲੇ ਵਿੱਚ ਭਗੌੜੇ ਗਗਨਦੀਪ ਸਿੰਘ ਦੀ ਭਾਲ

ਕੈਲਗਰੀ : ਕੈਲਗਰੀ ਪੁਲਿਸ ਇੱਕ ਅਜਿਹੇ ਵਿਅਕਤੀ ਦੀ ਭਾਲ ਕਰ ਰਹੀ ਹੈ ਜਿਸ ਦੀ ਅਗਵਾ, ਗੈਰ ਕਾਨੂੰਨੀ ਹਿਰਾਸਤ ਅਤੇ ਹਥਿਆਰਾਂ ਦੇ ਦੋਸ਼ਾਂ ਵਿੱਚ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਲੋਕਾਂ ਤੋਂ ਮਦਦ ਦੀ ਅਪੀਲ ਕੀਤੀ ਹੈ। ਅਧਿਕਾਰੀਆਂ ਅਨੁਸਾਰ 29 ਸਾਲਾ ਗਗਨਦੀਪ ਸਿੰਘ ਦੇ ਕੈਲਗਰੀ ਅਤੇ ਆਸਪਾਸ ਦੇ ਇਲਾਕਿਆਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਦੇ ਭਾਈਚਾਰਿਆਂ ਨਾਲ ਵੀ ਸੰਪਰਕ ਹਨ। ਉਸ ਵਿਰੁੱਧ ਫਾਇਰਆਰਮ ਨਾਲ ਅਗਵਾ ਕਰਨ, ਹਥਿਆਰ ਦਿਖਾਉਣ, ਗੈਰ ਕਾਨੂੰਨੀ ਤੌਰ 'ਤੇ ਬੰਧਕ ਬਣਾਉਣ ਅਤੇ ਹਥਿਆਰਾਂ ਨਾਲ ਹਮਲਾ ਕਰਨ ਦੇ ਵਾਰੰਟ ਜਾਰੀ ਕੀਤੇ ਗਏ ਹਨ। ਪੁਲਿਸ ਨੇ ਦੱਸਿਆ ਕਿ ਗਗਨਦੀਪ ਸਿੰਘ ਦੇ ਸਰੀਰ 'ਤੇ ਕੁਝ ਖਾਸ ਟੈਟੂ ਬਣੇ ਹੋਏ ਹਨ। ਉਸ ਦੀ ਸੱਜੀ ਬਾਂਹ 'ਤੇ ਇੱਕ ਔਰਤ ਦਾ ਟੈਟੂ ਅਤੇ ਖੱਬੀ ਬਾਂਹ 'ਤੇ ਨੀਲੇ ਅਤੇ ਲਾਲ ਰੰਗ ਦੇ ਬਾਜ਼ ਦਾ ਟੈਟੂ ਬਣਿਆ ਹੋਇਆ ਹੈ।



ਪੁਲਿਸ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਗਗਨਦੀਪ ਸਿੰਘ ਇੱਕ ਖਤਰਨਾਕ ਸ਼ੱਕੀ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਉਸ ਨੂੰ ਦੇਖਦਾ ਹੈ ਤਾਂ ਉਸ ਦੇ ਨੇੜੇ ਜਾਣ ਦੀ ਕੋਸ਼ਿਸ਼ ਨਾ ਕਰੇ ਅਤੇ ਤੁਰੰਤ ਪੁਲਿਸ ਨਾਲ ਸੰਪਰਕ ਕਰੇ।

FAST COMPUTER REPAIR
New Web Designing & Hosting Services
Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca
E-mail : harmeet@fastcomputerrepair.ca
778-928-4444

ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- **Dr. Puran Singh**
  Writer
- **Divroop Kaur**
  Journalist
- **Brar Bhagta Bhai Ka**
  604-751-1113
- **Harkirat Kaur**
  Administrator
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# 2009 ਤੋਂ ਬਾਅਦ ਕੈਨੇਡਾ ਵਿੱਚ ਕਰਜ਼ੇ ਦਾ ਗੰਭੀਰ ਸੰਕਟ

## 1.23 ਲੱਖ ਤੋਂ ਜ਼ਿਆਦਾ ਲੋਕਾਂ ਨੇ ਇੱਕ ਸਾਲ ਵਿੱਚ ਅਪਣਾਇਆ ਦੀਵਾਲੀਆਪਨ ਦਾ ਰਸਤਾ

**ਸੰਪਾਦਕੀ**

ਕੈਨੇਡਾ ਦੀ ਆਰਥਿਕਤਾ ਇਸ ਸਮੇਂ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਆਮ ਨਾਗਰਿਕਾਂ ਦੀ ਵਿੱਤੀ ਸਥਿਰਤਾ ਬੇਹੱਦ ਨਾਜ਼ੁਕ ਹਾਲਤ ਵਿੱਚ ਨਜ਼ਰ ਆ ਰਹੀ ਹੈ। ਹਾਲ ਹੀ ਵਿੱਚ ਜਾਰੀ ਕੀਤੇ ਗਏ ਅਧਿਕਾਰਤ ਅੰਕੜੇ ਇਹ ਸਪੱਸ਼ਟ ਕਰਦੇ ਹਨ ਕਿ ਖਪਤਕਾਰਾਂ ਦੇ ਦੀਵਾਲੀਆ ਹੋਣ ਦੀਆਂ ਦਰਾਂ 2009 ਦੇ ਵਿਸ਼ਵਵਿਆਪੀ ਆਰਥਿਕ ਮੰਦਵਾੜੇ ਤੋਂ ਬਾਅਦ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ ਹਨ। ਇਹ ਸਥਿਤੀ ਸਿਰਫ ਅੰਕੜਿਆਂ ਦਾ ਵਾਧਾ ਨਹੀਂ ਹੈ, ਸਗੋਂ ਇਹ ਦੇਸ਼ ਦੇ ਲੱਖਾਂ ਪਰਿਵਾਰਾਂ ਦੀ ਆਰਥਿਕ ਮਜਬੂਰੀ ਅਤੇ ਮਾਨਸਿਕ ਤਣਾਅ ਦੀ ਇੱਕ ਦਰਦਨਾਕ ਤਸਵੀਰ ਪੇਸ਼ ਕਰਦੀ ਹੈ। ਜਦੋਂ ਕਿਸੇ ਵਿਕਸਿਤ ਦੇਸ਼ ਵਿੱਚ ਖਪਤਕਾਰ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਅਤੇ ਕਰਜ਼ਿਆਂ ਦੀਆਂ ਕਿਸ਼ਤਾਂ ਨੂੰ ਮੋੜਨ ਵਿੱਚ ਅਸਮਰੱਥ ਹੋਣ ਲੱਗਦੇ ਹਨ, ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਦੇ ਆਰਥਿਕ ਢਾਂਚੇ ਵਿੱਚ ਕਿਤੇ ਨਾ ਕਿਤੇ ਡੂੰਘੀ ਖਰਾਬੀ ਪੈਦਾ ਹੋ ਚੁੱਕੀ ਹੈ।

ਇਸ ਵਿੱਤੀ ਸੰਕਟ ਦੇ ਪਿੱਛੇ ਕਈ ਅਹਿਮ ਕਾਰਨ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਮੁੱਖ ਵਿਆਜ ਦਰਾਂ ਵਿੱਚ ਹੋਇਆ ਤੇਜ਼ ਵਾਧਾ ਹੈ। ਬੈਂਕ ਆਫ ਕੈਨੇਡਾ ਵੱਲੋਂ ਮਹਿੰਗਾਈ ਨੂੰ ਕਾਬੂ ਕਰਨ ਲਈ ਚੁੱਕੇ ਗਏ ਸਖ਼ਤ ਕਦਮਾਂ ਨੇ ਸਿੱਧੇ ਤੌਰ 'ਤੇ ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ ਜਿਨ੍ਹਾਂ ਨੇ ਮੋਰਗੇਜ ਜਾਂ ਹੋਰ ਨਿੱਜੀ ਕਰਜ਼ੇ ਲਏ ਹੋਏ ਸਨ। ਜਦੋਂ ਵਿਆਜ ਦਰਾਂ ਵਧਦੀਆਂ ਹਨ, ਤਾਂ ਮਹੀਨਾਵਾਰ ਕਿਸ਼ਤਾਂ ਵਿੱਚ ਭਾਰੀ ਵਾਧਾ ਹੁੰਦਾ ਹੈ, ਜਿਸ ਨਾਲ ਘਰੇਲੂ ਬਜਟ ਪੂਰੀ ਤਰ੍ਹਾਂ ਹਿੱਲ ਜਾਂਦਾ ਹੈ। ਕੈਨੇਡਾ ਵਿੱਚ ਬਹੁਤ ਸਾਰੇ ਲੋਕਾਂ ਨੇ ਉਸ ਸਮੇਂ ਕਰਜ਼ੇ ਲਏ ਸਨ ਜਦੋਂ ਵਿਆਜ ਦਰਾਂ ਇਤਿਹਾਸਕ ਤੌਰ 'ਤੇ ਹੇਠਲੇ ਪੱਧਰ 'ਤੇ ਸਨ, ਪਰ ਹੁਣ ਜਦੋਂ ਇਹ ਦਰਾਂ ਤੇਜ਼ੀ ਨਾਲ ਉੱਪਰ ਗਈਆਂ ਹਨ, ਤਾਂ ਉਨ੍ਹਾਂ ਕਰਜ਼ਿਆਂ ਨੂੰ ਚੁਕਾਉਣਾ ਬਹੁਤ ਮੁਸ਼ਕਲ ਹੋ ਗਿਆ ਹੈ।

ਮੌਜੂਦਾ ਰਿਪੋਰਟਾਂ ਮੁਤਾਬਕ, ਸਿਰਫ ਇੱਕ ਮਹੀਨੇ ਦੇ ਅੰਦਰ ਹੀ ਲਗਭਗ 13,000 ਤੋਂ ਵਧੇਰੇ ਕੈਨੇਡੀਅਨਾਂ ਨੇ ਦੀਵਾਲੀਆ ਹੋਣ ਜਾਂ 'ਕੰਜ਼ਿਊਮਰ ਪ੍ਰਪੋਜ਼ਲ' ਲਈ ਅਰਜ਼ੀ ਦਿੱਤੀ ਹੈ। ਜੇਕਰ ਇਸ ਅੰਕੜੇ ਦਾ ਰੋਜ਼ਾਨਾ ਹਿਸਾਬ ਲਗਾਇਆ ਜਾਵੇ, ਤਾਂ ਔਸਤਨ 433 ਲੋਕ ਹਰ ਰੋਜ਼ ਇਸ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਕਾਨੂੰਨੀ ਮਦਦ ਲੈਣ ਲਈ ਮਜਬੂਰ ਹੋ ਰਹੇ ਹਨ।

ਪਿਛਲੇ ਇੱਕ ਸਾਲ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕੁੱਲ 1.23 ਲੱਖ ਤੋਂ ਵਧੇਰੇ ਲੋਕਾਂ ਨੇ ਦੀਵਾਲੀਆਪਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਇਹ ਗਿਣਤੀ 2009 ਦੇ ਵਿਸ਼ਵਵਿਆਪੀ ਆਰਥਿਕ ਮੰਦਵਾੜੇ ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਮਹਿੰਗਾਈ ਅਤੇ ਵਧੀਆਂ ਹੋਈਆਂ ਵਿਆਜ ਦਰਾਂ ਨੇ ਲੋਕਾਂ ਦੀਆਂ ਜੇਬਾਂ 'ਤੇ ਅਜਿਹਾ ਅਸਰ ਪਾਇਆ ਹੈ ਕਿ ਹੁਣ ਉਹ ਆਪਣੇ ਕਰਜ਼ੇ ਮੋੜਨ ਦੀ ਸਥਿਤੀ ਵਿੱਚ ਨਹੀਂ ਰਹੇ ਹਨ।

ਇਸ ਤੋਂ ਇਲਾਵਾ, ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਹੋ ਰਿਹਾ ਵਾਧਾ ਵੀ ਇੱਕ ਮਹੱਤਵਪੂਰਨ ਪਹਿਲੂ ਹੈ। ਖਾਣ-ਪੀਣ ਦੀਆਂ ਵਸਤੂਆਂ, ਬਾਲਣ ਅਤੇ ਰਿਹਾਇਸ਼ੀ ਖਰਚਿਆਂ ਵਿੱਚ ਹੋਏ ਵਾਧੇ ਨੇ ਲੋਕਾਂ ਦੀ ਬਚਤ ਨੂੰ ਖਤਮ ਕਰ ਦਿੱਤਾ ਹੈ। ਬਹੁਤ ਸਾਰੇ ਕੈਨੇਡੀਅਨ ਹੁਣ ਆਪਣੇ ਰੋਜ਼ਾਨਾ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕ੍ਰੈਡਿਟ ਕਾਰਡਾਂ 'ਤੇ ਨਿਰਭਰ ਹੋ ਰਹੇ ਹਨ। ਜਦੋਂ ਕ੍ਰੈਡਿਟ ਕਾਰਡਾਂ ਦਾ ਕਰਜ਼ਾ ਆਪਣੀ ਸੀਮਾ ਤੋਂ ਬਾਹਰ ਹੋ ਜਾਂਦਾ ਹੈ, ਤਾਂ ਖਪਤਕਾਰਾਂ ਕੋਲ ਦੀਵਾਲੀਆਪਨ ਜਾਂ ਕੰਜ਼ਿਊਮਰ ਪ੍ਰਪੋਜ਼ਲ ਦੇ ਰਸਤੇ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਦਾ। ਇਹ ਦੇਖਣਾ ਦਿਲਚਸਪ ਹੈ ਕਿ ਜ਼ਿਆਦਾਤਰ ਲੋਕ ਸਿੱਧੇ ਦੀਵਾਲੀਆ ਹੋਣ ਦੀ ਬਜਾਏ 'ਪ੍ਰਪੋਜ਼ਲ' ਦਾ ਰਸਤਾ ਚੁਣ ਰਹੇ ਹਨ, ਜੋ ਇਹ ਦਰਸਾਉਂਦਾ ਹੈ ਕਿ ਉਹ ਆਪਣੀ ਸਮਰੱਥਾ ਅਨੁਸਾਰ ਕਰਜ਼ੇ ਦਾ ਕੁਝ ਹਿੱਸਾ ਮੋੜਨ ਦੀ ਕੋਸ਼ਿਸ਼ ਜ਼ਰੂਰ ਕਰ ਰਹੇ ਹਨ।

ਹਾਊਸਿੰਗ ਮਾਰਕੀਟ ਦੀ ਗੱਲ ਕਰੀਏ ਤਾਂ ਕੈਨੇਡਾ ਵਿੱਚ ਰਿਹਾਇਸ਼ ਦਾ ਸੰਕਟ ਇੱਕ ਗੁੰਝਲਦਾਰ ਸਮੱਸਿਆ ਬਣ ਚੁੱਕਾ ਹੈ। ਮਕਾਨਾਂ ਦੀਆਂ ਅਸਮਾਨ ਨੂੰ ਛੂਹ ਰਹੀਆਂ ਕੀਮਤਾਂ ਅਤੇ ਕਿਰਾਏ ਵਿੱਚ ਹੋ ਰਹੇ ਲਗਾਤਾਰ ਵਾਧੇ ਨੇ ਮੱਧ ਵਰਗ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜੋ ਲੋਕ ਪਹਿਲਾਂ ਹੀ ਆਪਣੇ ਘਰ ਦੀਆਂ ਕਿਸ਼ਤਾਂ ਮੋੜਨ ਲਈ ਸੰਘਰਸ਼ ਕਰ ਰਹੇ ਸਨ, ਉਨ੍ਹਾਂ ਲਈ ਵਧੇ ਹੋਏ ਵਿਆਜ ਨੇ ਸਥਿਤੀ ਹੋਰ ਵੀ ਗੰਭੀਰ ਕਰ ਦਿੱਤੀ ਹੈ। ਕਿਰਾਏਦਾਰਾਂ ਲਈ ਵੀ ਸਥਿਤੀ ਕੋਈ ਬਿਹਤਰ ਨਹੀਂ ਹੈ, ਕਿਉਂਕਿ ਕਿਰਾਏ ਦਾ ਇੱਕ ਹਿੱਸਾ ਉਨ੍ਹਾਂ ਦੀ ਆਮਦਨ ਦਾ ਬਹੁਤ ਹਿੱਸਾ ਨਿਗਲ ਜਾਂਦਾ ਹੈ। ਜਦੋਂ ਆਮਦਨ ਦਾ 30 ਤੋਂ 50 ਫੀਸਦੀ ਹਿੱਸਾ ਸਿਰਫ ਰਹਿਣ ਦੇ ਖਰਚੇ 'ਤੇ ਨਿਕਲ ਜਾਂਦਾ ਹੈ, ਤਾਂ ਹੋਰ ਕਰਜ਼ਿਆਂ ਦੀ ਅਦਾਇਗੀ ਕਰਨਾ ਅਸੰਭਵ ਹੋ ਜਾਂਦਾ ਹੈ।

ਫੈਡਰਲ ਪੱਧਰ 'ਤੇ ਇਸ ਸਥਿਤੀ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਫੈਡਰਲ ਸਰਕਾਰ ਵੱਲੋਂ ਬਣਾਈਆਂ ਜਾਂਦੀਆਂ ਆਰਥਿਕ ਨੀਤੀਆਂ ਦਾ ਸਿੱਧਾ ਅਸਰ ਆਮ ਜਨਤਾ ਦੀ ਜੇਬ 'ਤੇ ਪੈਂਦਾ ਹੈ। ਹਾਲਾਂਕਿ ਸਰਕਾਰ ਦਾ ਤਰਕ ਹੁੰਦਾ ਹੈ ਕਿ ਮਹਿੰਗਾਈ ਨੂੰ ਕਾਬੂ ਕਰਨ ਲਈ ਵਿਆਜ ਦਰਾਂ ਵਧਾਉਣਾ ਇੱਕ ਜ਼ਰੂਰੀ ਕਦਮ ਹੈ, ਪਰ ਇਸ ਦਾ ਮਾਰੂ ਪ੍ਰਭਾਵ ਉਨ੍ਹਾਂ ਲੋਕਾਂ 'ਤੇ ਪੈ ਰਿਹਾ ਹੈ ਜੋ ਪਹਿਲਾਂ ਹੀ ਵਿੱਤੀ ਤੌਰ 'ਤੇ ਕਮਜ਼ੋਰ ਹਨ। ਫੈਡਰਲ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਸਹਾਇਤਾ ਪ੍ਰੋਗਰਾਮਾਂ ਨੂੰ ਮਜ਼ਬੂਤ ਕਰੇ ਜੋ ਕਰਜ਼ੇ ਦੇ ਜਾਲ ਵਿੱਚ ਫਸੇ ਲੋਕਾਂ ਨੂੰ ਸਹੀ ਸਲਾਹ ਅਤੇ ਰਾਹਤ ਪ੍ਰਦਾਨ ਕਰ ਸਕਣ। ਵਿੱਤੀ ਸਾਖਰਤਾ ਨੂੰ ਵਧਾਉਣਾ ਵੀ ਇੱਕ ਅਹਿਮ ਕਦਮ ਹੋ ਸਕਦਾ ਹੈ, ਪਰ ਮੌਜੂਦਾ ਹਾਲਾਤਾਂ ਵਿੱਚ ਸਿਰਫ ਸਲਾਹ ਨਾਲ ਕੰਮ ਨਹੀਂ ਚੱਲਣਾ, ਸਗੋਂ ਠੋਸ ਆਰਥਿਕ ਰਾਹਤ ਦੀ ਲੋੜ ਹੈ।

ਅੰਕੜਿਆਂ ਦੀ ਡੂੰਘਾਈ ਵਿੱਚ ਜਾਈਏ ਤਾਂ ਪਤਾ ਲੱਗਦਾ ਹੈ ਕਿ ਇਹ ਸਮੱਸਿਆ ਦੇਸ਼ ਦੇ ਕਿਸੇ ਇੱਕ ਹਿੱਸੇ ਤੱਕ ਸੀਮਤ ਨਹੀਂ ਹੈ। ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਕਿਊਬੈਕ ਵਰਗੇ ਸੂਬਿਆਂ ਵਿੱਚ ਦੀਵਾਲੀਆ ਹੋਣ ਦੀਆਂ ਦਰਾਂ ਵਿੱਚ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ। ਇਹ ਸੂਬੇ ਕੈਨੇਡਾ ਦੇ ਆਰਥਿਕ ਇੰਜਣ ਮੰਨੇ ਜਾਂਦੇ ਹਨ ਅਤੇ ਇੱਥੇ ਖਪਤਕਾਰਾਂ ਦੀ ਵਿੱਤੀ ਸਿਹਤ ਖਰਾਬ ਹੋਣਾ ਪੂਰੇ ਦੇਸ਼ ਦੀ ਜੀਡੀਪੀ ਲਈ ਇੱਕ ਚੇਤਾਵਨੀ ਹੈ। ਜਦੋਂ ਖਪਤਕਾਰਾਂ ਕੋਲ ਖਰਚ ਕਰਨ ਲਈ ਪੈਸਾ ਨਹੀਂ ਹੁੰਦਾ, ਤਾਂ ਬਾਜ਼ਾਰ ਵਿੱਚ ਮੰਗ ਘਟਦੀ ਹੈ, ਜਿਸ ਨਾਲ ਕਾਰੋਬਾਰਾਂ ਨੂੰ ਨੁਕਸਾਨ ਹੁੰਦਾ ਹੈ ਅਤੇ ਅੰਤ ਵਿੱਚ ਬੇਰੁਜ਼ਗਾਰੀ ਵਧਣ ਦਾ ਖਤਰਾ ਪੈਦਾ ਹੋ ਜਾਂਦਾ ਹੈ।

ਇਹ ਵਿੱਤੀ ਸੰਕਟ ਸਿਰਫ ਨਿੱਜੀ ਪੱਧਰ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਇਸਦਾ ਸਮਾਜਿਕ ਪ੍ਰਭਾਵ ਵੀ ਬਹੁਤ ਡੂੰਘਾ ਹੁੰਦਾ ਹੈ। ਕਰਜ਼ੇ ਦੇ ਬੋਝ ਕਾਰਨ ਪਰਿਵਾਰਾਂ ਵਿੱਚ ਤਣਾਅ ਵਧਦਾ ਹੈ, ਜਿਸ ਨਾਲ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਇਹ ਪਰਿਵਾਰਕ ਟੁੱਟ-ਭੱਜ ਦਾ ਕਾਰਨ ਵੀ ਬਣਦਾ ਹੈ। ਜਦੋਂ ਸਮਾਜ ਦਾ ਇੱਕ ਬਹੁਤ ਹਿੱਸਾ ਆਰਥਿਕ ਤੰਗੀ ਵਿੱਚੋਂ ਗੁਜ਼ਰ ਰਿਹਾ ਹੋਵੇ, ਤਾਂ ਦੇਸ਼ ਦੀ ਸਮਾਜਿਕ ਤਾਣੀ-ਬਾਣੀ ਪ੍ਰਭਾਵਿਤ ਹੋਣੀ ਸੁਭਾਵਿਕ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਇਸ ਨੂੰ ਸਿਰਫ ਇੱਕ ਆਰਥਿਕ ਅੰਕੜੇ ਵਜੋਂ ਨਹੀਂ, ਸਗੋਂ ਇੱਕ ਮਾਨਵਤਾਵਾਦੀ ਸੰਕਟ ਵਜੋਂ ਦੇਖਿਆ ਜਾਵੇ।

ਬੈਂਕਿੰਗ ਸੈਕਟਰ ਦੀ ਭੂਮਿਕਾ ਵੀ ਇੱਥੇ ਚਰਚਾ ਦਾ ਵਿਸ਼ਾ ਬਣਨੀ ਚਾਹੀਦੀ ਹੈ। ਬੈਂਕਾਂ ਵੱਲੋਂ ਆਸਾਨੀ ਨਾਲ ਦਿੱਤੇ ਜਾਣ ਵਾਲੇ ਕਰਜ਼ੇ ਅਤੇ ਕ੍ਰੈਡਿਟ ਲਿਮਿਟ ਨੇ ਲੋਕਾਂ ਨੂੰ ਆਪਣੀ ਸਮਰੱਥਾ ਤੋਂ ਵੱਧ ਖਰਚ ਕਰਨ ਲਈ ਉਤਸ਼ਾਹਿਤ ਕੀਤਾ। ਹੁਣ ਜਦੋਂ ਵਾਪਸੀ ਦਾ ਸਮਾਂ ਆਇਆ ਹੈ, ਤਾਂ ਇਹੀ ਸਹੂਲਤਾਂ ਲੋਕਾਂ ਲਈ ਫੰਦਾ ਬਣ ਗਈਆਂ ਹਨ। ਵਿੱਤੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਕਰਜ਼ਾ ਦੇਣ ਵੇਲੇ ਵਧੇਰੇ ਜ਼ਿੰਮੇਵਾਰੀ ਦਿਖਾਉਣ ਅਤੇ ਖਪਤਕਾਰਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਣ ਤੋਂ ਬਚਾਉਣ ਲਈ ਅਗਾਊਂ ਉਪਾਅ ਕਰਨ। ਕਰਜ਼ਿਆਂ ਦੀ ਮੁੜ-ਸੰਚਾਲਨਾ (ਰੀਸਟਰਕਚਰਿੰਗ) ਲਈ ਲਚਕਦਾਰ ਨੀਤੀਆਂ ਅਪਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਦੀਵਾਲੀਆਪਨ ਦੀ ਨੌਬਤ ਨਾ ਆਵੇ।

ਆਉਣ ਵਾਲੇ ਸਮੇਂ ਵਿੱਚ ਸਥਿਤੀ ਕੀ ਰੂਪ ਲਵੇਗੀ, ਇਸ ਬਾਰੇ ਅਰਥ ਸ਼ਾਸਤਰੀਆਂ ਦੇ ਵਿਚਾਰ ਵੱਖੋ-ਵੱਖਰੇ ਹਨ। ਕੁਝ ਦਾ ਮੰਨਣਾ ਹੈ ਕਿ ਜੇਕਰ ਵਿਆਜ ਦਰਾਂ ਵਿੱਚ ਕਮੀ ਆਉਂਦੀ ਹੈ, ਤਾਂ ਖਪਤਕਾਰਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ। ਪਰ ਦੂਜੇ ਪਾਸੇ, ਕੁਝ ਮਾਹਰ ਚੇਤਾਵਨੀ ਦਿੰਦੇ ਹਨ ਕਿ ਕਰਜ਼ੇ ਦਾ ਇਹ ਪੱਧਰ ਇੰਨਾ ਵਧ ਚੁੱਕਾ ਹੈ ਕਿ ਸਿਰਫ ਵਿਆਜ ਦਰਾਂ ਘਟਾਉਣ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ। ਲੋਕਾਂ ਦੀ ਅਸਲ ਆਮਦਨ ਵਿੱਚ ਵਾਧਾ ਹੋਣਾ ਅਤੇ ਰਿਹਾਇਸ਼ੀ ਲਾਗਤਾਂ ਵਿੱਚ ਸਥਿਰਤਾ ਆਉਣੀ ਬੇਹੱਦ ਜ਼ਰੂਰੀ ਹੈ। ਫੈਡਰਲ ਨੀਤੀ ਘਾੜਿਆਂ ਨੂੰ ਇਸ ਪਾਸੇ ਧਿਆਨ ਦੇਣਾ ਪਵੇਗਾ ਕਿ ਆਰਥਿਕ ਵਿਕਾਸ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚੇ।

ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ 2009 ਦੇ ਸੰਕਟ ਅਤੇ ਮੌਜੂਦਾ ਸੰਕਟ ਵਿੱਚ ਇੱਕ ਮੂਲ ਅੰਤਰ ਹੈ। 2009 ਵਿੱਚ ਸਮੱਸਿਆ ਵਿਸ਼ਵਵਿਆਪੀ ਬੈਂਕਿੰਗ ਪ੍ਰਣਾਲੀ ਦੀ ਅਸਫਲਤਾ ਕਾਰਨ ਸੀ, ਜਦੋਂ ਕਿ ਮੌਜੂਦਾ ਸਮੱਸਿਆ ਘਰੇਲੂ ਕਰਜ਼ੇ ਅਤੇ ਮਹਿੰਗਾਈ ਦਾ ਸੁਮੇਲ ਹੈ। ਇਸਦਾ ਮਤਲਬ ਹੈ ਕਿ ਹੱਲ ਵੀ ਸਥਾਨਕ ਪੱਧਰ 'ਤੇ ਹੀ ਲੱਭਣੇ ਪੈਣਗੇ। ਫੈਡਰਲ ਸਰਕਾਰ ਨੂੰ ਵਿੱਤੀ ਘਾਟੇ ਨੂੰ ਕਾਬੂ ਕਰਨ ਦੇ ਨਾਲ-ਨਾਲ ਅਜਿਹੇ ਉਪਾਅ ਕਰਨੇ ਪੈਣਗੇ ਜੋ ਮੱਧ ਵਰਗ ਦੀ ਖਰੀਦ ਸ਼ਕਤੀ ਨੂੰ ਮੁੜ ਸੁਰਜੀਤ ਕਰ ਸਕਣ।

ਦੀਵਾਲੀਆਪਨ ਦੇ ਇਹ ਵਧਦੇ ਅੰਕੜੇ ਸਾਡੇ ਆਰਥਿਕ ਮਾਡਲ 'ਤੇ ਵੀ ਸਵਾਲ ਖੜ੍ਹੇ ਕਰਦੇ ਹਨ। ਕੀ ਅਸੀਂ ਇੱਕ ਅਜਿਹੀ ਆਰਥਿਕਤਾ ਵੱਲ ਵਧ ਰਹੇ ਹਾਂ ਜੋ ਸਿਰਫ ਕਰਜ਼ੇ 'ਤੇ ਟਿਕੀ ਹੋਈ ਹੈ? ਜੇਕਰ ਅਜਿਹਾ ਹੈ, ਤਾਂ ਇਹ ਲੰਬੇ ਸਮੇਂ ਲਈ ਟਿਕਾਊ ਨਹੀਂ ਹੋ ਸਕਦਾ। ਖਪਤਕਾਰਾਂ ਦੇ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਲਈ ਪਾਰਦਰਸ਼ੀ ਨੀਤੀਆਂ ਅਤੇ ਮਜ਼ਬੂਤ ਆਰਥਿਕ ਬੁਨਿਆਦ ਦੀ ਲੋੜ ਹੈ। ਜਦੋਂ ਤੱਕ ਆਮ ਨਾਗਰਿਕ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਸੁਰੱਖਿਅਤ ਮਹਿਸੂਸ ਨਹੀਂ ਕਰਦਾ, ਉਦੋਂ ਤੱਕ ਦੇਸ਼ ਦੀ ਤਰੱਕੀ ਦੇ ਦਾਅਵੇ ਖੋਖਲੇ ਹਨ।

ਸੰਖੇਪ ਵਿੱਚ, ਕੈਨੇਡਾ ਵਿੱਚ ਖਪਤਕਾਰਾਂ ਦੀਆਂ ਦੀਵਾਲੀਆ ਹੋਣ ਦੀਆਂ ਵਧਦੀਆਂ ਘਟਨਾਵਾਂ ਇੱਕ ਗੰਭੀਰ ਚੇਤਾਵਨੀ ਹਨ। ਇਹ ਸਿਰਫ ਇੱਕ ਆਰਥਿਕ ਰੁਝਾਨ ਨਹੀਂ ਹੈ, ਸਗੋਂ ਇਹ ਸਰਕਾਰ, ਵਿੱਤੀ ਸੰਸਥਾਵਾਂ ਅਤੇ ਖੁਦ ਖਪਤਕਾਰਾਂ ਲਈ ਇੱਕ ਸਬਕ ਹੈ। ਫੈਡਰਲ ਸਰਕਾਰ ਨੂੰ ਤੁਰੰਤ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ ਜੋ ਨਾ ਸਿਰਫ ਮਹਿੰਗਾਈ ਨੂੰ ਕਾਬੂ ਕਰਨ, ਸਗੋਂ ਲੋਕਾਂ ਨੂੰ ਕਰਜ਼ੇ ਦੇ ਇਸ ਬੇਰਹਿਮ ਚੱਕਰ ਵਿੱਚੋਂ ਬਾਹਰ ਕੱਢਣ ਵਿੱਚ ਮਦਦਗਾਰ ਹੋਣ। ਸਾਨੂੰ ਇੱਕ ਅਜਿਹੇ ਆਰਥਿਕ ਮਾਹੌਲ ਦੀ ਲੋੜ ਹੈ ਜਿੱਥੇ ਸਖ਼ਤ ਮਿਹਨਤ ਕਰਨ ਵਾਲੇ ਲੋਕਾਂ ਨੂੰ ਆਪਣੀਆਂ ਮੂਲ ਲੋੜਾਂ ਪੂਰੀਆਂ ਕਰਨ ਲਈ ਦੀਵਾਲੀਆ ਹੋਣ ਵਰਗੇ ਦੁਖਦਾਈ ਫੈਸਲੇ ਨਾ ਲੈਣੇ ਪੈਣ।

ਆਉਣ ਵਾਲੇ ਮਹੀਨੇ ਕੈਨੇਡੀਅਨ ਆਰਥਿਕਤਾ ਲਈ ਪਰਖ ਦੀ ਘੜੀ ਹੋਣਗੇ। ਜੇਕਰ ਸਹੀ ਸਮੇਂ 'ਤੇ ਸਹੀ ਫੈਸਲੇ ਨਾ ਲਏ ਗਏ, ਤਾਂ ਇਹ ਵਿੱਤੀ ਸੰਕਟ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਆਰਥਿਕ ਨੀਤੀਆਂ ਦਾ ਕੇਂਦਰ ਬਿੰਦੂ ਆਮ ਖਪਤਕਾਰ ਨੂੰ ਬਣਾਇਆ ਜਾਵੇ, ਕਿਉਂਕਿ ਕਿਸੇ ਵੀ ਦੇਸ਼ ਦੀ ਆਰਥਿਕਤਾ ਉਸ ਦੇ ਨਾਗਰਿਕਾਂ ਦੀ ਖੁਸ਼ਹਾਲੀ ਵਿੱਚ ਹੀ ਵਸਦੀ ਹੈ। ਦੀਵਾਲੀਆਪਨ ਦੀਆਂ ਇਹ ਵਧਦੀਆਂ ਦਰਾਂ ਨੂੰ ਰੋਕਣਾ ਸਿਰਫ ਇੱਕ ਆਰਥਿਕ ਟੀਚਾ ਨਹੀਂ ਹੋਣਾ ਚਾਹੀਦਾ, ਸਗੋਂ ਇਹ ਇੱਕ ਸਮਾਜਿਕ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਜਦੋਂ ਤੱਕ ਹਰ ਕੈਨੇਡੀਅਨ ਪਰਿਵਾਰ ਆਪਣੀ ਵਿੱਤੀ ਸਿਹਤ ਨੂੰ ਲੈ ਕੇ ਨਿਸ਼ਚਿੰਤ ਨਹੀਂ ਹੁੰਦਾ, ਉਦੋਂ ਤੱਕ ਆਰਥਿਕ ਸਥਿਰਤਾ ਦਾ ਸੁਪਨਾ ਅਧੂਰਾ ਹੀ ਰਹੇਗਾ।

# ਵੈਨਕੂਵਰ ਅਤੇ ਕੈਮਲੂਪਸ ਵਿੱਚ ਬਣਨਗੇ ਅਤਿ-ਆਧੁਨਿਕ ਏ.ਆਈ. ਡਾਟਾ ਸੈਂਟਰ

## ਲੋਕਾਂ ਵਲੋਂ ਕੀਤਾ ਜਾ ਰਿਹਾ ਵਿਰੋਧ



### 9 ਬਿਲੀਅਨ ਡਾਲਰ ਦੇ ਨਿਵੇਸ਼ ਦੀ ਉਮੀਦ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ 3 ਨਵੇਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਡਾਟਾ ਸੈਂਟਰਾਂ ਦਾ ਇੱਕ ਵਿਸ਼ਾਲ ਕਲੱਸਟਰ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਇਸ 'ਸਾਵਰੇਨ ਏ.ਆਈ. ਇਨਫਰਾਸਟਰੱਕਚਰ' ਪ੍ਰੋਜੈਕਟ ਦਾ ਐਲਾਨ 11 ਮਈ ਨੂੰ ਟੈਲਸ ਅਤੇ ਫੈਡਰਲ ਸਰਕਾਰ ਦੇ ਸਾਂਝੇ ਸਹਿਯੋਗ ਨਾਲ ਕੀਤਾ ਗਿਆ ਹੈ। ਟੈਲਸ ਅਨੁਸਾਰ ਇਹ ਪ੍ਰੋਜੈਕਟ ਫੈਡਰਲ ਸਰਕਾਰ ਦੀ 'ਇਨੇਬਲਿੰਗ ਲਾਰਜ-ਸਕੇਲ ਸਾਵਰੇਨ ਏ.ਆਈ. ਡਾਟਾ ਸੈਂਟਰ' ਪਹਿਲਕਦਮੀ ਦੇ ਤਹਿਤ ਤਿਆਰ ਕੀਤਾ ਜਾ ਰਿਹਾ ਹੈ। ਇਸ ਦਾ ਮੁੱਖ ਮਕਸਦ ਕੈਨੇਡਾ ਨੂੰ ਵਿਸ਼ਵਵਿਆਪੀ ਏ.ਆਈ. ਆਰਥਿਕਤਾ ਵਿੱਚ ਮੁਕਾਬਲੇਬਾਜ਼ ਬਣਾਉਣ ਲਈ ਉੱਚ-ਪੱਧਰੀ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਹੈ। ਇਸ ਯੋਜਨਾ ਤਹਿਤ 2 ਡਾਟਾ ਸੈਂਟਰ ਵੈਨਕੂਵਰ ਵਿੱਚ ਅਤੇ 1 ਕੈਮਲੂਪਸ ਵਿੱਚ ਸਥਾਪਿਤ ਕੀਤਾ ਜਾਵੇਗਾ। ਕੈਮਲੂਪਸ ਏ.ਆਈ. ਫੈਕਟਰੀ ਦੇ 2026 ਦੇ ਅਖੀਰ ਤੱਕ ਚਾਲੂ ਹੋਣ ਦੀ ਉਮੀਦ ਹੈ। ਵੈਨਕੂਵਰ ਦੇ ਮਾਊਂਟ ਪਲੈਜ਼ੈਂਟ ਇਲਾਕੇ ਵਿੱਚ ਐਮ3 ਸਹੂਲਤ 2026 ਦੇ ਅੰਤ ਤੱਕ ਖੁੱਲ੍ਹੇਗੀ ਅਤੇ 2028 ਤੱਕ ਇਸ ਦਾ ਪਸਾਰ ਕੀਤਾ ਜਾਵੇਗਾ। ਇਸੇ ਤਰ੍ਹਾਂ 150 ਵੈਸਟ ਜਾਰਜੀਆ ਸਥਿਤ ਇਕਾਈ 2029 ਵਿੱਚ ਕੰਮ ਕਰਨਾ ਸ਼ੁਰੂ ਕਰੇਗੀ। ਟੈਲਸ ਦਾ ਦਾਅਵਾ ਹੈ ਕਿ 2032 ਤੱਕ ਇਹ ਸੈਂਟਰ 60,000 ਤੋਂ ਵੱਧ ਜੀ.ਪੀ.ਯੂ. ਅਤੇ 150 ਮੈਗਾਵਾਟ ਤੱਕ ਦੀ ਸਮਰੱਥਾ ਹਾਸਲ ਕਰ ਲੈਣਗੇ। ਟੈਲਸ ਦੇ ਪ੍ਰਧਾਨ ਅਤੇ ਸੀ.ਈ.ਓ. ਡੈਰਨ ਐਂਟਵਿਸਟਲ ਨੇ ਦੱਸਿਆ ਕਿ ਇਹ ਪ੍ਰੋਜੈਕਟ ਕੈਨੇਡੀਅਨ ਆਰਥਿਕਤਾ ਵਿੱਚ 9 ਬਿਲੀਅਨ ਡਾਲਰ ਦਾ ਯੋਗਦਾਨ ਪਾਵੇਗਾ। ਵਾਤਾਵਰਣ ਸੰਬੰਧੀ ਚਿੰਤਾਵਾਂ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਇਹ ਦੁਨੀਆ ਦੇ ਸਭ ਤੋਂ ਟਿਕਾਊ ਡਾਟਾ ਸੈਂਟਰ ਹੋਣਗੇ ਜੋ 98 ਫੀਸਦੀ ਸਾਫ਼ ਊਰਜਾ ਨਾਲ ਚੱਲਣਗੇ। ਇਨ੍ਹਾਂ ਸੈਂਟਰਾਂ ਵਿੱਚੋਂ ਨਿਕਲਣ ਵਾਲੀ ਫਾਲਤੂ ਗਰਮੀ ਨੂੰ ਰੀਸਾਈਕਲ ਕਰਕੇ ਮੈਟਰੋ ਵੈਨਕੂਵਰ ਦੇ 150,000 ਤੋਂ ਵੱਧ ਘਰਾਂ ਨੂੰ ਗਰਮ ਰੱਖਣ ਲਈ ਵਰਤਿਆ ਜਾਵੇਗਾ। ਇਹ ਕਦਮ ਰਿਮੋਸਕੀ, ਕਿਊਬਿਕ ਵਿੱਚ ਉਨ੍ਹਾਂ ਦੀ ਪਹਿਲੀ ਏ.ਆਈ. ਫੈਕਟਰੀ ਦੀ ਭਾਰੀ ਮੰਗ ਤੋਂ ਬਾਅਦ ਚੁੱਕਿਆ ਗਿਆ ਹੈ। ਫੈਡਰਲ ਐਨ.ਡੀ.ਪੀ. ਦੇ ਆਗੂ ਐਵੀ ਲੁਈਸ ਨੇ ਇਸ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਾਰਪੋਰੇਟ ਏ.ਆਈ. ਸੈਂਟਰਾਂ ਦੀ ਬਜਾਏ ਸਸਤੇ ਘਰਾਂ ਅਤੇ ਜਨਤਕ ਸਹੂਲਤਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਲੁਈਸ ਨੇ ਡਾਟਾ ਪ੍ਰਭੂਸੱਤਾ ਦੇ ਦਾਅਵਿਆਂ 'ਤੇ ਵੀ ਸਵਾਲ ਉਠਾਏ ਅਤੇ ਮੰਗ ਕੀਤੀ ਕਿ ਜਦੋਂ ਤੱਕ ਮਜ਼ਬੂਤ ਫੈਡਰਲ ਦਿਸ਼ਾ-ਨਿਰਦੇਸ਼ ਲਾਗੂ ਨਹੀਂ ਹੁੰਦੇ, ਉਦੋਂ ਤੱਕ ਨਵੇਂ ਏ.ਆਈ. ਡਾਟਾ ਸੈਂਟਰਾਂ ਦੀ ਉਸਾਰੀ 'ਤੇ ਤੁਰੰਤ ਰੋਕ ਲਗਾਈ ਜਾਣੀ ਚਾਹੀਦੀ ਹੈ। ਟੈਲਸ ਨੇ ਵੀ ਸਪੱਸ਼ਟ ਕੀਤਾ ਹੈ ਕਿ ਇਹ ਭਵਿੱਖੀ ਅਨੁਮਾਨ ਕਈ ਤਰ੍ਹਾਂ ਦੇ ਰੈਗੂਲੇਟਰੀ ਅਤੇ ਆਰਥਿਕ ਜੋਖਮਾਂ ਦੇ ਅਧੀਨ ਹਨ। This report was written by Divroop Kaur as part of the Local Journalism Initiative.

# ਬੀ.ਸੀ. ਵਿੱਚ ਹੁਨਰਮੰਦ ਕਾਮਿਆਂ ਲਈ 5,000 ਨਵੀਆਂ ਟਰੇਡ ਸਿਖਲਾਈ ਸੀਟਾਂ ਦਾ ਐਲਾਨ

ਸਰੀ, (ਦਿਵਰੂਪ ਕੌਰ): ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸੂਬੇ ਦੇ ਨੌਜਵਾਨਾਂ ਅਤੇ ਹੁਨਰਮੰਦ ਕਾਮਿਆਂ ਲਈ ਇੱਕ ਅਹਿਮ ਐਲਾਨ ਕੀਤਾ ਹੈ। ਬੁੱਧਵਾਰ 13 ਮਈ ਨੂੰ ਡੈਲਟਾ ਵਿੱਚ ਇੱਕ ਸਮਾਗਮ ਦੌਰਾਨ ਉਨ੍ਹਾਂ ਦੱਸਿਆ ਕਿ ਸਾਲ 2026 ਲਈ ਜਨਤਕ ਪੋਸਟ-ਸੈਕੰਡਰੀ ਸੰਸਥਾਵਾਂ ਅਤੇ ਗੈਰ-ਲਾਭਕਾਰੀ ਯੂਨੀਅਨ ਟ੍ਰੇਨਰਾਂ ਕੋਲ 5,000 ਤੱਕ ਨਵੀਆਂ ਟਰੇਡ ਸਿਖਲਾਈ ਸੀਟਾਂ ਉਪਲਬਧ ਹੋਣਗੀਆਂ। ਇਹ ਕਦਮ ਸੂਬਾ ਸਰਕਾਰ ਦੇ 241 ਮਿਲੀਅਨ ਡਾਲਰ ਦੇ ਉਸ ਨਿਵੇਸ਼ ਦਾ ਹਿੱਸਾ ਹੈ ਜਿਸ ਦਾ ਖੁਲਾਸਾ ਫਰਵਰੀ ਵਿੱਚ ਪੇਸ਼ ਕੀਤੇ ਗਏ ਬਜਟ 2026 ਵਿੱਚ ਕੀਤਾ ਗਿਆ ਸੀ। ਇਸ ਵਿੱਤੀ ਸਹਾਇਤਾ ਦਾ ਮੁੱਖ ਮੰਤਵ ਹਜ਼ਾਰਾਂ ਲੋਕਾਂ ਨੂੰ ਸਿਖਲਾਈ ਦੇ ਕੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਦੇ ਕਾਬਲ ਬਣਾਉਣਾ ਹੈ ਤਾਂ ਜੋ ਰੁਜ਼ਗਾਰਦਾਤਾਵਾਂ ਨੂੰ ਵੱਡੇ ਪ੍ਰੋਜੈਕਟਾਂ ਲਈ ਲੋੜੀਂਦੇ ਕਾਮੇ ਮਿਲ ਸਕਣ। ਇਸ ਨਿਵੇਸ਼ ਦੀ ਮਦਦ ਨਾਲ ਸਕਿੱਲਡ-ਟਰੇਡਸ ਬੀ.ਸੀ. ਨੂੰ ਦਿੱਤੀ ਜਾਣ ਵਾਲੀ ਸਾਲਾਨਾ ਰਾਸ਼ੀ 2028-29 ਤੱਕ 107 ਮਿਲੀਅਨ ਡਾਲਰ ਤੋਂ ਵਧ ਕੇ 214 ਮਿਲੀਅਨ ਡਾਲਰ ਹੋ ਜਾਵੇਗੀ। ਸਰਕਾਰ ਦਾ ਟੀਚਾ ਹੈ ਕਿ ਇਸ ਵਾਧੂ ਫੰਡਿੰਗ ਨਾਲ ਉੱਚ-ਮੰਗ ਵਾਲੇ ਕਿੱਤਿਆਂ ਲਈ ਲੰਬੀਆਂ ਵੇਟਿੰਗ ਲਿਸਟਾਂ ਨੂੰ ਘਟਾਇਆ ਜਾ ਸਕੇ ਅਤੇ ਸਿਖਲਾਈ ਸੰਸਥਾਵਾਂ ਨੂੰ ਸਾਜ਼ੋ-ਸਾਮਾਨ ਅਤੇ ਪੜ੍ਹਾਈ ਦੇ ਵਧਦੇ ਖਰਚਿਆਂ ਨੂੰ ਸੰਭਾਲਣ ਵਿੱਚ ਮਦਦ ਮਿਲੇ। ਪ੍ਰੀਮੀਅਰ ਈਬੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿਖਲਾਈ ਦੀ ਸਮਰੱਥਾ ਨੂੰ ਉੱਥੇ ਵਧਾ ਰਹੀ ਹੈ ਜਿੱਥੇ ਇਸ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ। ਇਸ ਯੋਜਨਾ ਤਹਿਤ ਟਾਵਰ ਅਤੇ ਮੋਬਾਈਲ ਕਰੇਨ ਆਪਰੇਟਰਾਂ ਤੋਂ ਸ਼ੁਰੂ ਕਰਦੇ ਹੋਏ ਹੁਨਰਮੰਦ ਵਪਾਰਕ ਪ੍ਰਮਾਣੀਕਰਣ ਦਾ ਵੀ ਵਿਸਥਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾ 'ਲੁੱਕ ਵੈਸਟ: ਵਰਕਫੋਰਸ ਰੈਡੀਨੇਸ ਇਨੀਸ਼ੀਏਟਿਵ' ਨਾਮ ਦੀ ਇੱਕ ਨਵੀਂ ਰਣਨੀਤੀ ਸਥਾਪਿਤ ਕੀਤੀ ਜਾ ਰਹੀ ਹੈ। ਇਹ ਵਿਸ਼ੇਸ਼ ਤੌਰ 'ਤੇ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਸਿਖਲਾਈ ਤੱਕ ਪਹੁੰਚ ਨੂੰ ਸੁਖਾਲਾ ਬਣਾਉਣ ਲਈ ਤਿਆਰ ਕੀਤੀ ਗਈ ਹੈ। ਸੂਬਾ ਸਰਕਾਰ ਦੀ ਇਹ ਪਹਿਲਕਦਮੀ ਬ੍ਰਿਟਿਸ਼ ਕੋਲੰਬੀਆ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਹੁਨਰਮੰਦ ਕਿੱਤਿਆਂ ਵਿੱਚ ਕਰੀਅਰ ਬਣਾਉਣ ਦੇ ਇੱਛੁਕ ਲੋਕਾਂ ਲਈ ਨਵੇਂ ਰਾਹ ਖੋਲ੍ਹਣ ਵਾਲੀ ਸਾਬਤ ਹੋਵੇਗੀ। ਪ੍ਰੀਮੀਅਰ ਨੇ ਭਰੋਸਾ ਜਤਾਇਆ ਕਿ ਇਸ ਨਿਵੇਸ਼ ਨਾਲ ਨਾ ਸਿਰਫ਼ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਸਗੋਂ ਸੂਬੇ ਦੇ ਵਿਕਾਸ ਕਾਰਜਾਂ ਵਿੱਚ ਆ ਰਹੀਆਂ ਰੁਕਾਵਟਾਂ ਵੀ ਦੂਰ ਹੋਣਗੀਆਂ। ਅਗਲੇ ਕੁਝ ਸਾਲਾਂ ਵਿੱਚ ਇਹ ਫੰਡਿੰਗ ਸਕਿੱਲਡ-ਟਰੇਡਸ ਸੈਕਟਰ ਦੀ ਨੁਹਾਰ ਬਦਲਣ ਵਿੱਚ ਸਹਾਈ ਹੋਵੇਗੀ। This report was written by Divroop Kaur as part of the Local Journalism Initiative.



# ਹੈਰਿਸਨ ਹੌਟ ਸਪ੍ਰਿੰਗਸ ਬਿਜਲੀ ਡਿੱਗਣ ਕਾਰਨ ਤਿੰਨ ਥਾਂ ਲੱਗੀ ਜੰਗਲੀ ਅੱਗ

ਸਰੀ, (ਦਿਵਰੂਪ ਕੌਰ): ਗਰਮੀ ਦੇ ਵਧਦੇ ਪ੍ਰਭਾਵ ਦਰਮਿਆਨ ਹੈਰਿਸਨ ਹੌਟ ਸਪ੍ਰਿੰਗਸ ਦੇ ਪੱਛਮੀ ਹਿੱਸੇ ਵਿੱਚ ਮੰਗਲਵਾਰ 12 ਮਈ ਨੂੰ ਜੰਗਲੀ ਅੱਗ ਦੀਆਂ 3 ਘਟਨਾਵਾਂ ਸਾਹਮਣੇ ਆਈਆਂ ਹਨ। ਬੀ.ਸੀ. ਵਾਈਲਡਫਾਇਰ ਸਰਵਿਸ (BCWS) ਅਨੁਸਾਰ ਇਨ੍ਹਾਂ ਵਿੱਚੋਂ 2 ਅੱਗਾਂ ਚੈਹਾਲਿਸ ਲੇਕ ਦੇ ਪੂਰਬ ਵਿੱਚ ਲੱਗੀਆਂ ਹਨ, ਜਦਕਿ ਇੱਕ ਹੋਰ ਅੱਗ ਹੈਰਿਸਨ ਨਦੀ ਦੇ ਉੱਤਰੀ ਹਿੱਸੇ ਵਿੱਚ ਭੜਕੀ ਹੈ। ਇਹ ਘਟਨਾਵਾਂ ਸੂਬੇ ਭਰ ਵਿੱਚ ਪਿਛਲੇ 24 ਘੰਟਿਆਂ ਦੌਰਾਨ ਲੱਗੀਆਂ ਕੁੱਲ 11 ਅੱਗਾਂ ਦਾ ਹਿੱਸਾ ਹਨ। ਸਥਾਨਕ ਪ੍ਰਸ਼ਾਸਨ ਅਤੇ ਅੱਗ ਬੁਝਾਊ ਵਿਭਾਗ ਵੱਲੋਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।

ਚੈਹਾਲਿਸ ਖੇਤਰ ਵਿੱਚ ਲੱਗੀਆਂ ਦੋਵੇਂ ਅੱਗਾਂ ਫਿਲਹਾਲ ਬੇਕਾਬੂ ਦੱਸੀਆਂ ਜਾ ਰਹੀਆਂ ਹਨ। ਹਰੇਕ ਅੱਗ ਲਗਭਗ 0.009 ਹੈਕਟੇਅਰ ਰਕਬੇ ਵਿੱਚ ਫੈਲੀ ਹੋਈ ਹੈ ਅਤੇ ਇਨ੍ਹਾਂ ਦੋਵਾਂ ਘਟਨਾਵਾਂ ਦਾ ਮੁੱਖ ਕਾਰਨ ਅਸਮਾਨੀ ਬਿਜਲੀ ਡਿੱਗਣਾ ਮੰਨਿਆ ਜਾ ਰਿਹਾ ਹੈ। ਇਸੇ ਤਰ੍ਹਾਂ ਹੈਰਿਸਨ ਲੇਕ ਨੇੜੇ ਪਾਇਰੇਟਸ ਪੁਆਇੰਟ ਵਿਖੇ ਲੱਗੀ ਅੱਗ 0.1 ਹੈਕਟੇਅਰ ਖੇਤਰ ਵਿੱਚ ਫੈਲ ਚੁੱਕੀ ਹੈ। ਇਹ ਅੱਗ ਹੈਰਿਸਨ ਹੌਟ ਸਪ੍ਰਿੰਗਸ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਸਾਫ਼ ਦਿਖਾਈ ਦੇ ਰਹੀ ਹੈ, ਜਿਸ ਕਾਰਨ ਸਥਾਨਕ ਵਸਨੀਕਾਂ ਵਿੱਚ ਚਿੰਤਾ ਦਾ ਮਾਹੌਲ ਪਾਇਆ ਜਾ ਰਿਹਾ ਹੈ। ਵਾਈਲਡਫਾਇਰ ਸਰਵਿਸ ਦੀਆਂ ਟੀਮਾਂ ਅਤੇ ਅਧਿਕਾਰੀਆਂ ਨੇ ਹੈਲੀਕਾਪਟਰਾਂ ਦੀ ਮਦਦ ਨਾਲ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ। ਬੁੱਧਵਾਰ 13 ਮਈ ਤੱਕ ਕਰਮਚਾਰੀ ਮੌਕੇ 'ਤੇ ਮੌਜੂਦ ਸਨ ਅਤੇ ਅੱਗ ਨੂੰ ਅੱਗੇ ਵਧਣ ਤੋਂ ਰੋਕਣ ਲਈ ਯਤਨ ਕੀਤੇ ਜਾ ਰਹੇ ਸਨ। ਰਾਹਤ ਦੀ ਗੱਲ ਇਹ ਹੈ ਕਿ ਬੀ.ਸੀ. ਵਾਈਲਡਫਾਇਰ ਸਰਵਿਸ ਨੇ ਆਪਣੇ ਤਾਜ਼ਾ ਅਪਡੇਟ ਵਿੱਚ ਸਪੱਸ਼ਟ ਕੀਤਾ ਹੈ ਕਿ ਇਸ ਅੱਗ ਤੋਂ ਫਿਲਹਾਲ ਕਿਸੇ ਵੀ ਰਿਹਾਇਸ਼ੀ ਇਮਾਰਤ, ਮਹੱਤਵਪੂਰਨ ਬੁਨਿਆਦੀ ਢਾਂਚੇ ਜਾਂ ਜਨਤਕ ਸੁਰੱਖਿਆ ਨੂੰ ਕੋਈ ਸਿੱਧਾ ਖਤਰਾ ਨਹੀਂ ਹੈ।

ਸੂਬੇ ਦੇ ਹੋਰ ਹਿੱਸਿਆਂ ਵਿੱਚ ਵੀ ਅੱਗ ਲੱਗਣ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਹਨ। ਮੈਪਲ ਰਿਜ ਖੇਤਰ ਵਿੱਚ ਐਲੂਏਟ ਮਾਊਂਟੇਨ 'ਤੇ 12 ਮਈ ਨੂੰ ਲੱਗੀ ਇੱਕ ਹੋਰ ਅੱਗ ਵੀ ਬੇਕਾਬੂ ਦੱਸੀ ਜਾ ਰਹੀ ਹੈ, ਜੋ ਲਗਭਗ 0.009 ਹੈਕਟੇਅਰ ਖੇਤਰ ਵਿੱਚ ਫੈਲੀ ਹੋਈ ਹੈ। ਵਾਤਾਵਰਣ ਮਾਹਿਰਾਂ ਅਨੁਸਾਰ ਖੁਸ਼ਕ ਮੌਸਮ ਅੱਗ ਦੇ ਫੈਲਣ ਵਿੱਚ ਮਦਦਗਾਰ ਸਾਬਤ ਹੋ ਰਿਹਾ ਹੈ। ਫੈਡਰਲ ਅਤੇ ਸੂਬਾਈ ਏਜੰਸੀਆਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਜੰਗਲੀ ਖੇਤਰਾਂ ਵਿੱਚ ਜਾਣ ਸਮੇਂ ਪੂਰੀ ਸਾਵਧਾਨੀ ਵਰਤਣ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਚਨਾ ਤੁਰੰਤ ਵਿਭਾਗ ਨੂੰ ਦੇਣ। ਅਗਲੇ ਕੁਝ ਦਿਨਾਂ ਤੱਕ ਬਚਾਅ ਟੀਮਾਂ ਇਨ੍ਹਾਂ ਪ੍ਰਭਾਵਿਤ ਇਲਾਕਿਆਂ ਵਿੱਚ ਤਾਇਨਾਤ ਰਹਿਣਗੀਆਂ। This report was written by Divroop Kaur as part of the Local Journalism Initiative.






# ਏਸ਼ੀਅਨ ਹੈਰੀਟੇਜ ਮਹੀਨੇ ਦੀ ਕੈਨੇਡਾ ਵਿੱਚ ਮਹੱਤਤਾ




ਕੈਨੇਡਾ ਵਿਚ ਮਈ ਦਾ ਮਹੀਨਾ 'ਏਸ਼ੀਅਨ ਹੈਰੀਟੇਜ਼ ਮਹੀਨੇ' ਵੱਜੋਂ ਮਨਾਇਆ ਜਾਂਦਾ ਹੈ। ਕੈਨੇਡਾ 'ਚ ਆ ਕੇ ਵਸੇ ਏਸ਼ੀਅਨ ਮੂਲ ਦੇ ਲੋਕਾਂ ਵੱਲੋਂ ਕੈਨੇਡਾ ਦੇ ਸਮਾਜ, ਸੱਭਿਆਚਾਰ, ਆਰਥਿਕਤਾ ਅਤੇ ਇਤਿਹਾਸ ਵਿਚ ਪਾਏ ਵੱਢਮੁੱਲੇ ਯੋਗਦਾਨ ਨੂੰ ਇੱਕ ਸਨਮਾਨ ਵਜੋਂ ਅਤੇ ਏਸ਼ੀਅਨ ਭਾਈਚਾਰੇ ਦੀ ਵਿਰਾਸਤ ਅਤੇ ਕੈਨੇਡਾ ਵਿਚ ਇਸਦੀਂ ਹੋਂਦ ਦੇ ਜਸ਼ਨ ਵਜੋਂ 'ਏਸ਼ੀਅਨ ਹੈਰੀਟੇਜ਼ ਮਹੀਨੇ' ਦੀ ਸ਼ੁਰੂਆਤ ਕੀਤੀ ਗਈ ਸੀ। ਬ੍ਰਿਟਿਸ਼ ਕੋਲੰਬੀਆ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੇ ਇਤਿਹਾਸ ਨੂੰ ਦਸਤਾਵੇਜ਼ ਕਰਨ ਲਈ ਯੂਨੀਵਰਿਸਟੀ ਆਫ਼ ਫਰੇਜ਼ਰ ਵੈਲੀ ਦੇ ਸਾਊਥ ਏਸ਼ੀਅਨ ਕੈਨੇਡੀਅਨ ਲੈਗੇਸੀ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। 2020 ਦੌਰਾਨ ਸ਼ੁਰੂ ਕੀਤੇ ਇਸ ਪ੍ਰੋਜੈਕਟ ਨੂੰ ਬੀਸੀ ਦੀ ਸਰਕਾਰ ਵੱਲੋਂ 1.14 ਮਿਲੀਅਨ ਡਾਲਰ ਦੀ ਫੰਡਿੰਗ ਕੀਤੀ ਗਈ ਹੈ।

ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਦੀ ਡਾਇਰੈਕਟਰ ਡਾ ਸਤਵਿੰਦਰ ਕੌਰ ਬੈਂਸ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਸਾਊਥ ਏਸ਼ੀਅਨ ਭਾਈਚਾਰੇ ਦਾ ਇਤਿਹਾਸ ਕੁਰਬਾਨੀਆਂ , ਸੰਘਰਸ਼ ਅਤੇ ਪ੍ਰਾਪਤੀਆਂ ਭਰਪੂਰ ਹੈ। ਇਸ ਪ੍ਰੋਜੈਕਟ ਅਧੀਨ ਸਾਊਥ ਏਸ਼ੀਅਨ ਭਾਈਚਾਰੇ ਦੇ ਵਿਅਕਤੀਆਂ ਦੀਆਂ 20 ਹਜ਼ਾਰ ਤੋਂ ਵਧੇਰੇ ਤਸਵੀਰਾਂ ਨੂੰ ਡਿਜੀਟਲ ਤਰੀਕੇ ਨਾਲ ਸੰਭਾਲਿਆ ਗਿਆ ਹੈ। ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ ਵਿਚਲੇ ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਦੀ ਕੋਆਰਡੀਨੇਟਰ ਸ਼ਰਨਜੀਤ ਸੰਧਰਾਂ ਨੇ ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੋਜੈਕਟ ਸਿਰਫ਼ ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ 'ਤੇ ਹੀ ਕੇਂਦਰਿਤ ਨਹੀਂ ਹੈ।

ਉਹਨਾਂ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਸ਼੍ਰੀਲੰਕਾ , ਭਾਰਤ ਅਤੇ ਪਾਕਿਸਤਾਨ ਸਮੇਤ ਹੋਰਨਾਂ ਦੇਸ਼ਾਂ ਤੋਂ ਕੈਨੇਡਾ ਆਏ ਵਿਅਕਤੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਇਸ ਪ੍ਰੋਜੈਕਟ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੀ ਕੈਨੇਡਾ ਵਿਚਲੀ ਜ਼ਿੰਦਗੀ 'ਤੇ ਝਾਤ ਪਾਉਂਦੀ 338 ਪੇਜਾਂ ਦੀ ਇਕ ਕਿਤਾਬ ਵੀ ਸ਼ਾਮਿਲ ਹੈ। ਇਸ ਕਿਤਾਬ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੇ ਕੈਨੇਡਾ ਪ੍ਰਵਾਸ ਕਰਨ, ਕਾਮਾਗਾਟਾਮਾਰੂ (ਗੁਰੂਨਾਨਕ ਜਹਾਜ਼) ਅਤੇ ਵੋਟ ਦਾ ਹੱਕ ਲੈਣ ਜਿਹੇ 19 ਵੱਖ ਵੱਖ ਲੇਖ ਸ਼ਾਮਿਲ ਹਨ। ਇਹ ਕਿਤਾਬ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਉਪਲਬਧ ਹੈ। ਪੰਜਾਬੀ ਮੂਲ ਦੇ ਲੇਖਕ ਸਾਧੂ ਬਿਨਿੰਗ ਨੇ ਦੱਸਿਆ ਕਿ ਉਹਨਾਂ ਵੱਲੋਂ ਸਾਊਥ ਏਸ਼ੀਅਨ ਭਾਈਚਾਰੇ ਨੂੰ ਕੈਨੇਡਾ ਵਿਚ ਵੋਟ ਪਾਉਣ ਦਾ ਅਧਿਕਾਰ ਮਿਲਣ ਦੇ ਸੰਘਰਸ਼ ਬਾਬਤ ਲਿਖੇ ਲੇਖ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। 1907 ਵਰ੍ਹੇ ਦੌਰਾਨ ਸਾਊਥ ਏਸ਼ੀਅਨ ਭਾਈਚਾਰੇ ਨੂੰ ਵੈਨਕੂਵਰ ਮਿਉਨਿਸਪਲ ਚੋਣਾਂ ਵਿੱਚ ਹਿੱਸਾ ਲੈਣ ਤੋਂ ਰੋਕਣ ਲਈ ਇਕ ਐਕਟ ਲਿਆਂਦਾ ਗਿਆ। 40 ਵਰ੍ਹਿਆਂ ਦੀ ਲੰਬੀ ਲੜਾਈ ਤੋਂ ਬਾਅਦ , 1947 ਦੌਰਾਨ ਭਾਈਚਾਰੇ ਨੂੰ ਬੀ ਸੀ ਵਿੱਚ ਵੋਟ ਪਾਉਣ ਦਾ ਹੱਕ ਪ੍ਰਾਪਤ ਹੋਇਆ।

ਇਸਤੋਂ ਇਲਾਵਾ ਇਸ ਪ੍ਰੋਜੈਕਟ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੀਆਂ ਬੀਸੀ ਵਿਚ ਕੁਝ ਅਹਿਮ ਅਤੇ ਇਤਿਹਾਸਿਕ ਥਾਵਾਂ ਨੂੰ ਦਸਤਾਵੇਜ਼ ਕੀਤਾ ਗਿਆ ਹੈ ।ਇਹਨਾਂ ਸਥਾਨਾਂ ਵਿਚ ਗੁਰੂਦਵਾਰੇ ਅਤੇ ਮਿੱਲਾਂ ( ਜਿਥੇ ਸ਼ੁਰੂਆਤੀ ਦੌਰ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੇ ਵਿਅਕਤੀਆਂ ਨੇ ਕੰਮ ਕੀਤਾ ) ਆਦਿ ਸ਼ਾਮਿਲ ਹਨ। ਇਹਨਾਂ ਵਿਚ ਪਾਲਦੀ ਨਾਮ ਦਾ ਪਿੰਡ ਵੀ ਸ਼ਾਮਿਲ ਹੈ ।

ਦਰਅਸਲ 19 ਵੀਂ ਸਦੀ ਦੇ ਤੀਸਰੇ ਦਹਾਕੇ ਦੌਰਾਨ ਪੰਜਾਬੀ ਮੂਲ ਦੇ ਵਿਅਕਤੀ ਵੱਡੀ ਗਿਣਤੀ ਵਿਚ ਮੇਯੋ ਨਾਮੀ ਇਸ ਸ਼ਹਿਰ ਵਿਚ ਆ ਕੇ ਰਹਿਣ ਲੱਗ ਪਏ ਅਤੇ ਲੱਕੜ ਨਾਲ ਜੁੜਿਆ ਕੰਮ ਕਰਨ ਲੱਗ ਗਏ। ਭਾਈਚਾਰੇ ਦੀ ਮੰਗ 'ਤੇ 1936 ਵਿਚ ਇਸ ਕਸਬੇ ਦਾ ਨਾਮ ਬਦਲ ਕੇ ਪਾਲਦੀ (ਪੰਜਾਬ ਵਿਚ ਇਕ ਪਿੰਡ ਦਾ ਨਾਮ) ਰੱਖ ਦਿੱਤਾ ਗਿਆ । ਹੌਲੀ

ਹੌਲੀ ਲੱਕੜ ਸਨਅਤ ਖ਼ਤਮ ਹੋ ਗਈ ਅਤੇ ਪੰਜਾਬੀ ਮੂਲ ਦੇ ਵਿਅਕਤੀ ਇਸ ਥਾਂ ਤੋਂ ਹੋਰਨਾਂ ਥਾਵਾਂ ਵੱਲ ਚਲੇ ਗਏ । ਇਸਤੋਂ ਇਲਾਵਾ ਇਸ ਪ੍ਰੋਜੈਕਟ ਅਧੀਨ ਪਹਿਲੀ ਜਮਾਤ ਤੋਂ ਲੈ ਕੇ 12 ਵੀਂ ਜਮਾਤ ਤੱਕ ਸੂਬੇ ਅੰਦਰ ਪੜਾਏ ਜਾਣ ਵਾਲੇ ਸਕੂਲੀ ਪਾਠਕ੍ਰਮ ਬਾਬਤ ਸਮੱਗਰੀ ਵੀ ਤਿਆਰ ਕੀਤੀ ਗਈ ਹੈ । ਸ਼ਰਨਜੀਤ ਸੰਧਰਾਂ ਨੇ ਦੱਸਿਆ ਕਿ ਇਸ ਵਿਚ ਸਾਊਥ ਏਸ਼ੀਅਨ ਭਾਈਚਾਰੇ ਨਾਲ ਸੰਬੰਧਿਤ ਸਕੂਲੀ ਪਾਠਕ੍ਰਮ ਲਈ ਲੋੜੀਂਦੀ ਜਾਣਕਾਰੀ ਹੈ ਜਿਸਦੀ ਵਰਤੋਂ ਸਕੂਲੀ ਅਧਿਆਪਕ ਕਰ ਸਕਦੇ ਹਨ ।

ਉਹਨਾਂ ਕਿਹਾ ਸਾਡੇ ਵੱਲੋਂ ਇਕੱਠੇ ਕੀਤੇ ਗਈ ਜਾਣਕਾਰੀ ਦੀ ਵਰਤੋਂ ਅਧਿਆਪਕਾਂ ਵੱਲੋਂ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਹੋਰਨਾਂ ਭਾਈਚਾਰਿਆਂ ਦੇ ਬੱਚੇ ਸਾਡੇ ਭਾਈਚਾਰੇ ਬਾਰੇ ਹੋਰ ਵਧੇਰੇ ਜਾਣਕਾਰੀ ਹਾਸਿਲ ਕਰ ਸਕਦੇ ਹਨ । ਇਸ ਮਹੀਨੇ ਸੂਬੇ ਦੇ ਅਧਿਆਪਕਾਂ ਦੀ ਇਸ ਬਾਬਤ ਇਕ ਟ੍ਰੇਨਿੰਗ ਵੀ ਹੋ ਰਹੀ ਹੈ ।

ਇਸਤੋਂ ਇਲਾਵਾ ਇਸ ਪ੍ਰੋਜੈਕਟ ਵਿਚ ਸਾਊਥ ਏਸ਼ੀਅਨ ਭਾਈਚਾਰੇ ਵੱਲੋਂ ਯੂਨੀਅਨ ਦਾ ਗਠਨ ਕਰ ਆਪਣੇ ਹੱਕ ਲੈਣ ਦੇ ਸੰਘਰਸ਼ ਦੀ ਗਾਥਾ ਵੀ ਹੈ । ਜ਼ਿਕਰਯੋਗ ਹੈ ਕਿ ਸ਼ੁਰੂਆਤੀ ਦੌਰ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੇ ਵਿਅਕਤੀਆਂ ਨੂੰ ਮਿੱਲਾਂ ਵਿਚ ਮਜ਼ਦੂਰੀ ਦਾ ਕੰਮ ਲੈਣ ਲਈ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸਨੂੰ ਲੈ ਕੇ ਭਾਈਚਾਰੇ ਨੇ ਲੰਬੀ ਲੜਾਈ ਲੜੀ।

ਏਸ਼ੀਅਨ ਹੈਰੀਟੇਜ ਮੰਥ 1990 ਵਿਆਂ ਤੋਂ ਮਨਾਇਆ ਜਾ ਰਿਹਾ ਹੈ। ਦਸੰਬਰ 2001 ਵਿਚ ਕੈਨੇਡਾ ਦੀ ਸੈਨੇਟ ਨੇ ਸੈਨੇਟਰ ਡਾ ਵਿਵੀਐਨੇ ਪੋਏ ਵੱਲੋਂ ਮਈ ਮਹੀਨੇ ਨੂੰ ਏਸ਼ੀਅਨ ਹੈਰੀਟੇਜ ਮੰਥ ਵੱਜੋਂ ਮਨਾਉਣ ਬਾਬਤ ਪੇਸ਼ ਕੀਤੇ ਪ੍ਰਸਤਾਵ ਨੂੰ ਮੰਜ਼ੂਰ ਕੀਤਾ ਸੀ। ਡਾ ਪੋਏ ਕੈਨੇਡਾ ਦੀ ਸੈਨੇਟ ਦੀ ਮੈਂਬਰ ਬਣਨ ਵਾਲੀ ਏਸ਼ੀਅਨ ਮੂਲ ਦੇ ਪਹਿਲੇ ਸ਼ਖ਼ਸ ਸਨ।

ਮਈ 2002 ਵਿਚ, ਕੈਨੇਡਾ ਸਰਕਾਰ ਨੇ ਅਧਿਕਾਰਕ ਤੌਰ 'ਤੇ ਮਈ ਮਹੀਨਾ ਏਸ਼ੀਅਨ ਹੈਰੀਟੇਜ ਮੰਥ ਵੱਜੋਂ ਘੋਸ਼ਿਤ ਕੀਤਾ ਸੀ। ਕੈਨੇਡਾ ਵਿਚ ਪਰਵਾਸੀ ਅਬਾਦੀ ਦਾ ਕਰੀਬ ਅੱਧਾ ਹਿੱਸਾ ਏਸ਼ੀਆਈ ਮੂਲ ਦਾ ਹੈ। 2016 ਵਿਚ 48 ਫ਼ੀਸਦੀ ਤੋਂ ਵੱਧ ਇਮੀਗ੍ਰੈਂਟਸ ਏਸ਼ੀਆ ਵਿਚ ਜੰਮੇ ਸਨ ਅਤੇ ਕੈਨੇਡਾ ਵਿਚ ਹੁਣ ਵੀ ਸਭ ਤੋਂ ਜ਼ਿਆਦਾ ਇਮੀਗ੍ਰੈਂਟਸ

ਏਸ਼ੀਆ ਮਹਾਂਦੀਪ ਤੋਂ ਹੀ ਆਉਂਦੇ ਹਨ। 2017 ਤੋਂ 2019 ਦਰਮਿਆਨ ਕੈਨੇਡਾ ਆਉਣ ਵਾਲੇ ਨਵੇਂ ਇਮੀਗ੍ਰੈਂਟਸ ਵਿਚੋਂ 63.5 ਪਰਵਾਸੀ ਏਸ਼ੀਆ ਵਿਚ ਪੈਦਾ ਹੋਏ ਸਨ। ਕੈਨੇਡਾ ਵਿਚ ਬਹੁ-ਸੱਭਿਆਚਾਰਵਾਦ ਅਤੇ ਕਦਰਾਂ-ਕੀਮਤਾਂ ਦੀ ਵੰਨਸੁਵੰਨਤਾ ਨੂੰ ਅਹਿਮ ਮੁਕਾਮ ਹਾਸਲ ਹੈ। ਪਿਛਲੀਆਂ ਦੋ ਸ਼ਤਾਬਦੀਆਂ ਤੋਂ ਏਸ਼ੀਆਈ ਲੋਕ ਕੈਨੇਡਾ ਪਰਵਾਸ ਕਰਦੇ ਰਹੇ ਹਨ ਅਤੇ ਇਸ ਮੁਲਕ ਦੀ ਤਾਮੀਰ, ਤਰੱਕੀ, ਸਮਾਜ, ਭਾਸ਼ਾ ,ਆਰਥਿਕਤਾ ਅਤੇ ਤਕਰੀਬਨ ਹਰ ਪਹਿਲੂ ਵਿਚ ਹੀ ਪਰਵਾਸੀਆਂ ਨੇ ਵੱਢਮੁੱਲਾ ਯੋਗਦਾਨ ਪਾਇਆ ਹੈ।

ਏਸ਼ੀਅਨ ਸ਼ਬਦ ਦੀ ਪਰਿਭਾਸ਼ਾ ਵਧੇਰੇ ਸ਼ਮੂਲੀਅਤ ਵਾਲੀ ਹੋ ਸਕਦੀ ਹੈ ਅਤੇ ਹੇਠਾਂ ਦਰਜ ਮੁਲਕਾਂ ਦੇ ਪਿਛੋਕੜ ਵਾਲੇ ਲੋਕਾਂ 'ਤੇ ਲਾਗੂ ਹੋ ਸਕਦੀ ਹੈ :

ਪੂਰਬੀ ਏਸ਼ੀਆ (ਈਸਟ ਏਸ਼ੀਆ) : ਚੀਨ, ਜਪਾਨ, ਮੰਗੋਲੀਆ,

ਉੱਤਰੀ ਕੋਈਆ, ਦੱਖਣੀ ਕੋਰੀਆ, ਤਾਏਵਾਨ

- ਦੱਖਣੀ ਏਸ਼ੀਆ (ਸਾਊਥ ਏਸ਼ੀਆ) : ਬੰਗਲਾਦੇਸ਼, ਭੂਟਾਨ, ਭਾਰਤ,
- ਪਾਕਿਸਤਾਨ, ਸ੍ਰੀ ਲੰਕਾ, ਨੇਪਾਲ, ਮਾਲਡੀਵਜ਼
- ਮੱਧ ਏਸ਼ੀਆ (ਸੈਂਟਰਲ ਏਸ਼ੀਆ) : ਅਫ਼ਗਾਨਿਸਤਾਨ,
- ਕਜ਼ਾਕਿਸਤਾਨ, ਕਿਰਗਿਸਤਾਨ, ਤਜੀਕਿਸਤਾਨ, ਤੁਰਕਮੇਨਿਸਤਾਨ, ਉਜ਼ਬੇਕਿਸਤਾਨ
- ਦੱਖਣੀ-ਪੂਰਬੀ ਏਸ਼ੀਆ (ਸਾਊਥ-ਈਸਟ ਏਸ਼ੀਆ) :
- ਬਰੂਨੇਇ,ਕੰਬੋਡੀਆ, ਇੰਡੋਨੇਸ਼ੀਆ, ਲੇਓਸ, ਮਲੇਸ਼ੀਆ, ਮਿਆਂਮਾਰ,
- ਫ਼ਿਲਪੀਨਜ਼, ਸਿੰਗਾਪੋਰ, ਥਾਈਲੈਂਡ, ਵੀਅਤਨਾਮ
- ਪੱਛਮੀ ਏਸ਼ੀਆ (ਵੈਸਟਰਨ ਏਸ਼ੀਆ) : ਅਰਮੇਨੀਆ, ਅਜ਼ਰਬਾਈਜਾਨ,
- ਬਹਿਰੇਨ, ਸਾਇਪਰਸ, ਜੌਰਜੀਆ, ਇਰਾਨ, ਇਰਾਕ,
- ਇਜ਼ਰਾਈਲ, ਜੌਰਡਨ, ਕੁਵੈਤ, ਲੈਬਨਾਨ, ਓਮਾਨ, ਫ਼ਿਲਸਤੀਨ, ਕਤਰ,
- ਸਾਊਦੀ ਅਰਬ, ਸੀਰੀਆ, ਤੁਰਕੀ, ਯੂ ਏ ਈ, ਯਮਨ

ਕੈਨੇਡਾ ਵਿਚ ਏਸ਼ੀਆਈ ਮੂਲ ਲੋਕਾਂ ਦਾ ਪਰਵਾਸ ਜ਼ਿਆਦਤੀ ਅਤੇ ਵਿਤਕਰੇ ਦਾ ਵੀ ਗਵਾਹ ਰਿਹਾ ਹੈ। ਚੀਨ, ਜਾਪਾਨ ਅਤੇ ਭਾਰਤ ਤੋਂ ਆਉਣ ਵਾਲੇ ਲੋਕਾਂ 'ਤੇ ਲੱਗੀਆਂ ਕਾਨੂੰਨੀ ਪਾਬੰਦੀਆਂ ਕੈਨੇਡਾ ਦੇ ਇਮੀਗ੍ਰੇਸ਼ਨ ਦੇ ਇਤਿਹਾਸ ਦੇ ਕਾਲੇ ਦੌਰ ਦੀ ਤਰਜਮਾਨੀ ਕਰਦੀਆਂ ਹਨ।

SINCE : 2007

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਨਵ-ਫ਼ਾਸ਼ੀਵਾਦ ਅਤੇ ਰਾਸ਼ਟਰ ਦੀ ਧਾਰਨਾ




**ਪ੍ਰਭਾਤ ਪਟਨਾਇਕ**

ਭਾਰਤ 'ਚ ਨਵ-ਫਾਸ਼ੀਵਾਦ ਦੇ ਉਭਾਰ ਦੌਰਾਨ, ਉਸ ਨਾਲ ਜੁੜੀਆਂ ਕੁਝ ਵਿਸ਼ੇਸ਼ਤਾਵਾਂ ਬਹੁਤ ਹੀ ਸਪਸ਼ਟ ਤੌਰ 'ਤੇ ਸਾਹਮਣੇ ਆਈਆਂ ਹਨ। ਇਹ ਬੜੀ ਸੌਖ ਨਾਲ ਦੇਖੀਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ ਹਨ: ਬੇਸਹਾਰਾ, ਘੱਟ-ਗਿਣਤੀਆਂ ਭਾਈਚਾਰੇ ਦਾ 'ਪਰਾਇਆ' ਬਣਾਏ ਜਾਣਾ ਅਤੇ ਬਹੁਗਿਣਤੀ 'ਚ ਉਨ੍ਹਾਂ ਪ੍ਰਤੀ ਨਫ਼ਰਤ ਪੈਦਾ ਕੀਤੀ ਜਾਣੀ। ਇਸ ਘੱਟ-ਗਿਣਤੀ ਭਾਈਚਾਰਿਆਂ ਦੇ ਮੈਂਬਰਾਂ, ਸਰਕਾਰ ਦੇ ਆਲੋਚਕਾਂ, ਸਿਆਸੀ ਵਿਰੋਧੀਆਂ, ਬੁੱਧੀਜੀਵੀਆਂ, ਕਲਾਕਾਰਾਂ ਅਤੇ ਹੋਰ ਦੂਸਰਿਆਂ ਉੱਤੇ ਸਰਕਾਰ ਦੇ ਅੰਗਾਂ ਅਤੇ ਫਾਸਿਸਟ ਗੁੰਡਿਆਂ-ਦੋਨਾਂ ਵੱਲੋਂ ਦਮਨ ਚੱਕਰ ਚਲਾਇਆ ਜਾਣਾ ਅਤੇ ਇਜਾਰੇਦਾਰ ਪੂੰਜੀ ਵੱਲੋਂ ਅਤੇ ਖ਼ਾਸ ਤੌਰ 'ਤੇ ਇਜਾਰੇਦਾਰ ਪੂੰਜੀ ਦੇ ਇੱਕ ਨਵੇਂ-ਨਵੇਲੇ ਤਬਕੇ ਦੁਆਰਾ ਸ਼ਰੇਆਮ ਖ਼ਾਲਸ ਜਮਾਤੀ ਹਕੂਮਤ ਆਦਿ ਉੱਭਰ ਕੇ ਸਾਹਮਣੇ ਆਈਆਂ ਵਿਸ਼ੇਸ਼ਤਾਵਾਂ ਹਨ। ਆਮ ਤੌਰ 'ਤੇ ਫਾਸ਼ੀਵਾਦੀ ਵਿਸ਼ੇਸ਼ਤਾਵਾਂ, ਨਵ-ਫਾਸ਼ੀਵਾਦ ਦੇ ਉਭਾਰ ਦੇ ਨਾਲ ਅੱਜ ਭਾਰਤ 'ਚ ਸ਼ਰੇਆਮ ਦੇਖੀਆਂ ਜਾ ਸਕਦੀਆਂ ਹਨ। ਪਰ ਇਸਦੇ ਇਲਾਵਾ ਨਵ-ਫਾਸ਼ੀਵਾਦ ਦੀ ਇੱਕ ਹੋਰ ਘੱਟ ਪਰ ਆਪਣੇ ਆਪ 'ਚ ਸਪਸ਼ਟ ਪ੍ਰੰਤੂ ਮਹੱਤਵਪੂਰਣ ਵਿਸ਼ੇਸ਼ਤਾ ਵੀ ਭਾਰਤ 'ਚ ਦੇਖਣ ਨੂੰ ਮਿਲ ਰਹੀ ਹੈ, ਜਿਸ 'ਤੇ ਹੁਣ ਤੱਕ ਖ਼ਾਸ ਚਰਚਾ ਨਹੀਂ ਹੋਈ। ਇਸ ਦਾ ਸੰਬੰਧ ਰਾਸ਼ਟਰ ਦੀ ਧਾਰਨਾ ਨਾਲ ਹੈ।

ਭਾਰਤ ਵਰਗੇ ਮੁਲਕਾਂ 'ਚ, ਬਸਤੀਵਾਦ ਵਿਰੋਧੀ ਸੰਘਰਸ਼ ਦਰਮਿਆਨ ਰਾਸ਼ਟਰਵਾਦ ਦੀ ਜੋ ਧਾਰਨਾ ਵਿਕਸਤ ਹੋਈ ਸੀ, ਯੂਰਪ 'ਚ ਵੈਸਟਫੇਲਿਆਈ ਸ਼ਾਂਤੀ ਸੰਧੀਆਂ ਦੇ ਪਿਛੋਕੜ 'ਚ ਜੋ ਰਾਸ਼ਟਰਵਾਦ ਵਿਕਸਤ ਹੋਇਆ ਸੀ, ਉਸ ਨਾਲੋਂ ਇਹ ਬੁਨਿਆਦੀ ਤੌਰ 'ਤੇ ਵੱਖਰੀ ਸੀ। ਰਾਸ਼ਟਰਵਾਦ ਦੀ ਭਾਰਤੀ ਧਾਰਨਾ ਨੇ, ਆਪਣੇ ਯੂਰਪੀ ਰਾਸ਼ਟਰਵਾਦ ਦੇ ਉਲਟ ਕਿਸੇ 'ਅੰਦਰੂਨੀ ਦੁਸ਼ਮਣ' ਦੀ ਪਛਾਣ ਨਹੀਂ ਕੀਤੀ ਸੀ। ਇਹ ਧਾਰਨਾ ਸਾਮਰਾਜਵਾਦੀ ਨਹੀਂ ਸੀ , ਜੋ ਕਿ ਹੱਦ ਤੋਂ ਹੱਦ ਇਲਾਕਾਈ ਜਾਂ ਖੇਤਰੀ ਸੀ। ਅਤੇ ਇਸ ਵਿਚ ਰਾਸ਼ਟਰ ਦਾ ਮਕਸਦ, ਬੁਨਿਆਦੀ ਤੌਰ 'ਤੇ ਆਵਾਮ ਦੇ ਹਿੱਤਾਂ ਦੀ ਸੇਵਾ ਕਰਨਾ ਸਮਝਿਆ ਜਾਂਦਾ ਸੀ ਨਾ ਕਿ ਇਸ ਦੇ ਉਲਟ। ਪਰ, ਨਵ-ਫਾਸ਼ੀਵਾਦੀ ਦੇ ਨਾਲ ਅਸੀਂ ਨਾ ਸਿਰਫ਼ ਯੂਰਪੀ ਸ਼ੈਲੀ ਦੇ ਰਾਸ਼ਟਰਵਾਦ ਵੱਲ ਖ਼ਿਸਕ ਗਏ ਹਾਂ (ਜੋ ਸਭ ਤੋਂ ਵੱਧਕੇ ਇੱਕ 'ਅੰਦਰੂਨੀ ਦੁਸ਼ਮਣ' ਦੀ ਨਿਸ਼ਾਨਦੇਹੀ 'ਚ ਦੇਖਿਆ ਜਾ ਸਕਦਾ ਹੈ) ਸਗੋਂ ਇਹ ਬਦਲਾਅ ਐਨਾ ਭਾਰੀ ਹੈ ਕਿ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਤਾਂ ਰਾਸ਼ਟਰ ਦੀ ਉਸ ਧਾਰਨਾ ਨੂੰ ਹੀ ਸਿਰ ਦੇ ਭਾਰ ਖੜ੍ਹਾ ਕਰ ਦਿੱਤਾ ਜਾਣਾ ਹੈ, ਜੋ ਬਸਤੀਵਾਦ ਵਿਰੋਧੀ ਸੰਘਰਸ਼ ਦੇ ਦੌਰਾਨ ਵਿਕਸਤ ਹੋਈ ਸੀ। ਇਸ ਸ਼ੀਰਸ਼-ਆਸਨ ਦੀ ਅਵਸਥਾ 'ਚ, ਰਾਜ ਹੀ ਹੈ ਜੋ ਲੋਕਾਂ ਦੇ ਉੱਪਰ ਸਥਾਪਤ ਕੀਤਾ ਨਜ਼ਰ ਆਉਂਦਾ ਹੈ, ਨਾ ਕਿ ਲੋਕ ਉਸ ਤੋਂ ਉੱਪਰ। ਆਵਾਮ ਦੀ ਭੂਮਿਕਾ 'ਰਾਸ਼ਟਰ' ਦੀ ਸੇਵਾ ਕਰਨ ਦੀ ਹੋ ਜਾਂਦੀ ਹੈ ਨਾ ਕਿ ਰਾਸ਼ਟਰ ਦੀ ਭੂਮਿਕਾ ਜਨਤਾ ਦੀ ਸੇਵਾ ਕਰਨਾ ਰਹਿੰਦੀ ਹੈ। ਜਨਤਾ ਦੇ ਅਧਿਕਾਰਾਂ ਨੂੰ ਘੱਟ ਕੀਤਾ ਜਾਂਦਾ ਹੈ, ਜਦੋਂ ਕਿ ਉਸ ਦੇ ਫਰਜ਼ਾਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਡਾ ਸਾਹਮਣਾ ਦੁਵੱਲੇ ਦੈਵੀਕਰਨ ਨਾਲ ਹੁੰਦਾ ਹੈ। ਜਨਤਾ ਨਾਲੋਂ ਵੱਖ, 'ਰਾਸ਼ਟਰ' ਦਾ ਦੈਵੀਕਰਨ ਹੁੰਦਾ ਹੈ ਅਤੇ ਇਹ ਪਲਟ ਕੇ 'ਨੇਤਾ' ਦਾ ਦੈਵੀਕਰਨ ਬਣ ਜਾਂਦਾ ਹੈ। 'ਨੇਤਾ' ਦੀ ਕੋਈ ਵੀ ਆਲੋਚਨਾ, ਫਿਰ ਇੱਕ ਰਾਸ਼ਟਰ ਵਿਰੋਧੀ ਕੰਮ ਬਣ ਜਾਂਦਾ ਹੈ।

ਰਾਸ਼ਟਰ ਦੀ ਧਾਰਨਾ ਦਾ ਇਹ ਸਿਰ ਦੇ ਭਾਰ ਖੜ੍ਹਾ ਕੀਤਾ ਜਾਣਾ ਇਸ ਤੱਥ 'ਚ ਸਪਸ਼ਟ ਹੁੰਦਾ ਹੈ ਕਿ ਬਜਾਏ ਇਸ ਦੇ ਕਿ ਜਨਤਾ ਦੁਆਰਾ ਆਪਣੇ ਹਿੱਤਾਂ ਦੀ ਸੇਵਾ ਕਰਨ ਲਈ 'ਨੇਤਾ' ਦੀ ਚੋਣ ਕੀਤੀ ਜਾਏ, ਲੋਕਾਂ ਤੋਂ ਹੀ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ 'ਨੇਤਾ' ਦੀ ਸੇਵਾ ਕਰੇਗੀ। ਇਸੇ ਵਿਡੰਬਨਾ ਦੇ ਸਿਖਰਲੇ ਇਜ਼ਹਾਰ 'ਚ ਜਿਵੇਂ ਕਿ ਅਸੀਂ ਅੱਗੇ ਜਾ ਕੇ ਦੇਖਾਂਗੇ, ਹੁਣ ਤਾਂ 'ਨੇਤਾ' ਹੀ ਉਸ 'ਜਨਤਾ' ਦੀ ਚੋਣ ਕਰਨ ਲੱਗਾ ਹੈ, ਜਿਸ ਦਾ ਉਹ ਅਖਾਉਤੀ ਤੌਰ 'ਤੇ ਨੇਤਾ ਹੋਵੇਗਾ। ਰਾਸ਼ਟਰ ਦੀ ਧਾਰਨਾ ਨੂੰ ਸਿਰ ਦੇ ਭਾਰ ਖੜ੍ਹਾ ਕੀਤੇ ਜਾਣ ਦੀ ਪ੍ਰਵਿਰਤੀ ਅਣਗਿਣਤ ਮਿਸਾਲਾਂ ਜ਼ਰੀਏ, ਅਣਗਿਣਤ ਤਰੀਕਿਆਂ ਨਾਲ ਖ਼ੁਦ ਨੂੰ ਹੀ ਪਰਦਰਸ਼ਿਤ ਕਰਦੀ ਹੈ। ਕਿਸੇ ਹੋਰ ਨੇ ਨਹੀਂ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਅਹੁਦੇ 'ਤੇ ਬੈਠੇ ਯੋਗੀ ਆਦਿੱਤਿਆਨਾਥ ਨੇ ਭਾਰਤੀ ਫ਼ੌਜ ਨੂੰ 'ਮੋਦੀ ਜੀ ਕੀ ਫ਼ੌਜ' ਕਹਿ ਕੇ ਸੰਬੋਧਤ ਕੀਤਾ ਸੀ, ਜੋ 'ਨੇਤਾ' ਦੁਆਰਾ 'ਰਾਸ਼ਟਰ' ਦੀ ਪਛਾਣ ਹੜੱਪ ਲਏ ਜਾਣ ਦੀ ਹੈਰਾਨ ਕਰ ਦੇਣ ਵਾਲੀ ਕੋਸ਼ਿਸ਼ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਨਾਗਰਿਕਾਂ ਦੇ ਅਧਿਕਾਰਾਂ 'ਤੇ ਜਬਰਦਸਤ ਹਮਲਾ ਹੋ ਰਿਹਾ ਹੈ। ਕੁਝ ਅਰਸਾ ਪਹਿਲਾਂ, ਜਦੋਂ ਮੁਲਕ ਵਿਚ ਖੱਬੇਪੱਖੀਆਂ ਦੀ ਹਮਾਇਤ ਨਾਲ ਯੂਪੀਏ-1 ਦੀ ਸਰਕਾਰ ਚੱਲ ਰਹੀ ਸੀ, ਉਸਨੇ ਜਨਤਾ ਨੂੰ ਅਧਿਕਾਰ ਦੇਣ ਵਾਲੇ ਤਿੰਨ ਅਤਿ ਮਹੱਤਵਪੂਰਨ ਕਾਨੂੰਨ ਬਣਾਏ ਸਨ: ਜੰਗਲ ਅਧਿਕਾਰ ਕਾਨੂੰਨ, ਸੂਚਨਾ ਦਾ ਅਧਿਕਾਰ ਕਾਨੂੰਨ ਅਤੇ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਾਰੰਟੀ ਕਾਨੂੰਨ (ਮਨਗਰੇਗਾ)। ਇਸ ਵਕਤ ਇਨ੍ਹਾਂ ਸਾਰੇ ਕਾਨੂੰਨਾਂ ਨੂੰ ਬੇਮਾਇਨੇ ਬਣਾਇਆ ਜਾ ਰਿਹਾ ਹੈ।

ਜਿੱਥੇ ਇੱਕ ਪਾਸੇ ਲੋਕਾਂ ਤੋਂ ਉਨ੍ਹਾਂ ਦੇ ਅਧਿਕਾਰ ਖੋਹੇ ਗਏ ਹਨ, ਉਥੇ ਹੀ ਦੂਸਰੇ ਪਾਸੇ ਪ੍ਰਧਾਨ ਮੰਤਰੀ ਦੇ ਨਾਂ ਵਾਲੀਆਂ ਨਿਸ਼ਾਨਾਬੱਧ ਯੋਜਨਾਵਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਲੋਕਾਂ ਨੂੰ, ਜੋ ਭਾਰਤ ਦਾ ਨਾਗਰਿਕ ਹੋਣ ਦੇ ਅਧਿਕਾਰ ਨਾਲ ਜੋ ਹਾਸਲ ਹੋਣਾ ਚਾਹੀਦਾ ਹੈ, ਉਸ ਨੂੰ ਇਹ ਯੋਜਨਾਵਾਂ ਅਜਿਹੀ ਕ੍ਰਿਪਾ 'ਚ ਤਬਦੀਲ ਕਰ ਦਿੰਦੀਆਂ ਹਨ, ਜੋ ਦਿਆਲੂ ਪ੍ਰਧਾਨ ਮੰਤਰੀ ('ਨੇਤਾ') ਦੁਆਰਾ ਉਨ੍ਹਾਂ 'ਤੇ ਕੀਤੀ ਜਾਂਦੀ ਹੈ। ਅਧਿਕਾਰਾਂ ਦੇ ਇਸ ਤਰ੍ਹਾਂ ਖੋਹ ਲਏ ਜਾਣ ਦੇ ਨਾਲ ਹੀ ਨਾਲ 'ਫਰਜ਼ਾਂ' ਉੱਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਾਂ ਤੱਕ, ਸਰਕਾਰ ਦੇ ਅਧਿਕਾਰੀ ਨਾਗਰਿਕਾਂ ਦੇ 'ਅਧਿਕਾਰਾਂ' 'ਤੇ ਜ਼ੋਰ ਦਿੰਦੇ ਕਦੇ ਨਹੀਂ ਥੱਕਦੇ। ਅਤੇ ਹੁਣ ਤਾਂ ਰਾਜਧਾਨੀ ਦੀ ਸਭ ਤੋਂ ਮਹੱਤਵਪੂਰਨ ਸੜਕ ਦਾ, ਜਿਸ 'ਤੇ ਭਾਰਤ ਦੇ ਰਾਸ਼ਟਰਪਤੀ ਗਣਤੰਤਰ ਦਿਵਸ ਉੱਪਰ ਪਰੇਡ ਦੀ ਸਲਾਮੀ ਲੈਂਦੇ ਹਨ, ਨਾਮ ਬਦਲ ਕੇ "ਕਰਤੱਵਿਆ ਪੱਥ" ਦਾ ਨਾਮ ਹੀ ਦੇ ਦਿੱਤਾ ਗਿਆ ਹੈ, ਤਾਂ ਕਿ ਲੋਕ ਫਰਜ਼ ਪੂਰੇ ਕਰਨ ਦੀ ਆਪਣੀ ਜ਼ਿੰਮੇਦਾਰੀ ਕਦੇ ਨਾ ਭੁੱਲਣ।

ਫਿਰ ਵੀ ਰਾਸ਼ਟਰ ਦੀ ਧਾਰਨਾ ਦੇ ਇਸ ਤਰ੍ਹਾਂ ਸਿਰ ਭਾਰ ਖੜ੍ਹਾ ਕੀਤੇ ਜਾਣ ਦੀ ਸਭ ਤੋਂ ਅਜੀਬ ਮਿਸਾਲ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਖਣ ਸੋਧ (ਐਸ.ਆਈ.ਆਰ.) ਹੈ, ਜੋ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਅਜਿਹੇ ਅਨੇਕ ਰਾਜਾਂ 'ਚ ਕਰਵਾਈ ਜਾ ਰਹੀ ਹੈ, ਜਿੱਥੇ ਹੁਣੇ ਜਹੇ ਚੋਣਾਂ ਹੋਈਆਂ ਹਨ। ਆਓ ਪਹਿਲਾਂ ਤਾਂ ਇਸ 'ਤੇ ਨਜ਼ਰ ਮਾਰੀਏ ਕਿ ਚੋਣ ਕਮਿਸ਼ਨ ਦਾ ਗਠਨ ਕਿਸ ਢੰਗ ਨਾਲ ਹੁੰਦਾ ਸੀ। ਇਸ ਤੋਂ ਪਹਿਲਾਂ ਤੱਕ, ਮੁੱਖ ਚੋਣ ਕਮਿਸ਼ਨਰ ਅਤੇ ਦੋ ਹੋਰ ਚੋਣ ਕਮਿਸ਼ਨਰਾਂ ਦੀ ਚੋਣ, ਇੱਕ ਤਿੰਨ ਮੈਂਬਰੀ ਕਮੇਟੀ ਦੁਆਰਾ ਕੀਤੀ ਜਾਂਦੀ ਸੀ, ਜਿਸ ਵਿੱਚ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਦੇ ਇਲਾਵਾ, ਭਾਰਤ ਦੀ ਸਰਵ ਉੱਚ ਅਦਾਲਤ ਦੇ ਚੀਫ਼ ਜਸਟਿਸ ਸ਼ਾਮਿਲ ਹੁੰਦੇ ਸਨ। ਪਰ ਭਾਜਪਾ ਸਰਕਾਰ ਨੇ ਬਿਨਾ ਕੋਈ ਕਾਰਨ ਦਿੱਤੇ, ਇਸ ਵਿਵਸਥਾ ਨੂੰ ਬਦਲ ਦਿੱਤਾ ਅਤੇ ਨਵਾਂ ਕਾਨੂੰਨ ਬਣਾ ਕੇ, ਚੀਫ਼ ਜਸਟਿਸ ਦੀ ਜਗ੍ਹਾ ਇੱਕ ਮੰਤਰੀ ਨੂੰ ਬੈਠਾ ਦਿੱਤਾ, ਜਿਸ ਦੀ ਚੋਣ ਆਪਣੇ ਮੰਤਰੀ ਮੰਡਲ 'ਚੋਂ ਪ੍ਰਧਾਨ ਮੰਤਰੀ ਕਰੇਗਾ। ਇਸ ਵਕਤ ਇਸ ਤੀਸਰੇ ਸਥਾਨ 'ਤੇ ਗ੍ਰਹਿ ਮੰਤਰੀ ਨੂੰ ਰੱਖਿਆ ਗਿਆ ਹੈ। ਇਸ ਤਰ੍ਹਾਂ ਚੋਣ ਕਮਿਸ਼ਨ ਦੀ ਨਿਯੁਕਤੀ ਕਰਨ ਵਾਲੀ ਮੌਜੂਦਾ ਤਿੰਨ ਮੈਂਬਰੀ ਕਮੇਟੀ 'ਚ ਪ੍ਰਧਾਨ ਮੰਤਰੀ ਦਾ ਬਹੁਮਤ ਹੈ ਅਤੇ ਤਿੰਨਾਂ 'ਚੋਂ ਦੋ ਵੋਟ ਉਸ ਕੋਲ ਹੀ ਹਨ। ਇਸ ਤਰ੍ਹਾਂ ਸਾਡੇ ਦੇਸ਼ 'ਚ ਅੱਜ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਨੁਮਾਇੰਦੇ ਹੀ ਇਹ ਤੈਅ ਕਰ ਰਹੇ ਹਨ ਕਿ ਇਹ 'ਜਨਤਾ' ਕਿਹੜੀ ਹੋਵੇਗੀ, ਜੋ ਸਰਕਾਰ ਨੂੰ ਚੁਣੇਗੀ। ਬਜਾਏ ਇਸ ਦੇ ਕਿ 'ਜਨਤਾ' ਸਰਕਾਰ ਨੂੰ ਚੁਣੇ, ਸਾਡੇ ਇੱਥੇ ਸਰਕਾਰ ਹੀ 'ਜਨਤਾ' ਨੂੰ ਚੁਣ ਰਹੀ ਹੈ। ਇਹ ਨਿਚੋੜ: ਰਾਸ਼ਟਰ ਦੀ ਧਾਰਨਾ ਦਾ ਹੀ ਸਿਰ ਦੇ ਭਾਰ ਖੜ੍ਹਾ ਕੀਤਾ ਜਾਣਾ ਹੈ। ਇਹ ਸਾਨੂੰ ਬਰਟੋਲਤ ਬ੍ਰੇਖ਼ਤ ਦੀ ਇੱਕ ਮਸ਼ਹੂਰ ਕਵਿਤਾ ਦੀ ਯਾਦ ਦਿਵਾਉਂਦਾ ਹੈ: 'ਲੱਗਦਾ ਹੈ ਕਿ ਜਨਤਾ ਨੇ ਸਰਕਾਰ ਦਾ ਵਿਸ਼ਵਾਸ ਗੁਆ ਲਿਆ ਹੈ। ਕਿਉਂ ਨਾ ਸਰਕਾਰ ਜਨਤਾ ਨੂੰ ਭੰਗ ਕਰ ਦੇਵੇ ਅਤੇ ਆਪਣੇ ਲਈ ਇੱਕ ਨਵੀਂ ਜਨਤਾ ਚੁਣ ਲਵੇ।' ਇੱਥੇ ਅਸੀਂ ਬ੍ਰੇਖ਼ਤ ਦੀ ਵਿਅੰਗਮਈ ਸਲਾਹ ਦੇ ਇੱਕ ਇੱਕ ਅੱਖਰ ਦਾ ਪਾਲਨ ਹੁੰਦਾ ਦੇਖ ਰਹੇ ਹਾਂ। ਪਰ ਇਹ ਵਿਡੰਬਨਾ ਨਵ-ਫਾਸ਼ੀਵਾਦ ਦੇ ਨਿਚੋੜ ਨੂੰ ਫੜਦੀ ਹੈ ਅਤੇ ਇਸ 'ਜਨਤਾ-ਨੇਤਾ' ਦੇ ਰਿਸ਼ਤੇ ਨੂੰ ਸਿਰ ਦੇ ਭਾਰ ਖੜ੍ਹਾ ਕੀਤੇ ਜਾਣ ਨੂੰ ਸਾਹਮਣੇ ਲਿਆਉਂਦੀ ਹੈ, ਜੋ ਨਵ-ਫਾਸ਼ੀਵਾਦ ਰਾਸ਼ਟਰ ਦੀ ਧਾਰਨਾ ਨੂੰ ਸਿਰ ਦੇ ਭਾਰ ਖੜ੍ਹਾ ਕੀਤੇ ਜਾਣ ਦੇ ਪੂਰਕ ਦੇ ਰੂਪ 'ਚ ਸਾਹਮਣੇ ਆਉਂਦਾ ਹੈ।

ਫਿਰ ਵੀ ਕੌਮਾਂਤਰੀ ਪੱਧਰ 'ਤੇ ਨਵ ਫਾਸ਼ੀਵਾਦ ਇਸ ਸਮੇਂ ਨਿਵਾਣ 'ਤੇ ਹੈ। ਉਸ ਨੂੰ ਹਰ ਜਗ੍ਹਾ 'ਤੇ ਝਟਕੇ ਲੱਗ ਰਹੇ ਹਨ। ਈਰਾਨ 'ਚ ਟਰੰਪ ਦੀ ਹਾਰ ਹੋਈ ਹੈ, ਜੋ ਉਸ ਮੁਲਕ 'ਤੇ ਆਪਣੇ ਹਮਲੇ ਦੇ ਐਲਾਨੇ ਟੀਚਿਆਂ 'ਚੋਂ ਕੋਈ ਵੀ ਹਾਸਲ ਨਹੀਂ ਕਰ ਸਕਿਆ ਹੈ। ਹੰਗਰੀ 'ਚ ਚੋਣਾਂ 'ਚ ਵਿਕਟਰ ਓਰਬਾਨ ਦੀ ਹਾਰ ਹੋਈ ਹੈ। ਕੱਟੜ ਫਾਸ਼ੀਵਾਦੀ ਨੇਤਨਯਾਹੂ ਤੱਕ ਲਈ ਇਜ਼ਰਾਈਲ 'ਚ ਆਪਣੀਆਂ ਕਾਤਲਾਨਾ ਯੋਜਨਾਵਾਂ ਲਈ ਹਮਾਇਤ ਖਿਸਕਦੀ ਹੋਈ ਨਜ਼ਰ ਆ ਰਹੀ ਹੈ। ਅਤੇ ਖ਼ੁਦ ਮੋਦੀ ਨੂੰ ਭਾਰਤੀ ਸੰਵਿਧਾਨ 'ਚ ਉਹ ਤਬਦੀਲੀਆਂ ਕਰਨ ਲਈ ਪਾਰਲੀਮੈਂਟ 'ਚ ਹਮਾਇਤ ਹਾਸਿਲ ਨਾ ਹੋਣ ਕਰਕੇ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਨਾਲ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾ ਕੇ ਭਾਜਪਾ ਆਪਣਾ ਰਾਜ ਕਾਰਜਕਾਲ ਦਰ ਕਾਰਜਕਾਲ ਬਣਾ ਕੇ ਰੱਖ ਸਕਦੀ ਸੀ।

ਬੇਸ਼ੱਕ, ਇਸ ਦਾ ਅਰਥ ਨਵ-ਫਾਸ਼ੀਵਾਦ ਦਾ ਅੰਤ ਹੋਣਾ ਨਹੀਂ ਹੈ। ਨਵ-ਫਾਸ਼ੀਵਾਦ ਤਾਂ ਇੱਕ ਖ਼ਾਸ ਪ੍ਰਸਥਿਤੀ ਸੰਜੋਗ 'ਚ ਉੱਭਰ ਕੇ ਆਇਆ ਹੈ ਅਤੇ ਇਹ ਸਥਿਤੀ ਇਤਫ਼ਾਕ ਹੈ, ਨਵ-ਉਦਾਰਵਾਦ ਦੇ ਸੰਕਟ ਦਾ। ਇਸ ਸਥਿਤੀ ਇਤਫ਼ਾਕ ਨਾਲ ਨਵ ਉਦਾਰਵਾਦ ਦੇ ਦਾਇਰੇ 'ਚ ਨਹੀਂ ਉੱਭਰਿਆ ਜਾ ਸਕਦਾ। ਪਰ, ਜਦੋਂ ਤੱਕ ਨਵ-ਉਦਾਰਵਾਦ ਨੂੰ ਪਾਰ ਕਰਨ ਜ਼ਰੀਏ ਇਸ ਸਥਿਤੀ ਇਤਫ਼ਾਕ ਨੂੰ ਹੀ ਪਾਰ ਨਹੀਂ ਕੀਤਾ ਜਾਂਦਾ, ਨਵ-ਫਾਸ਼ੀਵਾਦ ਨੂੰ ਪੈਦਾ ਕਰਨ ਵਾਲੇ ਹਾਲਾਤ ਬਣੇ ਹੀ ਰਹਿਣਗੇ ਅਤੇ ਚੋਣਾਂ 'ਚ ਹਰਾਏ ਜਾਣ ਦੇ ਬਾਅਦ ਵੀ ਨਵ-ਫਾਸ਼ੀਵਾਦ ਵਾਪਸ ਆ ਸਕਦਾ ਹੈ, ਜਿਸ ਦਾ ਸਬੂਤ ਖ਼ੁਦ ਟਰੰਪ ਹੈ। ਫਿਰ ਵੀ ਚੋਣਾਂ 'ਚ ਨਵ-ਫਾਸ਼ੀਵਾਦ ਨੂੰ ਹਰਾਇਆ ਜਾਣਾ, ਨਾ ਸਿਰਫ਼ ਜਮਹੂਰੀਅਤ ਦੀ ਬਹਾਲੀ ਲਈ ਲਾਜ਼ਮੀ ਸ਼ਰਤ ਹੈ ਸਗੋਂ ਖ਼ੁਦ ਨਵ-ਉਦਾਰਵਾਦ ਦੇ ਪਾਰ ਜਾਣ ਦੀ ਵੀ ਜ਼ਰੂਰੀ ਸ਼ਰਤ ਹੈ।

AMAR MUSIC ACADEMY
INDIAN CLASSICAL LIGHT MUSIC, GURMAT SANGEET & TABLA
ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ

Prof. Gurdev Singh Phull,
Prof. Amrik Singh Phull
To Learn Indian Classical, Light Music & Tabla
Free Lessons for Blind & Handicapped

604-599-4628, 778-898-5052 | 13376-80 Ave, Surrey

# ਐਮਨੈਸਟੀ ਇੰਟਰਨੈਸ਼ਨਲ ਕਦੇ ਖਾਲੜਾ ਤੇ ਜਸਟਿਸ ਬੈਂਸ ਵਰਗੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਦੀ ਅਵਾਜ਼ ਬਣੀ ਸੀ

ਲੇਖਕ : ਦਲਜੀਤ ਅਮੀ

ਪਿਛਲੇ ਦਿਨੀ ਮਨੁੱਖੀ ਹਕੂਕ ਦੀ ਪਹਿਰੇਦਾਰੀ ਕਰਨ ਵਾਲੀ ਜਥੇਬੰਦੀ ਐਮਨੈਸਟੀ ਇੰਟਰਨੈਸ਼ਨਲ ਨੇ ਇੰਡੀਆ ਵਿੱਚੋਂ ਆਪਣਾ ਕੰਮ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਨਾਲ ਇੰਡੀਆ ਅੰਦਰ ਮਨੁੱਖੀ ਹਕੂਕ ਦੀ ਹਾਲਤ ਅਤੇ ਸਰਕਾਰ ਦੀ ਮਨੁੱਖੀ ਹਕੂਕ ਦੀ ਅਲੰਬਰਦਾਰੀ ਕਰਨ ਵਾਲੇ ਅਦਾਰਿਆਂ ਅਤੇ ਕਾਰਕੁੰਨਾਂ ਬਾਬਤ ਪਹੁੰਚ ਚਰਚਾ ਵਿੱਚ ਆ ਗਈ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸਰਕਾਰ ਮਨੁੱਖੀ ਹਕੂਕ ਜਥੇਬੰਦੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਉਨ੍ਹਾਂ ਦੇ ਬੈਂਕ ਦੇ ਖ਼ਾਤੇ ਬੰਦ ਕਰ ਦਿੱਤੇ ਗਏ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਅਮਲੇ ਨੂੰ ਨੌਕਰੀਆਂ ਤੋਂ ਜੁਆਬ ਦੇਣਾ ਪਿਆ ਹੈ।

ਇਸ ਦੇ ਨਾਲ ਹੀ ਐਮਨੈਸਟੀ ਇੰਟਰਨੈਸ਼ਨਲ ਨੂੰ ਆਪਣੀ ਖੋਜ ਅਤੇ ਰਾਇ-ਬੰਦੀ ਮੁਹਿੰਮਾਂ ਦਾ ਕੰਮ ਰੋਕਣਾ ਪਿਆ ਹੈ। ਐਮਨੈਸਟੀ ਇੰਡੀਆ ਦੇ ਸੀਨੀਅਰ ਨਿਰਦੇਸ਼ਕ ਰਜਤ ਖੋਸਲਾ ਨੇ ਦੱਸਿਆ, "ਸਰਕਾਰ ਵਿਓਂਤਬੰਦ ਢੰਗ ਨਾਲ ਐਮੀਨੈਸਟੀ ਇੰਟਰਨੈਸ਼ਨਲ ਇੰਡੀਆ ਉੱਤੇ ਹਮਲੇ ਕਰ ਰਹੀ ਹੈ, ਦਬਾਅ ਪਾ ਰਹੀ ਹੈ ਅਤੇ ਪਰੇਸ਼ਾਨ ਕਰ ਰਹੀ ਹੈ।"

"ਇਸ ਸਭ ਕੁਝ ਸਾਡੇ ਮਨੁੱਖੀ ਹਕੂਕ ਦੇ ਕੰਮ ਕਾਰਨ ਹੋ ਰਿਹਾ ਹੈ ਅਤੇ ਸਰਕਾਰ ਸਾਡੇ ਕੰਮ ਰਾਹੀਂ ਸਾਹਮਣੇ ਆਉਂਦੇ ਸੁਆਲਾਂ ਦਾ ਜੁਆਬ ਨਹੀਂ ਦੇਣਾ ਚਾਹੁੰਦੀ। ਸਾਡਾ ਇਹ ਕੰਮ ਚਾਹੇ ਦਿੱਲੀ ਦੇ ਦੰਗਿਆਂ ਦੀ ਜਾਂਚ ਬਾਬਤ ਹੋਵੇ ਜਾਂ ਜੰਮੂ ਅਤੇ ਕਸ਼ਮੀਰ ਵਿੱਚ ਜ਼ੁਬਾਨ-ਬੰਦੀ ਬਾਰੇ ਹੋਵੇ।" ਪਿਛਲੇ ਮਹੀਨੇ ਜਾਰੀ ਕੀਤੀ ਰਪਟ ਵਿੱਚ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਫਰਵਰੀ ਮਹੀਨੇ ਦਿੱਲੀ ਵਿੱਚ ਹੋਏ ਫ਼ਿਰਕੂ ਫਸਾਦ ਵਿੱਚ ਦਿੱਲੀ ਪੁਲਿਸ ਉੱਤੇ ਮਨੁੱਖੀ ਹਕੂਕ ਦੇ ਘਾਣ ਦਾ ਇਲਜ਼ਾਮ ਲਗਾਇਆ ਸੀ।

ਦਿੱਲੀ ਪੁਲਿਸ ਨੇ ਮੀਡੀਆ ਵਿੱਚ ਇਸ ਰਪਟ ਨੂੰ 'ਇੱਕ-ਪਾਸੜ, ਪੱਖਪਾਤੀ ਅਤੇ ਬਦਖੋਹੀਨੁਮਾ' ਕਰਾਰ ਦਿੱਤਾ ਸੀ। ਇਸ ਤੋਂ ਪਹਿਲਾਂ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਜੰਮੂ-ਕਸ਼ਮੀਰ ਦੇ ਸਾਰੇ ਹਿਰਾਸਤੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਸੀ ਜਿਨ੍ਹਾਂ ਵਿੱਚ ਸਿਆਸੀ ਆਗੂ, ਕਾਰਕੁੰਨ ਅਤੇ ਪੱਤਰਕਾਰ ਸ਼ਾਮਿਲ ਸਨ।

ਪਿਛਲੇ ਸਾਲ ਅਮਰੀਕਾ ਦੇ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਸਾਹਮਣੇ ਦੱਖਣੀ ਏਸ਼ੀਆਂ ਦੇ ਮਨੁੱਖੀ ਹਕੂਕ ਦੀ ਹਾਲਤ ਬਾਬਤ ਆਪਣੀ ਖੋਜ ਪੇਸ਼ ਕੀਤੀ ਸੀ ਕਿ ਕਸ਼ਮੀਰ ਵਿੱਚ ਮਨਮਾਨੀ ਨਾਲ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ, ਤਾਕਤ ਦੀ ਬੇਓੜਕ ਵਰਤੋਂ ਕੀਤੀ ਜਾ ਰਹੀ ਹੈ ਅਤੇ ਤਸ਼ੱਦਦ ਵਰਤਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਐਮਨੈਸਟੀ ਇੰਟਰਨੈਸ਼ਨਲ ਨੇ ਇੰਡੀਆ ਵਿੱਚ ਇਖ਼ਤਲਾਫ਼ ਰਾਇ ਦੀ ਜ਼ੁਬਾਨ-ਬੰਦੀ ਕਾਰਨ ਸਰਕਾਰ ਦੀ ਨਿਖੇਧੀ ਕੀਤੀ ਹੈ।

## ਐਮਨੈਸਟੀ ਇੰਟਰਨੈਸ਼ਨਲ ਕੀ ਹੈ?

ਐਮਨੈਸਟੀ ਇੰਟਰਨੈਸ਼ਨਲ ਦੀ ਵੈੱਬਸਾਈਟ ਉੱਤੇ ਇਸ ਨੇ ਆਪਣੀ ਪਛਾਣ ਇੰਝ ਕਰਵਾਈ ਹੈ, "ਐਮਨੈਸਟੀ ਇੰਟਰਨੈਸ਼ਨਲ ਸੱਤ ਕਰੋੜ ਤੋਂ ਜ਼ਿਆਦਾ ਲੋਕਾਂ ਦੀ ਆਲਮੀ ਲਹਿਰ ਹੈ ਜੋ ਨਾਇਨਸਾਫ਼ੀ ਨੂੰ ਆਪਣਾ ਨਿੱਜੀ ਮਸਲਾ ਮੰਨਦੇ ਹਨ। ਅਸੀਂ ਅਜਿਹੀ ਦੁਨੀਆਂ ਦੀ ਵਕਾਲਤ ਕਰਦੇ ਹਾਂ ਜਿੱਥੇ ਹਰ ਕੋਈ ਮਨੁੱਖੀ ਹਕੂਕ ਮਾਣ ਸਕੇ।"

ਇਸੇ ਵੈੱਬਸਾਈਟ ਉੱਤੇ ਐਮਨੈਸਟੀ ਇੰਟਰਨੈਸ਼ਨਲ ਨੇ ਆਪਣੇ ਕੰਮਾਂ ਬਾਰੇ ਲਿਖਿਆ ਹੈ, "ਤਫ਼ਸੀਲ ਨਾਲ ਕੀਤੀ ਖੋਜ ਅਤੇ ਸਿਦਕਦਿਲੀ ਨਾਲ ਕੀਤੀ ਰਾਇ-ਬੰਦੀ ਰਾਹੀਂ ਅਸੀਂ ਦੁਨੀਆ ਭਰ ਵਿੱਚ ਮਨੁੱਖੀ ਹਕੂਕ ਦੇ ਘਾਣ ਖ਼ਿਲਾਫ਼ ਸੰਘਰਸ਼ ਕਰਦੇ ਹਾਂ।"

ਐਮੀਨੈਸਟੀ ਇੰਟਰਨੈਸ਼ਨਲ ਨੇ ਆਪਣੇ ਕੰਮ ਦਾ ਘੇਰਾ ਹਥਿਆਰਬੰਦ ਟਕਰਾਅ ਵਾਲੇ ਇਲਾਕਿਆਂ ਵਿੱਚ ਰੱਖਿਆ ਹੈ।

ਇਸ ਜਥੇਬੰਦੀ ਨੇ ਚੌਗਿਰਦਾ ਤਬਦੀਲੀ, ਕਾਰਪੋਰੇਟ ਦੀ ਜੁਆਬਦੇਹੀ, ਮੌਤ ਦੀ ਸਜ਼ਾ ਦੇ ਖ਼ਿਲਾਫ਼, ਜੇਲ੍ਹ-ਬੰਦੀਆਂ, ਲਾਪਤਾ ਜੀਆਂ, ਵਿਤਕਰੇ, ਪੁਲਿਸ ਤਸ਼ੱਦਦ ਅਤੇ ਹਿਰਾਸਤੀ ਤਸ਼ੱਦਦ ਬਾਬਤ ਰਾਇ-ਬੰਦੀ ਦੀਆਂ ਮੁਹਿੰਮਾਂ ਚਲਾਈਆਂ ਹਨ।

ਇਸ ਤੋਂ ਇਲਾਵਾ ਐਮਨੈਸਟੀ ਇੰਟਰਨੈਸ਼ਨਲ ਨੇ ਬੋਲਣ ਦੀ ਆਜ਼ਾਦੀ, ਮੂਲਵਾਸੀਆਂ ਦੇ ਹਕੂਕ, ਕੌਮਾਂਤਰੀ ਇਨਸਾਫ਼, ਮਨੁੱਖਾ ਜੀਵਨ ਦੀ ਸ਼ਾਨ, ਕਾਮੁਕਤਾ ਅਤੇ ਪ੍ਰਜਨਨ ਹਕੂਕ ਅਤੇ, ਪਹਾਨਗੀਰਾਂ ਅਤੇ ਮੁਹਾਜ਼ਿਰਾਂ ਦੇ ਹਕੂਕ ਬਾਬਤ ਵੀ ਕੌਮਾਂਤਰੀ ਰਾਇ-ਬੰਦੀ ਦੀਆਂ ਮੁਹਿੰਮਾਂ ਵਿੱਚ ਹਿੱਸਾ ਪਾਇਆ ਹੈ।

ਇਨ੍ਹਾਂ ਸਾਰੀਆਂ ਮੁਹਿੰਮਾਂ ਵਿੱਚ ਐਮਨੈਸਟੀ ਇੰਟਰਨੈਸ਼ਨਲ ਦਾ ਰਾਹ ਦਰਸਾਵਾ ਮਨੁੱਖੀ ਹਕੂਕ ਦਾ ਆਲਮੀ ਐਲਾਨਨਾਮਾ ਰਿਹਾ ਹੈ ਜੋ ਸੰਯੁਕਤ ਰਾਸ਼ਟਰ ਦਾ ਦਸਤਾਵੇਜ਼ ਹੈ।

## ਪੰਜਾਬ ਅਤੇ ਐਮਨੈਸਟੀ ਇੰਟਰਨੈਸ਼ਨਲ

ਐਮਨੈਸਟੀ ਇੰਟਰਨੈਸ਼ਨਲ ਨੇ ਪੰਜਾਬ ਵਿੱਚ ਮਨੁੱਖੀ ਹਕੂਕ ਦੇ ਮਾਮਲਿਆਂ ਵਿੱਚ ਲਗਾਤਾਰ ਦਖ਼ਲਅੰਦਾਜ਼ੀ ਕੀਤੀ ਹੈ, ਜਿਸ ਦੀ ਗਵਾਹੀ ਇਸ ਦੀਆਂ ਰਪਟਾਂ ਵਿੱਚ ਦਰਜ ਹੈ। ਇਸ ਦੇ ਨਾਲ ਹੀ ਇਸ ਦਖ਼ਲਅੰਦਾਜ਼ੀ ਨਾਲ ਨਾਤਾ ਰੱਖਣ ਵਾਲੇ ਜੀਆਂ ਦੀਆਂ ਯਾਦਾਂ ਵਿੱਚ ਵੀ ਵਸੀਆਂ ਹੋਈਆਂ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਕਰਨ ਵਾਲੇ ਰਾਜਵਿੰਦਰ ਸਿੰਘ ਬੈਂਸ ਨੂੰ 1992 ਦੀਆਂ ਘਟਨਾਵਾਂ ਦੀ ਲੜੀ ਪੂਰੀ ਤਰ੍ਹਾਂ ਯਾਦ ਹੈ ਜਦੋਂ ਉਨ੍ਹਾਂ ਦੇ ਪਿਤਾ ਅਜੀਤ ਸਿੰਘ ਬੈਂਸ ਨੂੰ ਟਾਡਾ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।

ਅਜੀਤ ਸਿੰਘ ਬੈਂਸ 1984 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚੋਂ ਬਤੌਰ ਜੱਜ ਸੇਵਾਮੁਕਤ ਹੋਏ ਸਨ ਅਤੇ 1986 ਵਿੱਚ ਬਣੀ ਜਥੇਬੰਦੀ 'ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ' ਦੇ ਮੋਢੀਆਂ ਵਿੱਚ ਸ਼ਾਮਿਲ ਸਨ। ਅਜੀਤ ਸਿੰਘ ਬੈਂਸ ਨੇ ਹੋਲੇ-ਮੁਹੱਲੇ ਦੇ ਇਕੱਠ ਵਿੱਚ ਤਕਰੀਰ ਕੀਤੀ ਸੀ ਜਿਸ ਦੇ ਬੋਲਾਂ ਨੂੰ ਟਾਡਾ ਦੇ ਘੇਰੇ ਵਿੱਚ ਲਿਆ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਉਸ ਵੇਲੇ ਅਜੀਤ ਸਿੰਘ ਬੈਂਸ ਦੀ ਰਿਹਾਈ ਲਈ ਕਾਨੂੰਨੀ



ਚਾਰਾਜੋਈ ਤੋਂ ਇਲਾਵਾ ਆਵਾਮੀ ਰਾਇ-ਬੰਦੀ ਦੀ ਮੁਹਿੰਮ ਚਲਾਈ ਗਈ ਸੀ।

ਐਮਨੈਸਟੀ ਇੰਟਰਨੈਸ਼ਨਲ ਉਨ੍ਹਾਂ ਦੀ ਰਿਹਾਈ ਲਈ ਆਲਮੀ ਰਾਇ-ਬੰਦੀ ਮੁਹਿੰਮ ਵਿੱਚ ਸ਼ਾਮਿਲ ਹੋਈ। ਰਾਜਵਿੰਦਰ ਸਿੰਘ ਬੈਂਸ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਐਮਨੈਸਟੀ ਇੰਟਰਨੈਸ਼ਨਲ ਦੇ ਹਜ਼ਾਰਾਂ ਕਾਰਕੁੰਨਾਂ ਨੇ ਸਾਨੂੰ ਹਮਾਇਤ ਦੀਆਂ ਚਿੱਠੀਆਂ ਲਿਖੀਆਂ।

ਉਨ੍ਹਾਂ ਅੱਗੇ ਕਿਹਾ, "ਇਨ੍ਹਾਂ ਚਿੱਠੀਆਂ ਨਾਲ ਸਾਡੇ ਪਰਿਵਾਰ ਨੂੰ ਬਹੁਤ ਹੌਂਸਲਾ ਮਿਲਿਆ। ਅਜਿਹੀਆਂ ਜਥੇਬੰਦੀਆਂ ਸਰਕਾਰਾਂ ਦੇ ਫ਼ੈਸਲੇ ਤਾਂ ਨਹੀਂ ਪਲਟ ਸਕਦੀਆਂ ਪਰ ਇਖ਼ਲਾਕੀ ਹਮਾਇਤ ਲਾਮਬੰਦ ਕਰਦੀਆਂ ਹਨ ਜੋ ਕੌਮਾਂਤਰੀ ਰਾਇ-ਬੰਦੀ ਰਾਹੀਂ ਸਰਕਾਰਾਂ ਉੱਤੇ ਦਬਾਅ ਪਾਉਣ ਦਾ ਕੰਮ ਕਰਦੀਆਂ ਹਨ।"

## ਜ਼ਮੀਰ ਦੇ ਕੈਦੀਆਂ ਨੂੰ ਇਖ਼ਲਾਕ ਦੀ ਚਿੱਠੀਆਂ

ਐਮਨੈਸਟੀ ਇੰਦਰਨੈਸ਼ਨਲ ਦੀ ਵੈੱਬਸਾਈਟ ਉੱਤੇ ਬੇਇਨਸਾਫ਼ੀ ਨੂੰ ਆਪਣਾ ਨਿੱਜੀ ਮਸਲਾ ਸਮਝਣ ਵਾਲੇ ਸੱਤ ਕਰੋੜ ਜੀਆਂ ਦਾ ਦਾਅਵਾ ਉਨ੍ਹਾਂ ਚਿੱਠੀਆਂ ਵਿੱਚ ਦਰਜ ਹੈ ਜੋ ਦੂਰ-ਦੁਰਾਡੇ ਮੁਲਕਾਂ ਤੋਂ ਵੱਖ-ਵੱਖ ਬੋਲੀਆਂ ਵਿੱਚ ਲਿਖੀਆਂ ਗਈਆਂ ਹਨ ਅਤੇ ਰਾਜਵਿੰਦਰ ਸਿੰਘ ਬੈਂਸ ਦੀਆਂ ਫਾਇਲਾਂ ਵਿੱਚ ਲੱਗੀਆਂ ਹੋਈਆਂ ਹਨ। ਗਰੀਸ ਤੋਂ ਆਈ ਚਿੱਠੀ ਵਿੱਚ ਪੰਜਾਬ ਦੇ ਤਤਕਾਲੀ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਨੂੰ ਪੇਸ਼ ਕਰਨ, ਹਿਰਾਸਤ ਵਿੱਚ ਮਨੁੱਖੀ ਵਤੀਰੇ, ਕਾਨੂੰਨੀ ਘੇਰੇ ਵਿੱਚ ਰਹਿਣ ਅਤੇ ਜਲਦੀ ਤੋਂ ਜਲਦੀ ਰਿਹਾਅ ਕਰਨ ਦੀਆਂ ਮੰਗਾਂ ਕੀਤੀਆਂ ਗਈਆਂ ਹਨ।

ਤਿੰਨ ਲੰਬੇ ਫ਼ਿਕਰਿਆਂ ਦੀ ਇਸ ਚਿੱਠੀ ਹੇਠਾਂ ਦੋ ਤਿਹਾਈ ਪੰਨਾ ਦਰਸਖ਼ਤ ਕਰਨ ਵਾਲਿਆਂ ਨੇ ਆਪਣੀ ਰੋਡਸ ਨਾਮ ਦੇ ਟਾਪੂ ਉੱਤੇ ਆਪਣੇ ਰਿਹਾਇਸ਼ੀ ਪਤਿਆਂ ਨਾਲ ਭਰਿਆ ਹੋਇਆ ਹੈ।

ਇਸੇ ਤਰਜ਼ ਦੀ ਚਿੱਠੀ ਸਪੇਨਿਸ਼ ਬੋਲੀ ਵਿੱਚ ਲਿਖੀ ਹੋਈ ਹੈ ਜੋ ਸਪੇਨ ਦੇ ਪਹਾੜੀ ਕਸਬੇ ਮੁਗਾਰਾ ਤੋਂ ਆਈ ਹੈ ਅਤੇ ਇਸ ਉੱਤੇ ਗਿਆਰਾਂ ਜੀਆਂ ਦੇ ਦਸਤਖ਼ਤ ਹਨ।

ਦੱਖਣੀ ਕੋਰੀਆ ਤੋਂ ਕਿੰਮ ਜੇ ਹੁਨ ਨੇ ਚਿੱਠੀ ਲਿਖੀ ਹੈ ਜਿਸ ਉੱਤੇ ਉਨ੍ਹਾਂ ਦਾ ਪਤਾ ਹਿਉਨ ਸੰਗ ਵੂਮੈਨ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦਾ ਹੈ। ਬੈਲਜੀਅਮ ਦੇ ਵਾਟਰਲੂ ਸ਼ਹਿਰ ਤੋਂ ਇੰਡੀਆ ਦੇ ਤਤਕਾਲੀ ਵਿਦੇਸ਼ ਮੰਤਰੀ ਮਾਦਵ ਸਿੰਘ ਸੋਲੰਕੀ ਦੇ ਨਾਮ ਲਿਖੀ ਗਈ ਹੈ। ਜਾਪਾਨ ਦੇ ਸ਼ਹਿਰ ਟੋਕੀਓ ਤੋਂ ਮੀਸਾਕੀ ਨਾਕਾਨੋ ਨੇ ਚਿੱਠੀ ਲਿਖੀ ਹੈ। ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਬਰਕਲੇਅ ਤੋਂ ਮਾਅਲਾ ਲਿਓਨਸ ਨੇ ਪੰਜਾਬ ਦੇ ਤਤਕਾਲੀ ਗਵਰਨਰ ਸੁਰਿੰਦਰ ਨਾਥ ਦੇ ਨਾਮ ਚਿੱਠੀ ਲਿਖੀ ਹੈ।

ਆਸਟਰੀਆ ਦੇ ਸ਼ਹਿਰ ਵਿਆਨਾ ਤੋਂ ਐਮਨੈਸਟੀ ਇੰਟਰਨੈਸ਼ਨਲ ਦੀ ਚਿੱਠੀ ਨੌਰਬਰਟ ਸਜ਼ਿਰਚ ਨੇ ਲਿਖੀ ਹੈ ਜਿਸ ਵਿੱਚ ਕਰਨਲ ਪ੍ਰਤਾਪ ਸਿੰਘ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਉੱਤੇ ਹੋ ਰਹੇ ਤਸ਼ੱਦਦ ਦਾ ਖਦਸ਼ਾ ਬਿਆਨ ਕਰਦੀ ਹੋਈ ਮਨੁੱਖੀ ਵਤੀਰੇ ਅਤੇ ਕਾਨੂੰਨੀ ਘੇਰੇ ਵਿੱਚ ਰਹਿਣ ਦੀ ਮੰਗ ਕਰਦੀ ਹੈ।

## ਮਨੁੱਖੀ ਪਛਾਣ ਨੂੰ ਪਹਿਲ

ਰਾਜਵਿੰਦਰ ਸਿੰਘ ਬੈਂਸ ਨੇ ਐਮਨੈਸਟੀ ਇੰਟਰਨੈਸ਼ਨਲ ਦੇ ਕਾਰਕੁੰਨਾਂ ਦੀਆਂ ਚਿੱਠੀਆਂ ਅਠਾਈ ਸਾਲਾਂ ਬਾਅਦ ਵੀ ਸਾਂਭ ਰੱਖੀਆਂ ਹਨ।

ਅਜੀਤ ਸਿੰਘ ਬੈਂਸ ਨੂੰ ਐਮਨੈਸਟੀ ਇੰਟਰਨੈਸ਼ਨਲ ਨੇ 'ਜ਼ਮੀਰ ਦਾ ਕੈਦੀ' ਕਰਾਰ ਦਿੱਤਾ ਸੀ। ਹੁਣ ਜਦੋਂਐਮਨੈਸਟੀ ਇੰਟਰਨੈਸ਼ਨਲ ਇੰਡੀਆ ਵਿੱਚ ਕੰਮ ਬੰਦ ਕੀਤਾ ਹੈ ਤਾਂ ਜਥੇਬੰਦੀ ਦੇ ਸਾਬਕਾ ਮੁਖੀ ਅਕਾਰ ਪਟੇਲ ਨੇ ਟਵਿੱਟਰ ਉੱਤੇ ਯਾਦ ਕਰਵਾਇਆ ਹੈ ਕਿ 1976 ਦੇ ਹੰਗਾਮੀ ਦੌਰ ਦੇ ਕੈਦੀਆਂ ਦੀ ਰਿਹਾਈ ਲਈ ਰਾਇ-ਬੰਦ ਕੀਤੀ ਗਈ ਸੀ।

ਉਸ ਵੇਲੇ ਵੀ ਐਮਨੈਸਟੀ ਇੰਟਰਨੈਸ਼ਨਲ ਨੇ ਕੈਦੀਆਂ ਨੂੰ 'ਜ਼ਮੀਰ ਦੇ ਕੈਦੀ' ਕਰਾਰ ਦਿੱਤਾ ਸੀ ਜਿਨ੍ਹਾਂ ਵਿੱਚ ਭਾਜਪਾ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਵੀ ਸ਼ਾਮਿਲ ਸਨ। ਜਨਤਾ ਦਲ ਦੀ ਸਰਕਾਰ ਬਣਨ ਤੋਂ ਬਾਅਦ ਵੀ ਬਹੁਤ ਸਾਰੇ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਗਿਆ ਸੀ ਤਾਂ ਉਨ੍ਹਾਂ ਕੈਦੀਆਂ ਨੂੰ ਵੀ 'ਜ਼ਮੀਰ ਦੇ ਕੈਦੀ' ਕਰਾਰ ਦਿੱਤਾ ਗਿਆ ਸੀ।

ਇਨ੍ਹਾਂ ਕੈਦੀਆਂ ਵਿੱਚ ਜ਼ਿਆਦਾਤਰ ਲੋਕ ਉੱਤਰ-ਪੂਰਬੀ ਰਾਜਾਂ ਅਤੇ ਨਕਸਲਬਾੜੀ ਲਹਿਰ ਨਾਲ ਜੁੜੇ ਹੋਏ ਸਨ ਜਿਨ੍ਹਾਂ ਬਾਬਤ ਆਨੰਦ ਪਟਵਰਧਨ ਨੇ ਦਸਤਾਵੇਜ਼ੀ ਫ਼ਿਲਮ ਬਣਾਈ ਸੀ। ਇਹੋ ਤਜਰਬਾ ਮੇਰੀ ਟੇਲਰ ਨੇ ਆਪਣੀ ਕਿਤਾਬ ਵਿੱਚ ਦਰਜ ਕੀਤਾ ਸੀ—ਭਾਰਤੀ ਜੇਲ੍ਹਾਂ ਵਿੱਚ ਮੇਰੇ ਸਾਲ।

## ਹਕੂਮਤੀ ਤਸ਼ੱਦਦ ਬਨਾਮ ਦਹਿਸ਼ਤਗਰਦੀ

ਜਮਹੂਰੀ ਅਧਿਕਾਰ ਸਭਾ ਦੇ ਸਕੱਤਰ ਪ੍ਰੋ. ਜਗਮੋਹਨ ਸਿੰਘ ਦਾ ਐਮਨੈਸਟੀ ਇੰਟਰਨੈਸ਼ਨਲ ਨਾਲ ਰਾਬਤਾ 1987-88 ਤੋਂ ਰਿਹਾ ਹੈ ਜਦੋਂ ਪੰਜਾਬ ਵਿੱਚ ਹਕੂਮਤੀ ਤਸ਼ੱਦਦ ਅਤੇ ਦਹਿਸ਼ਤਗਰਦੀ ਦਾ ਦੌਰ ਚੱਲ ਰਿਹਾ ਸੀ। ਪੰਜਾਬ ਵਿੱਚ ਪੁਲਿਸ ਤਸ਼ੱਦਦ, ਗ਼ੈਰ-ਕਾਨੂੰਨੀ ਹਿਰਾਸਤਾਂ, ਝੂਠੇ ਪੁਲਿਸ ਮੁਕਾਬਲਿਆਂ ਅਤੇ ਲਾਪਤਾ ਕੀਤੇ ਗਏ ਜੀਆਂ ਦੇ ਮਾਮਲੇ ਸਮਝਣ ਦੇ ਤਸ਼ੱਦਦ ਕਰਦੇ ਹੋਏ ਐਮਨੈਸਟੀ ਇੰਟਰਨੈਸ਼ਨਲ ਦੇ ਕਾਰਕੁੰਨਾਂ ਦਾ ਜਮਹੂਰੀ ਅਧਿਕਾਰ ਸਭਾ ਦੇ ਕਾਰਕੁੰਨਾਂ ਨਾਲ ਰਾਬਤਾ ਹੋਇਆ। ਉਸ ਰਾਬਤੇ ਬਾਬਤ ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ, "ਅਸੀਂ ਹਕੂਮਤੀ ਤਸ਼ੱਦਦ ਦੇ ਨਾਲ-ਨਾਲ ਦਹਿਸ਼ਤਗਰਦੀ ਦਾ ਮਾਮਲਾ ਵੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਕਿ ਮਨੁੱਖੀ ਹਕੂਕ ਦਾ ਘਾਣ ਦੋ ਪੱਖਾਂ ਤੋਂ ਹੋ ਰਿਹਾ ਹੈ।"

"ਉਨ੍ਹਾਂ ਦਿਨਾਂ ਵਿੱਚ ਅਖ਼ਬਾਰਾਂ ਵਿੱਚ ਕਤਲਾਂ ਦੀ ਜ਼ਿੰਮੇਵਾਰੀਆਂ ਲੈਣ ਦੀਆਂ ਖ਼ਬਰਾਂ/ਇਸ਼ਤਿਹਾਰ ਬਹੁਤ ਗਿਣਤੀ ਵਿੱਚ ਛਪਦੀਆਂ ਸਨ। ਹਕੂਮਤੀ ਵਧੀਕੀਆਂ ਦੇ ਨਾਲ ਐਮਨੈਸਟੀ ਇੰਟਰਨੈਸ਼ਨਲ ਨੇ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਲੋਕਾਂ ਦਾ ਜ਼ਿਕਰ ਵੀ ਕੀਤਾ।" ਐਮਨੈਸਟੀ ਇੰਟਰਨੈਸ਼ਨਲ ਨੇ ਪੰਜਾਬ ਬਾਬਤ ਆਪਣੀ ਰਪਟ 'ਇੰਡੀਆ: ਪੰਜਾਬ ਵਿੱਚ ਲਾਪਤਾ ਜੀਆਂ ਦੀ ਹੋਣੀ ਤੈਅ ਕਰਨਾ' ਅਕਤੂਬਰ 1995 ਵਿੱਚ ਛਾਪੀ ਤਾਂ ਉਸ ਵਿੱਚ ਦਰਜ ਕੀਤਾ, "ਇੰਡੀਆ ਦੇ ਸੂਬੇ ਪੰਜਾਬ ਵਿੱਚ ਅਣਗਿਣਤ ਲੋਕਾਂ ਦੇ 'ਲਾਪਤਾ' ਹੋਣ ਦੀਆਂ ਖ਼ਬਰਾਂ ਆਈਆਂ ਹਨ। ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਉਨ੍ਹਾਂ ਦੀ ਮਹੀਨਿਆਂ ਜਾਂ ਸਾਲਾਂ ਤੋਂ ਕੋਈ ਖ਼ਬਰ ਨਹੀਂ ਹੈ। ਜਦੋਂ ਉਨ੍ਹਾਂ ਨੂੰ ਆਖ਼ਰੀ ਵਾਰ ਦੇਖਿਆ ਗਿਆ ਸੀ ਤਾਂ ਜ਼ਿਆਦਾਤਰ ਨੂੰ ਕਾਨੂੰਨ ਲਾਗੂ ਕਰਨ ਵਾਲੇ ਸਰਕਾਰੀ ਮੁਲਾਜ਼ਮ ਲਿਜਾ ਰਹੇ ਸਨ ਪਰ ਰਿਆਸਤ ਤਕਰੀਬਨ ਸਾਰੇ ਮਾਮਲਿਆਂ ਵਿੱਚ ਉਨ੍ਹਾਂ ਪੀੜਤਾਂ ਦੀ ਹੋਣੀ ਦੱਸਣ ਵਿੱਚ ਨਾਕਾਮਯਾਬ ਰਹੀ ਹੈ।

ਜਦੋਂ ਹਥਿਆਰਬੰਦ ਸਿੱਖ ਜਥੇਬੰਦੀਆਂ ਆਜ਼ਾਦ ਸਿੱਖ ਰਿਆਸਤ (ਖ਼ਾਲਿਸਤਾਨ) ਦੀ ਮੰਗ ਕਰ ਰਹੀਆਂ ਹਨ ਤਾਂ ਪੰਜਾਬ ਪੁਲਿਸ ਨੇ 1983 ਤੋਂ ਬਾਅਦ ਹਜ਼ਾਰਾਂ ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਥੇਬੰਦੀਆਂ ਬਹੁਤ ਸਾਰੀਆਂ ਵਧੀਕੀਆਂ ਨੂੰ ਅੰਜ਼ਾਮ ਦੇਣ ਲਈ ਜ਼ਿੰਮੇਵਾਰ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਸ਼ਹਿਰੀਆਂ ਦੇ ਜਾਣਬੁਝ ਅਤੇ ਮਨਆਈਆਂ ਕਰਦੇ ਹੋਏ ਕੀਤੇ ਕਤਲ, ਬੰਬ ਚਲਾਉਣ, ਅਗਵਾ ਕਰਨ ਅਤੇ ਖ਼ੂਨ ਕਰਨ ਦੀਆਂ ਵਾਰਦਾਤਾਂ ਸ਼ਾਮਿਲ ਹਨ।" ਇਸੇ ਰਪਟ ਵਿੱਚ ਐਮਨੈਸਟੀ ਇੰਟਰਨੈਸ਼ਨਲ ਦੀ ਦਸੰਬਰ 1992 ਦੀ ਛਾਪੀ ਰਪਟ, 'ਗ਼ੈਰ-ਕੁਦਰਤੀ ਹੋਣੀ: ਇੰਡੀਆ ਦੇ ਸੂਬੇ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਵਿੱਚ 'ਲਾਪਤਾ ਜੀਅ' ਅਤੇ ਸਜ਼ਾ ਤੋਂ ਕਿਨਾਰਾਕਸ਼ੀ' ਦਾ ਜ਼ਿਕਰ ਹੈ। ਰਪਟ ਵਿੱਚ ਪੰਜਾਬ ਵਿੱਚ ਹੋਈਆਂ ਪੁਲਿਸ ਵਧੀਕੀਆਂ ਦੀ ਤਫ਼ਸੀਲ ਹੈ ਅਤੇ ਜਸਵੰਤ ਸਿੰਘ ਖਾਲੜਾ ਦੇ ਸਮੁੱਚੇ ਮਾਮਲੇ ਦਾ ਜ਼ਿਕਰ ਉਘੜਵੇਂ ਰੂਪ ਵਿੱਚ ਹੋਇਆ ਹੈ। ਜਸਵੰਤ ਸਿੰਘ ਖਾਲੜਾ ਦੀ ਤਿਆਰ ਕੀਤੀ ਹੋਈ ਲਾਵਾਰਿਸ ਲਾਸ਼ਾਂ ਵਾਲੀ ਰਪਟ ਦਾ ਜ਼ਿਕਰ ਤਫ਼ਸੀਲ ਨਾਲ ਕੀਤਾ ਗਿਆ ਹੈ। ਨਿਚੋੜ ਵਿੱਚ ਲਿਖਿਆ ਗਿਆ ਹੈ, "ਐਮਨੈਸਟੀ ਇੰਟਰਨੈਸ਼ਨਲ ਨੂੰ ਯਕੀਨ ਹੈ ਕਿ ਪੰਜਾਬ ਵਿੱਚ ਪੁਲਿਸ ਨੂੰ ਮਨੁੱਖੀ ਹਕੂਕ ਦੇ ਘਾਣ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ ਅਤੇ ਨਾਲ ਹੀ ਸਜ਼ਾ ਤੋਂ ਛੋਟ ਦਿੱਤੀ ਗਈ ਹੈ। ਜਥੇਬੰਦੀ ਇਹ ਸਮਝਦੀ ਹੈ ਕਿ ਇੰਡੀਆ ਦੀ ਰਿਆਸਤ ਨੂੰ ਪੰਜਾਬ ਵਿੱਚ ਬੇਕਿਰਕ ਅਤੇ ਹਿੰਸਕ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਪਰ ਇਹ ਕਦੇ ਕਬੂਲ ਨਹੀਂ ਕੀਤਾ ਜਾ ਸਕਦਾ ਕਿ ਅਜਿਹੇ ਧੜਿਆਂ ਦੇ ਖ਼ਿਲਾਫ਼ ਲੜਦੇ ਹੋਏ ਸਰਕਾਰੀ ਮੁਲਾਜ਼ਮ ਮਨੁੱਖੀ ਹਕੂਕ ਦਾ ਘਾਣ ਕਰਨ।"

## ਐਮਨੈਸਟੀ ਇੰਟਰਨੈਸ਼ਨਲ ਬਨਾਮ ਸਰਕਾਰ

ਐਮਨੈਸਟੀ ਇੰਟਰਨੈਸ਼ਨਲ ਦੇ ਮੌਜੂਦਾ ਫ਼ੈਸਲੇ ਦਾ ਪਿਛੋਕੜ ਕਈ ਸਾਲਾਂ ਦੀਆਂ ਘਟਨਾਵਾਂ ਦੀ ਲੜੀ ਨਾਲ ਜੁੜਿਆ ਹੋਇਆ ਹੈ। ਅਗਸਤ 2016 ਵਿੱਚ ਐਮਨੈਸਟੀ ਇੰਡੀਆ ਖ਼ਿਲਾਫ਼ ਇਲਜ਼ਾਮ ਲੱਗੇ ਸਨ ਕਿ ਉਨ੍ਹਾਂ ਦੇ ਇੱਕ ਸਮਾਗਮ ਵਿੱਚ ਇੰਡੀਆ ਵਿਰੋਧੀ ਨਾਅਰੇ ਲੱਗੇ ਸਨ। ਤਿੰਨ ਸਾਲਾਂ ਬਾਅਦ ਅਦਾਲਤ ਨੇ ਇਹ ਇਲਜ਼ਾਮ ਖ਼ਾਰਜ ਕਰ ਦਿੱਤੇ ਸਨ। ਅਕਤੂਬਰ 2018 ਵਿੱਚ ਇਸ ਜਥੇਬੰਦੀ ਦੇ ਦਫ਼ਤਰ ਉੱਤੇ ਐਨਫੋਰਸਮੈਂਟ ਡਾਈਰੈਕਟੋਰੇਟ ਨੇ ਛਾਪਾ ਮਾਰਿਆ ਸੀ। ਇਸ ਤੋਂ ਬਾਅਦ ਜਥੇਬੰਦੀ ਦੇ ਖ਼ਾਤੇ ਬੰਦ ਕਰ ਦਿੱਤੇ ਗਏ ਸਨ ਜੋ ਬਾਅਦ ਵਿੱਚ ਅਦਾਲਤ ਦੀ ਦਖ਼ਲਅੰਦਾਜ਼ੀ ਨਾਲ ਖੁੱਲ੍ਹਵਾਏ ਗਏ ਸਨ। ਇਸ ਤੋਂ ਬਾਅਦ 2019 ਦੇ ਸ਼ੁਰੂ ਵਿੱਚ ਜਥੇਬੰਦੀ ਨੇ ਦਾਅਵਾ ਕੀਤਾ ਸੀ ਕਿ ਇਸ ਨੂੰ ਦਾਨ ਕਰਨ ਵਾਲੇ ਲੋਕਾਂ ਨੂੰ ਆਮਦਨ ਟੈਕਸ ਮਹਿਕਮੇ ਨੇ ਚਿੱਠੀਆਂ ਪਾਈਆਂ ਸਨ। ਗ੍ਰਹਿ ਮੰਤਰਾਲੇ ਦੇ ਦਰਜ ਕੀਤੇ ਮੁਕੱਦਮੇ ਤੋਂ ਬਾਅਦ ਜਥੇਬੰਦੀ ਦੇ ਦਫ਼ਤਰਾਂ ਉੱਤੇ ਸੀ.ਬੀ.ਆਈ. ਨੇ ਛਾਪੇ ਮਾਰੇ ਸਨ।

## ਸਰਕਾਰਾਂ ਅਤੇ ਮਨੁੱਖੀ ਹਕੂਕ ਜਥੇਬੰਦੀਆਂ

ਸਰਕਾਰਾਂ ਨੂੰ ਕੌਮਾਂਤਰੀ ਪੱਧਰ ਉੱਤੇ ਕੰਮ ਕਰਦੀਆਂ ਮਨੁੱਖੀ ਹਕੂਕ ਜਥੇਬੰਦੀਆਂ ਨਾਲ ਲਗਾਤਾਰ ਔਖ ਰਹੀ ਹੈ। ਵਿਦੇਸ਼ੀ ਪੈਸੇ ਨਾਲ ਚੱਲਣ ਵਾਲੀਆਂ ਪਰ ਮੁਨਾਫ਼ਾ ਨਾ ਕਮਾਉਣ ਵਾਲੀਆਂ ਜਥੇਬੰਦੀਆਂ ਤੋਂ ਜ਼ਿਆਦਾ ਔਖ ਰਹੀ ਹੈ। ਗਰਸ ਦੀ ਅਗਵਾਈ ਵਾਲੀ ਸਾਂਝੇ ਮੋਰਚੇ ਦੀ ਸਰਕਾਰ ਨੇ ਵੀ ਐਮਨੈਸਟੀ ਨੂੰ ਵਿਦੇਸ਼ੀ ਪੈਸੇ ਲੈਣ ਲਈ ਲੋੜੀਂਦੇ ਲਾਈਸੈਂਸ ਨੂੰ ਕਈ ਵਾਰ ਰੱਦ ਕੀਤਾ ਸੀ ਜਿਸ ਕਾਰਨ ਜਥੇਬੰਦੀ ਦਾ ਕੰਮ ਕੁਝ ਦੇਰ ਲਈ ਇੰਡੀਆ ਵਿੱਚ ਮੁਅੱਤਲ ਕਰ ਦਿੱਤਾ ਗਿਆ ਸੀ। ਮੌਜੂਦਾ ਹਾਲਾਤ ਬਾਬਤ ਜਥੇਬੰਦੀ ਦੇ ਰਜਤ ਖੋਸਲਾ ਦਾ ਕਹਿਣਾ ਹੈ, "ਇਸ ਤਰ੍ਹਾਂ ਦੀ ਕਾਰਵਾਈ ਤੋਂ ਬਾਅਦ ਇੰਡੀਆ ਕੋਈ ਚੰਗੀ ਸੰਗਤ ਵਿੱਚ ਨਹੀਂ ਆ ਜਾਂਦਾ।" "ਅਸੀਂ ਸੱਤਰ ਤੋਂ ਜ਼ਿਆਦਾ ਮੁਲਕਾਂ ਵਿੱਚ ਕੰਮ ਕਰਦੇ ਹਾਂ। ਇਸ ਤੋਂ ਪਹਿਲਾਂ ਸਾਡੇ ਕੰਮ ਨੂੰ ਬੰਦ ਕਰਨ ਦੀ ਮਜਬੂਰੀ ਪੈਦਾ ਕਰਨ ਵਾਲਾ ਇੱਕੋ-ਇੱਕ ਮੁਲਕ ਰੂਸ ਸੀ ਜਿਸ ਨੇ ਅਜਿਹੇ ਹਾਲਾਤ 2016 ਵਿੱਚ ਪੈਦਾ ਕੀਤੇ ਸਨ।" ਉਨ੍ਹਾਂ ਅੱਗੇ ਕਿਹਾ, "ਅਸੀਂ ਆਸ ਕਰਦੇ ਹਾਂ ਕਿ ਦੁਨੀਆ ਭਰ ਦੇ ਲੋਕ ਇਸ ਮਾਮਲੇ ਦਾ ਧਿਆਨ ਧਰਨਗੇ। ਅਸੀਂ ਬਹੁਤ ਭਾਰੀ ਮਨ, ਦੁੱਖ ਅਤੇ ਅਫ਼ਸੋਸ ਨਾਲ ਕਰ ਰਹੇ ਹਾਂ।"

- ਧੰਨਵਾਦ ਸਹਿਤ ਬੀਬੀਸੀ ਪੰਜਾਬੀ

# ਸੁਲਗਦਾ ਮਣੀਪੁਰ: ਨਸਲੀ ਹਿੰਸਾ, ਸਰਹੱਦੀ ਚੁਣੌਤੀਆਂ ਅਤੇ ਸਥਾਈ ਸ਼ਾਂਤੀ ਦੀ ਤਲਾਸ਼

ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ
ਮੋਬਾਇਲ: 75086-98066

ਭਾਰਤ ਦਾ ਉੱਤਰ-ਪੂਰਬੀ ਖੇਤਰ ਭੂਗੋਲਿਕ ਅਤੇ ਰਾਜਨੀਤਿਕ ਤੌਰ 'ਤੇ ਦੇਸ਼ ਦਾ ਸਭ ਤੋਂ ਸੰਵੇਦਨਸ਼ੀਲ ਹਿੱਸਾ ਮੰਨਿਆ ਜਾਂਦਾ ਹੈ। ਪੰਜ ਦੇਸ਼ਾਂ—ਚੀਨ, ਮਿਆਂਮਾਰ, ਬੰਗਲਾਦੇਸ਼, ਭੂਟਾਨ ਅਤੇ ਨੇਪਾਲ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਨਾਲ ਘਿਰਿਆ ਇਹ ਖੇਤਰ ਕੇਵਲ ਰਣਨੀਤਿਕ ਹੀ ਨਹੀਂ, ਸਗੋਂ ਆਪਣੀ ਨਸਲੀ ਵਿਭਿੰਨਤਾ ਅਤੇ ਸੱਭਿਆਚਾਰਕ ਜਟਿਲਤਾ ਕਾਰਨ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਨਾਜ਼ੁਕ ਵੀ ਹੈ। ਲੰਬੇ ਸਮੇਂ ਤੋਂ ਇੱਥੇ ਵੱਖਵਾਦ, ਹਥਿਆਰਬੰਦ ਗਠਜੋੜ, ਜਾਤੀਕ ਅਸਮਾਨਤਾਵਾਂ ਅਤੇ ਸਰਹੱਦੀ ਘੁਸਪੈਠ ਵਰਗੀਆਂ ਚੁਣੌਤੀਆਂ ਰਹੀਆਂ ਹਨ, ਪਰ ਪਿਛਲੇ ਤਿੰਨ ਸਾਲਾਂ ਦੌਰਾਨ ਮਣੀਪੁਰ ਨੇ ਜੋ ਭਿਆਨਕ ਦੌਰ ਦੇਖਿਆ ਹੈ, ਉਸ ਨੇ ਪੂਰੇ ਖੇਤਰ ਦੀ ਸੁਰੱਖਿਆ ਸਥਿਤੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਪ੍ਰੈਲ 2026 ਵਿੱਚ ਦੁਬਾਰਾ ਭੜਕੀ ਤਾਜ਼ਾ ਹਿੰਸਾ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਣੀਪੁਰ ਵਿੱਚ ਸ਼ਾਂਤੀ ਦੇ ਸਰਕਾਰੀ ਦਾਅਵੇ ਕੇਵਲ ਕਾਗਜ਼ੀ ਸਨ, ਜ਼ਮੀਨੀ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਬਿਸ਼ਨੁਪੁਰ ਜ਼ਿਲ੍ਹੇ ਵਿੱਚ ਦੋ ਮਾਸੂਮ ਬੱਚਿਆਂ ਦੀ ਬੰਬ ਧਮਾਕੇ ਵਿੱਚ ਹੋਈ ਦਰਦਨਾਕ ਮੌਤ ਤੋਂ ਬਾਅਦ ਜਿਸ ਤਰ੍ਹਾਂ ਪ੍ਰਦਰਸ਼ਨ ਭੜਕੇ, ਪੁਲਿਸ ਨੂੰ ਫਾਇਰਿੰਗ ਕਰਨੀ ਪਈ ਅਤੇ ਮੁੜ ਕਰਫਿਊ ਤੇ ਇੰਟਰਨੈੱਟ ਬੰਦਸ਼ਾਂ ਦਾ ਸਹਾਰਾ ਲੈਣਾ ਪਿਆ। ਉਸ ਨੇ ਸਾਬਤ ਕਰ ਦਿੱਤਾ ਕਿ ਮਣੀਪੁਰ ਅਜੇ ਵੀ ਸੁਲਗਦੇ ਹੋਏ ਬਾਰੂਦੀ ਢੇਰ 'ਤੇ ਬੈਠਾ ਹੈ।

ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਮਣੀਪੁਰ ਦੇ ਇਤਿਹਾਸਕ ਪ੍ਰਸੰਗ ਨੂੰ ਜਾਣਨਾ ਜ਼ਰੂਰੀ ਹੈ। ਮਣੀਪੁਰ ਦਾ ਭਾਰਤ ਵਿੱਚ ਰਲੇਵਾਂ 1949 ਵਿੱਚ ਹੋਇਆ ਸੀ, ਪਰ ਉਦੋਂ ਤੋਂ ਹੀ ਇੱਥੇ ਵੱਖ-ਵੱਖ ਭਾਈਚਾਰਿਆਂ ਦਰਮਿਆਨ 'ਪਛਾਣ ਦੀ ਰਾਜਨੀਤੀ' ਭਾਰੂ ਰਹੀ ਹੈ। ਪਹਾੜਾਂ ਵਿੱਚ ਰਹਿਣ ਵਾਲੇ ਨਾਗਾ ਅਤੇ ਕੂਕੀ ਜ਼ੋ ਭਾਈਚਾਰਿਆਂ ਅਤੇ ਘਾਟੀ ਵਿੱਚ ਰਹਿਣ ਵਾਲੇ ਮੈਤੇਈ ਭਾਈਚਾਰੇ ਦਰਮਿਆਨ ਸਾਧਨਾਂ ਦੀ ਵੰਡ ਨੂੰ ਲੈ ਕੇ ਹਮੇਸ਼ਾ ਖਿੱਚੋਤਾਣ ਰਹੀ ਹੈ। 1990 ਦੇ ਦਹਾਕੇ ਵਿੱਚ ਵੀ ਕੂਕੀ-ਨਾਗਾ ਸੰਘਰਸ਼ ਦੌਰਾਨ ਸੈਂਕੜੇ ਜਾਨਾਂ ਗਈਆਂ ਸਨ। ਮੌਜੂਦਾ ਸੰਕਟ ਉਸੇ ਪੁਰਾਣੀ ਅੱਗ ਦਾ ਇੱਕ ਨਵਾਂ ਅਤੇ ਵਧੇਰੇ ਘਾਤਕ ਰੂਪ ਹੈ, ਜਿਸ ਵਿੱਚ ਹੁਣ ਆਧੁਨਿਕ ਹਥਿਆਰਾਂ ਅਤੇ ਡਿਜੀਟਲ ਨਫ਼ਰਤ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਹ ਸਿਰਫ਼ ਦੋ ਸਮੂਹਾਂ ਦੀ ਲੜਾਈ ਨਹੀਂ, ਸਗੋਂ ਦਹਾਕਿਆਂ ਤੋਂ ਜਮ੍ਹਾਂ ਹੋਏ ਗੁੱਸੇ ਅਤੇ ਅਸੁਰੱਖਿਆ ਦੀ ਭਾਵਨਾ ਦਾ ਵਿਸਫੋਟ ਹੈ।

ਮਣੀਪੁਰ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਸਾਨੂੰ ਮਈ 2023 ਦੇ ਘਟਨਾਕ੍ਰਮ ਵੱਲ ਮੁੜਨਾ ਪਵੇਗਾ। ਉਸ ਵੇਲੇ ਮੈਤੇਈ ਭਾਈਚਾਰੇ ਨੂੰ 'ਅਨੁਸੂਚਿਤ ਜਨਜਾਤੀ' (ST) ਦਾ ਦਰਜਾ ਦੇਣ ਦੀ ਮੰਗ ਅਤੇ ਉਸ ਉੱਤੇ ਹਾਈਕੋਰਟ ਦੇ ਨਿਰਦੇਸ਼ ਨੇ ਕੂਕੀ-ਜ਼ੋ ਆਦਿਵਾਸੀ ਸਮੂਹਾਂ ਵਿੱਚ ਡਰ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ। ਇਹ ਮਸਲਾ ਮਹਿਜ਼ ਰਿਜ਼ਰਵੇਸ਼ਨ ਤੱਕ ਸੀਮਿਤ ਨਹੀਂ ਸੀ। ਇਸਦੇ ਪਿੱਛੇ ਜ਼ਮੀਨੀ ਮਾਲਕੀ ਦੇ ਹੱਕ, ਸਰਕਾਰੀ ਨੌਕਰੀਆਂ, ਰਾਜਨੀਤਿਕ ਨੁਮਾਇੰਦਗੀ ਅਤੇ ਖੇਤਰੀ ਆਬਾਦੀ ਦੇ ਸੰਤੁਲਨ ਵਰਗੇ ਡੂੰਘੇ ਮੁੱਦੇ ਜੁੜੇ ਹੋਏ ਸਨ।

ਮੈਤੇਈ ਭਾਈਚਾਰਾ, ਜੋ ਰਾਜ ਦੀ ਕੁੱਲ ਆਬਾਦੀ ਦਾ ਲਗਭਗ 53% ਹੈ, ਮੁੱਖ ਤੌਰ 'ਤੇ ਕੇਂਦਰੀ ਇੰਫਾਲ ਘਾਟੀ ਵਿੱਚ ਵਸਦਾ ਹੈ (ਜੋ ਰਾਜ ਦੇ ਕੁੱਲ ਖੇਤਰਫਲ ਦਾ ਸਿਰਫ਼ 10% ਹੈ), ਜਦਕਿ ਕੂਕੀ-ਜ਼ੋ ਅਤੇ ਨਾਗਾ ਸਮੂਹ (ਲਗਭਗ 40%) ਪਹਾੜੀ ਇਲਾਕਿਆਂ ਵਿੱਚ ਰਹਿੰਦੇ ਹਨ ਜੋ 90% ਖੇਤਰਫਲ ਨੂੰ ਕਵਰ ਕਰਦੇ ਹਨ। ਮੈਤੇਈ ਲੋਕਾਂ ਦਾ ਤਰਕ ਹੈ ਕਿ ਉਹ ਪਹਾੜਾਂ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਜਦਕਿ ਪਹਾੜੀ ਕਬੀਲੇ ਘਾਟੀ ਵਿੱਚ ਆ ਸਕਦੇ ਹਨ। ਦੂਜੇ ਪਾਸੇ, ਕਬਾਇਲੀ ਸਮੂਹਾਂ ਨੂੰ ਡਰ ਹੈ ਕਿ ST ਦਰਜਾ ਮਿਲਣ ਤੋਂ ਬਾਅਦ ਮੈਤੇਈ ਉਨ੍ਹਾਂ ਦੇ ਜੰਗਲਾਂ ਅਤੇ ਸੱਭਿਆਚਾਰਕ ਹੱਕਾਂ 'ਤੇ ਕਬਜ਼ਾ ਕਰ ਲੈਣਗੇ। ਇਸ ਆਪਸੀ ਅਵਿਸ਼ਵਾਸ ਨੇ ਮਈ 2023 ਵਿੱਚ ਇੱਕ ਖੁੱਲ੍ਹੇ ਅਤੇ ਹਿੰਸਕ ਟਕਰਾਅ




ਦਾ ਰੂਪ ਲੈ ਲਿਆ, ਜਿਸ ਵਿੱਚ ਹੁਣ ਤੱਕ 250 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕੋਈ 60 ਹਜ਼ਾਰ ਤੋਂ ਵੱਧ ਲੋਕ ਆਪਣੇ ਹੀ ਦੇਸ਼ ਵਿੱਚ ਸ਼ਰਨਾਰਥੀ ਬਣ ਗਏ ਹਨ ਅਤੇ ਹਜ਼ਾਰਾਂ ਘਰ ਤੇ ਧਾਰਮਿਕ ਅਸਥਾਨ ਸੁਆਹ ਦੇ ਢੇਰ ਵਿੱਚ ਤਬਦੀਲ ਹੋ ਚੁੱਕੇ ਹਨ। ਇਹ ਸੰਘਰਸ਼ ਹੁਣ ਕੇਵਲ ਦੋ ਭਾਈਚਾਰਿਆਂ ਦੀ ਆਪਸੀ ਲੜਾਈ ਨਹੀਂ ਰਿਹਾ, ਸਗੋਂ ਇਸ ਨੇ ਇੱਕ 'ਸਮਾਂਤਰ ਸੁਰੱਖਿਆ ਪ੍ਰਣਾਲੀ' (Parallel Security System) ਨੂੰ ਜਨਮ ਦਿੱਤਾ ਹੈ। ਹਿੰਸਾ ਦੌਰਾਨ ਸਰਕਾਰੀ ਸ਼ਸਤਰਧਾਰੀ ਟੁੱਕੜੀਆ ਤੋਂ ਪੁਲਿਸ ਸਟੇਸ਼ਨਾਂ ਤੋਂ ਲਗਭਗ 4,500 ਚੋਂ 5,000 ਆਧੁਨਿਕ ਹਥਿਆਰ ਲੁੱਟੇ ਗਏ ਸਨ। ਘਾਟੀ ਅਤੇ ਪਹਾੜੀ ਖੇਤਰਾਂ ਦੇ ਵਿਚਕਾਰ 'ਬਫਰ ਜ਼ੋਨ' ਬਣ ਗਏ ਹਨ, ਜਿੱਥੇ ਕੇਂਦਰੀ ਬਲਾਂ ਦੀ ਤੈਨਾਤੀ ਦੇ ਬਾਵਜੂਦ ਸਥਾਨਕ ਮਿਲੀਸ਼ੀਆ ਦਾ ਦਬਦਬਾ ਹੈ। ਜਦੋਂ ਨਾਗਰਿਕ ਰਾਜ ਦੀ ਮਸ਼ੀਨਰੀ ਤੋਂ ਭਰੋਸਾ ਗੁਆ ਕੇ ਆਪਣੀ ਸੁਰੱਖਿਆ ਲਈ ਜਾਤੀਕ ਹਥਿਆਰਬੰਦ ਟੋਲਿਆਂ 'ਤੇ ਨਿਰਭਰ ਹੋ ਜਾਣ, ਤਾਂ ਇਹ ਰਾਜ ਦੀ ਸੰਪ੍ਰਭੁਤਾ ਦੀ ਕਮਜ਼ੋਰੀ ਅਤੇ ਇੱਕ ਵੱਡੀ ਰਾਜਨੀਤਿਕ ਅਸਫਲਤਾ ਦਾ ਸੰਕੇਤ ਹੈ।

ਇਸ ਸੁਰੱਖਿਆ ਸੰਕਟ ਨੇ ਮਣੀਪੁਰ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਨੈਸ਼ਨਲ ਹਾਈਵੇਅ-2 ਅਤੇ NH-37, ਜੋ ਮਣੀਪੁਰ ਦੀ ਜੀਵਨ-ਰੇਖਾ ਹਨ, ਅਕਸਰ ਜਾਤੀਕ ਸਮੂਹਾਂ ਵੱਲੋਂ ਬੰਦ ਕਰ ਦਿੱਤੇ ਜਾਂਦੇ ਹਨ। ਇਸ ਕਾਰਨ ਰਾਜ ਵਿੱਚ ਪੈਟਰੋਲ, ਰਸੋਈ ਗੈਸ ਅਤੇ ਜ਼ਰੂਰੀ ਦਵਾਈਆਂ ਦੀ ਭਾਰੀ ਕਿੱਲਤ ਹੋ ਜਾਂਦੀ ਹੈ ਅਤੇ ਕੀਮਤਾਂ ਅਸਮਾਨ ਨੂੰ ਛੂਹਣ ਲੱਗਦੀਆਂ ਹਨ। ਜਦੋਂ ਸਪਲਾਈ ਚੇਨ ਜਾਤੀਕ ਲੀਹਾਂ 'ਤੇ ਵੰਡੀ ਜਾਵੇ, ਤਾਂ ਆਮ ਆਦਮੀ ਦਾ ਜੀਵਨ ਨਰਕ ਬਣ ਜਾਂਦਾ ਹੈ। ਵਪਾਰੀ ਹੁਣ ਨਵੇਂ ਨਿਵੇਸ਼ ਤੋਂ ਡਰ ਰਹੇ ਹਨ ਅਤੇ ਸਥਾਨਕ ਉਦਯੋਗ ਪੂਰੀ ਤਰ੍ਹਾਂ ਠੱਪ ਹੋ ਚੁੱਕੇ ਹਨ। ਆਰਥਿਕ ਤੰਗੀ ਨੌਜਵਾਨਾਂ ਨੂੰ ਹੋਰ ਜ਼ਿਆਦਾ ਹਿੰਸਾ ਅਤੇ ਅਪਰਾਧ ਵੱਲ ਧੱਕ ਰਹੀ ਹੈ, ਜੋ ਰਾਸ਼ਟਰੀ ਸੁਰੱਖਿਆ ਲਈ ਇੱਕ 'ਦੁਸ਼ਟ ਚੱਕਰ' ਬਣ ਗਿਆ ਹੈ।

ਅਪ੍ਰੈਲ 2026 ਦੀਆਂ ਤਾਜ਼ਾ ਘਟਨਾਵਾਂ ਨੇ ਦੱਸਿਆ ਕਿ ਸ਼ਾਂਤੀ ਦੀਆਂ ਕੋਸ਼ਿਸ਼ਾਂ ਕਿੰਨੀਆਂ ਕਮਜ਼ੋਰ ਹਨ। ਬਿਸ਼ਨੁਪੁਰ ਵਿੱਚ ਬੱਚਿਆਂ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਹਿੰਸਾ ਨੇ ਰਾਜਧਾਨੀ ਇੰਫਾਲ ਤੱਕ ਪੈਰ ਪਸਾਰੇ, ਉਸਨੇ ਪ੍ਰਸ਼ਾਸਨਿਕ ਚੌਕਸੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ।ਇੱਕ ਰਿਹਾਇਸ਼ੀ ਘਰ 'ਤੇ ਹੋਏ ਡਰੋਨ ਜਾਂ ਬੰਬ ਹਮਲੇ ਵਿੱਚ ਦੋ ਬੱਚਿਆਂ ਦੀ ਮੌਤ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਸੀ। ਹਾਲਾਂਕਿ ਦੋਵੇਂ ਧਿਰਾਂ ਇੱਕ-ਦੂਜੇ 'ਤੇ ਦੋਸ਼ ਲਗਾ ਰਹੀਆਂ ਹਨ, ਪਰ ਇਸ ਘਟਨਾ ਨੇ ਇਹ ਸਾਬਤ ਕਰ ਦਿੱਤਾ ਕਿ ਮਣੀਪੁਰ ਵਿੱਚ ਅਜੇ ਵੀ ਅੰਦਰੂਨੀ ਨਫ਼ਰਤ ਦਾ ਲਾਵਾ ਉਬਾਲੇ ਮਾਰ ਰਿਹਾ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਅਤੇ ਜਾਂਚ ਦਾ ਕੰਮ ਐਨ.ਆਈ.ਏ. (NIA) ਨੂੰ ਸੌਂਪਣਾ ਦੱਸਦਾ ਹੈ ਕਿ ਸਥਿਤੀ ਸਥਾਨਕ ਪ੍ਰਸ਼ਾਸਨ ਦੇ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਨੇ ਵਿਦਿਆਰਥੀਆਂ ਅਤੇ ਫ੍ਰੀਲਾਂਸਰਾਂ ਦਾ ਭਵਿੱਖ ਦਾਅ 'ਤੇ ਲਗਾ ਦਿੱਤਾ ਹੈ, ਜਿਸ ਨਾਲ ਲੋਕਾਂ ਵਿੱਚ ਸਰਕਾਰ ਪ੍ਰਤੀ ਬੇਗਾਨਗੀ ਵਧੀ ਹੈ।

ਮਣੀਪੁਰ ਦੀ ਸਮੱਸਿਆ ਨੂੰ ਸਿਰਫ਼ ਘਰੇਲੂ ਝਗੜਾ ਮੰਨਣਾ ਇੱਕ ਵੱਡੀ ਭੁੱਲ ਹੋਵੇਗੀ। ਮਣੀਪੁਰ ਦੀ ਲਗਭਗ 400 ਕਿਲੋਮੀਟਰ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ। ਮਿਆਂਮਾਰ ਵਿੱਚ ਫੌਜੀ ਤਖ਼ਤਾਪਲਟ ਤੋਂ ਬਾਅਦ ਪੈਦਾ ਹੋਈ ਅਸਥਿਰਤਾ ਨੇ ਮਣੀਪੁਰ ਦੇ ਸੰਕਟ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਸਰਹੱਦ ਪਾਰੋਂ ਘੁਸਪੈਠ, ਹਥਿਆਰਾਂ ਦੀ ਸਮਗਲਿੰਗ ਅਤੇ ਨਸ਼ਾ ਤਸਕਰੀ ਵਿੱਚ ਵਾਧਾ ਹੋਇਆ ਹੈ। ਕੂਕੀ-ਜ਼ੋ ਭਾਈਚਾਰੇ ਦੇ ਮਿਆਂਮਾਰ ਦੇ 'ਚਿਨ' ਇਲਾਕੇ ਨਾਲ ਨਸਲੀ ਸਬੰਧ ਇਸ ਸਰਹੱਦ ਨੂੰ ਹੋਰ ਵਧੇਰੇ ਸੰਵੇਦਨਸ਼ੀਲ ਬਣਾ ਦਿੰਦੇ ਹਨ। ਭਾਰਤੀ ਸੁਰੱਖਿਆ ਏਜੰਸੀਆਂ ਲਈ ਇਹ 'ਟਵਿਨ ਚੈਲੇਂਜ' ਹੈ। ਇੱਕ ਪਾਸੇ ਅੰਦਰੂਨੀ ਨਸਲੀ ਜੰਗ ਅਤੇ ਦੂਜੇ ਪਾਸੇ ਬਾਹਰੀ ਦੇਸ਼ਾਂ ਤੋਂ ਆ ਰਹੀ ਅਸਥਿਰਤਾ।

ਇਸ ਸਰਹੱਦੀ ਅਸ਼ਾਂਤੀ ਦਾ ਇੱਕ ਖ਼ਤਰਨਾਕ ਪਹਿਲੂ ਨਸ਼ਾ ਤਸਕਰੀ (Narcotics) ਹੈ। ਮਣੀਪੁਰ 'ਗੋਲਡਨ ਟ੍ਰਾਈਐਂਗਲ' ਦੇ ਬਹੁਤ ਨੇੜੇ ਹੈ, ਜਿੱਥੋਂ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਮੈਥਾਮਫੇਟਾਮਾਈਨ ਵਰਗੇ ਨਸ਼ੇ ਭਾਰਤ ਵਿੱਚ ਪ੍ਰਵੇਸ਼ ਕਰਦੇ ਹਨ। ਹਿੰਸਾ ਕਾਰਨ ਸਰਹੱਦੀ ਨਿਗਰਾਨੀ ਕਮਜ਼ੋਰ ਹੋਣ ਦਾ ਫਾਇਦਾ ਉਠਾ ਕੇ 'ਡਰੱਗ ਲੋਰਡਸ' ਆਪਣੇ ਨੈੱਟਵਰਕ ਮਜ਼ਬੂਤ ਕਰ ਰਹੇ ਹਨ। ਅਫੀਮ ਦੀ ਖੇਤੀ ਦੇ ਖਾਤਮੇ ਨੂੰ ਲੈ ਕੇ ਹੋਈ ਸਰਕਾਰੀ ਸਖ਼ਤੀ ਵੀ ਇਸ ਹਿੰਸਾ ਦਾ ਇੱਕ ਪਰੋਖ ਕਾਰਨ ਮੰਨੀ ਜਾਂਦੀ ਹੈ। ਜਦੋਂ ਨਸ਼ਾ ਤਸਕਰੀ ਤੋਂ ਹੋਣ ਵਾਲੀ ਕਮਾਈ ਹਥਿਆਰਬੰਦ ਗਰੁੱਪਾਂ ਦੇ ਹੱਥ ਲੱਗਦੀ ਹੈ, ਤਾਂ ਉਹ ਰਾਜ ਦੀ ਸੱਤਾ ਨੂੰ ਚੁਣੌਤੀ ਦੇਣ ਦੇ ਸਮਰੱਥ ਹੋ ਜਾਂਦੇ ਹਨ। ਇਹ ਭਾਰਤ ਦੀ ਨੌਜਵਾਨ ਪੀੜ੍ਹੀ ਅਤੇ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਗੁਪਤ ਖ਼ਤਰਾ ਹੈ।

ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੇ ਇਸ ਸੰਕਟ ਦੌਰਾਨ ਕੇਂਦਰ ਸਰਕਾਰ ਦੀ ਭੂਮਿਕਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਧਾਰਾ 355 ਦੀ ਵਰਤੋਂ ਅਤੇ ਭਾਰੀ ਫੌਜੀ ਤੈਨਾਤੀ ਦੇ ਬਾਵਜੂਦ, ਸਿਆਸੀ ਗੱਲਬਾਤ ਦਾ ਮੇਜ਼ ਅਜੇ ਵੀ ਖਾਲੀ ਹੈ। ਗੁਜ਼ਰੇ ਤਿੰਨ ਸਾਲਾਂ ਵਿੱਚ ਕੇਂਦਰ ਸਰਕਾਰ ਨੇ ਕਈ ਕਦਮ ਚੁੱਕੇ। ਭਾਰੀ ਗਿਣਤੀ ਵਿੱਚ ਅਰਧ-ਸੈਨਿਕ ਬਲ ਭੇਜੇ ਗਏ, ਮੁੱਖ ਮੰਤਰੀ ਦੇ ਅਧਿਕਾਰਾਂ ਵਿੱਚ ਫੇਰਬਦਲ ਹੋਏ, ਪਰ ਕੋਈ ਵੀ 'ਸਥਾਈ ਰਾਜਨੀਤਿਕ ਹੱਲ' ਸਾਹਮਣੇ ਨਹੀਂ ਆਇਆ। ਫੌਜੀ ਤੈਨਾਤੀ ਨਾਲ ਹਿੰਸਾ ਨੂੰ ਕੁਝ ਸਮੇਂ ਲਈ ਰੋਕਿਆ ਤਾਂ ਜਾ ਸਕਦਾ ਹੈ, ਪਰ ਦਿਲਾਂ ਵਿੱਚ ਵਸੀ ਨਫ਼ਰਤ ਨੂੰ ਨਹੀਂ ਮਿਟਾਇਆ ਜਾ ਸਕਦਾ। ਕੂਕੀ ਭਾਈਚਾਰਾ ਰਾਜ ਸਰਕਾਰ ਨੂੰ ਪੱਖਪਾਤੀ ਮੰਨਦਾ ਹੈ, ਜਦਕਿ ਮੈਤੇਈ ਭਾਈਚਾਰਾ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਸ ਆਪਸੀ ਸੰਦੇਹ ਵਿੱਚ ਦਿੱਲੀ ਦਾ ਦਖ਼ਲ ਅਕਸਰ ਬਹੁਤ ਦੇਰ ਨਾਲ ਅਤੇ ਬੇਅਸਰ ਪ੍ਰਤੀਤ ਹੁੰਦਾ ਹੈ।

ਹਿੰਸਾ ਦੇ ਇਸ ਦੌਰ ਵਿੱਚ ਸਭ ਤੋਂ ਵੱਧ ਮਾਰ ਔਰਤਾਂ ਅਤੇ ਬੱਚਿਆਂ 'ਤੇ ਪਈ ਹੈ। ਮਣੀਪੁਰ ਤੋਂ ਆਈਆਂ ਔਰਤਾਂ ਨਾਲ ਬਦਸਲੂਕੀ ਦੀਆਂ ਵੀਡੀਓਜ਼ ਨੇ ਪੂਰੀ ਦੁਨੀਆ ਨੂੰ ਸ਼ਰਮਸਾਰ ਕੀਤਾ ਸੀ। ਰਾਹਤ ਕੈਂਪਾਂ ਵਿੱਚ ਰਹਿ ਰਹੇ ਹਜ਼ਾਰਾਂ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ ਅਤੇ ਲਗਾਤਾਰ ਡਰ ਦੇ ਸਾਏ ਹੇਠ ਰਹਿਣ ਕਾਰਨ 'ਪੋਸਟ-ਟਰਾਮੈਟਿਕ ਸਟ੍ਰੈਸ ਡਿਸਆਰਡਰ' (PTSD) ਦਾ ਸ਼ਿਕਾਰ ਹੋ ਰਹੇ ਹਨ। ਇੱਕ ਪੂਰੀ ਪੀੜ੍ਹੀ ਨਫ਼ਰਤ ਅਤੇ ਹਿੰਸਾ ਦੇ ਮਾਹੌਲ ਵਿੱਚ ਪਲ ਰਹੀ ਹੈ। ਜੇਕਰ ਇਨ੍ਹਾਂ ਬੱਚਿਆਂ ਦੇ ਮਨਾਂ ਵਿੱਚੋਂ ਹਿੰਸਾ ਦੇ ਨਿਸ਼ਾਨ ਨਾ ਮਿਟਾਏ ਗਏ, ਤਾਂ ਭਵਿੱਖ ਵਿੱਚ ਉਹ ਮੁੱਖ ਧਾਰਾ ਨਾਲ ਕਿਵੇਂ ਜੁੜਨਗੇ? ਇਹ ਇੱਕ ਮਨੁੱਖੀ ਤਰਾਸਦੀ ਹੈ ਜਿਸਦਾ ਇਲਾਜ ਕਿਸੇ ਹਥਿਆਰ ਕੋਲ ਨਹੀਂ ਹੈ।

ਮੀਡੀਆ ਦੀ ਭੂਮਿਕਾ ਇਸ ਸੰਕਟ ਵਿੱਚ ਬਹੁਤ ਹੀ ਵਿਵਾਦਪੂਰਨ ਰਹੀ ਹੈ। ਜਿੱਥੇ ਰਾਸ਼ਟਰੀ ਮੀਡੀਆ ਨੇ ਇਸ ਨੂੰ ਇੱਕ 'ਦੂਰ-ਦੁਰਾਡੇ' ਦੀ ਘਟਨਾ ਵਜੋਂ ਦੇਖਿਆ, ਉੱਥੇ ਹੀ ਸੋਸ਼ਲ ਮੀਡੀਆ ਨੇ ਅੱਗ ਲਗਾਉਣ ਵਾਲੀ ਸਮੱਗਰੀ ਪਰੋਸੀ। 'ਫੇਕ ਨਿਊਜ਼' ਅਤੇ 'ਡੀਪ ਫੇਕ' ਤਕਨੀਕ ਰਾਹੀਂ ਭਾਈਚਾਰਿਆਂ ਨੂੰ ਭੜਕਾਇਆ ਗਿਆ। ਇਸ ਨੇ ਸਾਬਤ ਕੀਤਾ ਕਿ ਅੱਜ ਦੇ ਦੌਰ ਵਿੱਚ ਜਾਣਕਾਰੀ ਦਾ ਗਲਤ ਇਸਤੇਮਾਲ ਕਿਸੇ ਪ੍ਰਮਾਣੂ ਹਮਲੇ ਤੋਂ ਘੱਟ ਨਹੀਂ ਹੈ। ਇਹ ਸਪਸ਼ਟ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਵਿੱਚ 'ਜਾਣਕਾਰੀ ਦਾ ਪ੍ਰਬੰਧ' (Information Management) ਵੀ ਸੁਰੱਖਿਆ ਪ੍ਰਬੰਧ ਜਿੰਨਾ ਹੀ ਜ਼ਰੂਰੀ ਹੈ।

ਮਣੀਪੁਰ ਦੀ ਅਸ਼ਾਂਤੀ ਹੁਣ ਭਾਰਤ ਦਾ ਅੰਦਰੂਨੀ ਮਸਲਾ ਹੋਣ ਦੇ ਨਾਲ-ਨਾਲ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ। ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮਣੀਪੁਰ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ ਹੈ। ਭਾਰਤ, ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਤੇ ਇੱਕ ਉੱਭਰ ਰਹੀ ਗਲੋਬਲ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਲਈ ਆਪਣੇ ਹੀ ਇੱਕ ਰਾਜ ਵਿੱਚ ਤਿੰਨ ਸਾਲਾਂ ਤੱਕ ਹਿੰਸਾ ਨਾ ਰੋਕ ਸਕਣਾ ਇੱਕ ਰਾਜਨੀਤਿਕ ਨਮੋਸ਼ੀ ਹੈ। ਇਹ ਸਾਡੀ 'ਸਾਫਟ ਪਾਵਰ' ਨੂੰ ਢਾਹ ਲਾਉਂਦਾ ਹੈ ਅਤੇ ਗੁਆਂਢੀ ਦੇਸ਼ਾਂ ਨੂੰ ਦਖ਼ਲਅੰਦਾਜ਼ੀ ਦਾ ਮੌਕਾ ਦਿੰਦਾ ਹੈ।

ਜੇਕਰ ਮਣੀਪੁਰ ਦੀ ਅੱਗ ਨੂੰ ਨਾ ਬੁਝਾਇਆ ਗਿਆ, ਤਾਂ ਇਸਦੇ ਦੂਰਗਾਮੀ ਨਤੀਜੇ ਹੋਣਗੇ। ਉੱਤਰ-ਪੂਰਬ ਦੇ ਹੋਰ ਰਾਜ ਜਿਵੇਂ ਕਿ ਨਾਗਾਲੈਂਡ ਅਤੇ ਮਿਜ਼ੋਰਮ ਵੀ ਇਸ ਤੋਂ ਪ੍ਰਭਾਵਿਤ ਹੋ ਸਕਦੇ ਹਨ। ਭਾਰਤ ਦੀ 'ਐਕਟ ਈਸਟ ਪਾਲਿਸੀ' (Act East Policy), ਜਿਸਦਾ ਮਕਸਦ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਮਜ਼ਬੂਤ ਸਬੰਧ ਬਣਾਉਣਾ ਹੈ, ਮਣੀਪੁਰ ਦੇ ਰਸਤਿਓਂ ਹੀ ਗੁਜ਼ਰਦੀ ਹੈ। ਅਸ਼ਾਂਤ ਮਣੀਪੁਰ ਦਾ ਮਤਲਬ ਹੈ—ਭਾਰਤ ਦੇ ਵਿਕਾਸ ਦੇ ਦਰਵਾਜ਼ੇ 'ਤੇ ਜਿੰਦਰਾ ਲੱਗਣਾ।

ਕੇਵਲ ਸਰਕਾਰੀ ਹੱਲ ਕਾਫ਼ੀ ਨਹੀਂ ਹੋਣਗੇ। ਮਣੀਪੁਰ ਦੇ ਨਾਗਰਿਕ ਸਮਾਜ (Civil Society) ਅਤੇ ਧਾਰਮਿਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ। ਮੈਤੇਈ ਅਤੇ ਕੂਕੀ ਜ਼ੋ ਦੋਵਾਂ ਪਾਸਿਆਂ ਦੇ ਸੂਝਵਾਨ ਲੋਕਾਂ ਨੂੰ ਇੱਕ ਸਾਂਝਾ ਮੰਚ ਤਿਆਰ ਕਰਨਾ ਚਾਹੀਦਾ ਹੈ। ਜਦੋਂ ਤੱਕ ਸਮਾਜ ਦੇ ਅੰਦਰੋਂ 'ਸੁਲ੍ਹਾ-ਸਫਾਈ' ਦੀ ਆਵਾਜ਼ ਨਹੀਂ ਉੱਠਦੀ, ਉਦੋਂ ਤੱਕ ਬਾਹਰੋਂ ਲਾਗੂ ਕੀਤੀ ਗਈ ਸ਼ਾਂਤੀ ਅਸਥਾਈ ਹੀ ਰਹੇਗੀ। ਸ਼ਾਂਤੀ ਕਮੇਟੀਆਂ ਨੂੰ ਸਿਰਫ਼ ਨਾਮ ਦੇ ਕਾਗਜ਼ਾਂ ਤੱਕ ਸੀਮਿਤ ਨਹੀਂ ਰੱਖਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਦੁੱਖ-ਦਰਦ ਸੁਣਨ ਅਤੇ ਵੰਡੀਆਂ ਨੂੰ ਮਿਟਾਉਣ ਲਈ ਕੰਮ ਕਰਨਾ ਪਵੇਗਾ।

ਮਣੀਪੁਰ ਦਾ ਸੰਕਟ ਇੱਕ ਬਹੁ-ਪੱਖੀ ਚੁਣੌਤੀ ਹੈ। ਇਸ ਦਾ ਹੱਲ ਸਿਰਫ਼ ਫੌਜੀ ਤਾਕਤ ਵਿੱਚ ਨਹੀਂ, ਸਗੋਂ ਮਾਨਵੀ ਸੰਵੇਦਨਸ਼ੀਲਤਾ ਵਿੱਚ ਹੈ। ਕੇਂਦਰ ਨੂੰ ਤੁਰੰਤ ਸਾਰੀਆਂ ਧਿਰਾਂ ਨਾਲ ਬਿਨਾਂ ਕਿਸੇ ਪੂਰਵ-ਸ਼ਰਤ ਦੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਰਾਜ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਨੂੰ ਜ਼ਬਤ ਕਰਨਾ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਬਹਾਲ ਹੋ ਸਕੇ। ਮਿਆਂਮਾਰ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰਕੇ ਤਕਨੀਕੀ ਨਿਗਰਾਨੀ ਹੇਠ ਲਿਆਉਣਾ ਚਾਹੀਦਾ ਹੈ।

ਮਣੀਪੁਰ ਅੱਜ ਭਾਰਤ ਲਈ ਇੱਕ ਚੇਤਾਵਨੀ ਹੈ। ਇਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਸਾਹਮਣੇ ਇੱਕ ਵੱਡਾ ਇਮਤਿਹਾਨ ਹੈ। ਜੇਕਰ ਅਸੀਂ ਮਣੀਪੁਰ ਨੂੰ ਨਿਆਂ ਅਤੇ ਸ਼ਾਂਤੀ ਦੇਣ ਵਿੱਚ ਅਸਫਲ ਰਹਿੰਦੇ ਹਾਂ, ਤਾਂ ਇਹ ਸਾਡੇ ਲੋਕਤੰਤਰ 'ਤੇ ਇੱਕ ਸਥਾਈ ਕਲੰਕ ਹੋਵੇਗਾ। ਮਣੀਪੁਰ ਦੀਆਂ ਸਰਹੱਦਾਂ 'ਤੇ ਤਾਇਨਾਤ ਜਵਾਨ ਤਾਂ ਦੇਸ਼ ਦੀ ਰਾਖੀ ਕਰ ਰਹੇ ਹਨ, ਪਰ ਦੇਸ਼ ਦੇ ਅੰਦਰੂਨੀ ਹਿੱਸੇ ਵਿੱਚ ਭਾਈਚਾਰਕ ਸਾਂਝ ਦੀ ਰਾਖੀ ਕਰਨਾ ਸਾਡੀ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ। ਉੱਤਰ-ਪੂਰਬ ਦੀ ਸ਼ਾਂਤੀ ਸਿਰਫ਼ ਫੌਜੀ ਬੂਟਾਂ ਦੀ ਗੂੰਜ ਨਾਲ ਨਹੀਂ, ਸਗੋਂ ਨਿਆਂਸੰਗਤ ਰਾਜਨੀਤਿਕ ਵਿਵਸਥਾ ਅਤੇ ਆਪਸੀ ਵਿਸ਼ਵਾਸ ਦੀ ਬਹਾਲੀ ਨਾਲ ਹੀ ਆਵੇਗੀ। ਜਦੋਂ ਤੱਕ ਮਣੀਪੁਰ ਦੇ ਆਮ ਨਾਗਰਿਕ ਦੇ ਮਨ ਵਿੱਚੋਂ ਡਰ ਨਹੀਂ ਨਿਕਲਦਾ, ਉਦੋਂ ਤੱਕ ਭਾਰਤ ਦੀਆਂ ਸਰਹੱਦਾਂ 'ਤੇ ਅਸਲੀ ਸੁਰੱਖਿਆ ਦਾ ਦਾਅਵਾ ਅਧੂਰਾ ਹੀ ਰਹੇਗੀ।




## ਸਿੱਖ ਕੌਮ ਦੇ ਸ਼ਹਾਦਤ ਭਰੇ ਇਤਿਹਾਸ ਵਿਚ

# ਛੋਟਾ ਘੱਲੂਘਾਰਾ

**16 -17 ਮਈ, 1746 ਈ:**



'ਘੱਲੂਘਾਰਾ' ਸ਼ਬਦ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ; ਜਿਸ ਦੇ ਅੱਖਰੀ ਅਰਥ ਹਨ ਸਭ ਕੁਝ ਤਬਾਹ ਹੋ ਜਾਣਾ, ਵੱਡੇ ਪੱਧਰ 'ਤੇ ਕਤਲੇਆਮ ਹੋਣਾ, ਨਸਲਘਾਤ ਜਾਂ ਸਰਬਨਾਸ਼। ਸਿੱਖਾਂ ਦਾ ਸੁਭਾਅ ਜ਼ੁਲਮ ਦੇ ਵਿਰੁੱਧ ਲੜਨ ਵਾਲਾ ਅਤੇ ਕਿਸੇ ਦੀ ਗੁਲਾਮੀ ਜਾਂ ਈਨ ਨਾ ਸਵੀਕਾਰ ਕਰਨ ਵਾਲਾ ਹੋਣ ਕਰਕੇ ਸਮੇਂ-ਸਮੇਂ ਸਿਰ ਸਿੱਖਾਂ ਨੂੰ ਭਿਆਨਕ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ।ਸਿੱਖਾਂ ਅਤੇ ਮੁਗਲਾਂ ਦਰਮਿਆਨ 3 ਜੇਠ ਬਿਕ੍ਰਮੀ ਸੰਮਤ 1803/1 ਮਈ 1746 ਯੂਲੀਅਨ ਨੂੰ ਜ਼ਿਲ੍ਹਾ ਗੁਰਦਾਸ ਪੁਰ ਦੇ ਕਾਹਨੂੰਵਾਨ ਛੰਭ 'ਚ ਖ਼ੂਨੀ ਦੁਖਾਂਤ ਵਾਪਰਿਆ ਜਿਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। 3 ਜੇਠ ਨੂੰ ਨਾਨਕਸ਼ਾਹੀ ਕੈਲੰਡਰ ਦੀ ਤਾਰੀਖਾਂ ਵਿਚ ਬਦਲਣ ਨਾਲ ਹੁਣ ਇਹ 3 ਜੇਠ ਹਰ ਸਾਲ 17 ਮਈ ਨੂੰ ਆਉਂਦਾ ਹੈ। ਇਸ ਖ਼ੂਨੀ ਦੁਖਾਂਤ ਦਾ ਪਿਛੋਕੜ ਜਾਨਣ ਲਈ ਇਤਿਹਾਸ ਦੇ ਪੰਨੇ ਫਰੋਲਿਆਂ ਪਤਾ ਲਗਦਾ ਹੈ ਕਿ 1745 ਵਿੱਚ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਨਿਰਦੋਸ਼ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਕੇ ਅਸਹਿ ਕਸ਼ਟ ਦੇ ਕੇ ਸ਼ਹੀਦ ਕੀਤਾ, ਪਰ ਭਾਈ ਤਾਰੂ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਹੀ ਉਸ ਪਾਪੀ ਦਾ ਅੰਤ ਵੀ ਬਹੁਤ ਬੁਰੀ ਤਰ੍ਹਾਂ ਹੋਇਆ। ਪਿਸ਼ਾਬ ਬੰਦ ਹੋ ਜਾਣ ਕਾਰਨ ਗੁਰਸਿੱਖ ਸ਼ਹੀਦ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ 22 ਦਿਨ ਉਸ ਦੇ ਸਿਰ ਵਿਚ ਵੱਜਦੀਆਂ ਰਹੀਆਂ ਤੇ ਪਾਪੀ ਦਾ ਬੁਰੀ ਤਰ੍ਹਾਂ ਅੰਤ ਹੋਇਆ। ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਤਾ ਦੇ ਪੂਰਨਿਆਂ 'ਤੇ ਚਲਦਾ ਹੋਇਆ ਸਿੰਘਾਂ 'ਤੇ ਅੱਤਿਆਚਾਰ ਕਰਨ ਲੱਗਾ। ਯਹੀਆ ਖ਼ਾਨ ਦਾ ਸੂਬੇਦਾਰ ਸੀ ਲਖਪਤ ਰਾਏ। ਇਸ ਸੂਬੇਦਾਰ (ਦੀਵਾਨ) ਲਖਪਤ ਰਾਏ ਦਾ ਭਰਾ ਜਸਪਤ ਰਾਏ ਵੀ ਫ਼ੌਜ ਦਾ ਸੈਨਾਪਤੀ ਸੀ। ਇਹ ਤਿਕੜੀ ਅੰਦਰਖਾਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁਲੀ ਹੋਈ ਸੀ। ਯਹੀਆ ਖਾਂ ਨੇ ਲੱਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਨੂੰ ਬਹੁਤ ਜ਼ਿਆਦਾ ਅਧਿਕਾਰ ਦੇ ਰੱਖੇ ਸਨ। ਜਸਪਤ ਰਾਏ ਨੇ ਆਮ ਜਨਤਾ 'ਤੇ ਹੱਦੋਂ ਵੱਧ ਸਖ਼ਤੀ ਕਰਕੇ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਲੋਕ ਤੰਗ ਆ ਕੇ ਖਾਲਸਾ ਫ਼ੌਜ ਵਿੱਚ ਭਰਤੀ ਹੋਣ ਲੱਗੇ। 1746 ਈ: (ਬਿਕ੍ਰਮੀ ਸੰਮਤ 1803) ਵਿਚ ਵਿਸਾਖੀ ਦੇ ਪਾਵਨ ਪੁਰਬ ਦੇ ਸਬੰਧ ਵਿੱਚ ਸਿੱਖ-ਸੰਗਤਾਂ ਦਾ ਇਕੱਠ ਏਮਨਾਬਾਦ ਦੇ ਗੁਰਦੁਆਰਾ ਰੋੜੀ ਸਾਹਿਬ ਵਿਖੇ ਹੋਇਆ। ਜਸਪਤ ਰਾਏ ਨੂੰ ਸਿੰਘਾਂ ਦਾ ਏਡਾ ਵੱਡਾ ਇਕੱਠ ਚੰਗਾ ਨਾ ਲੱਗਿਆ। ਉਸ ਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ 'ਉਹ ਗੁਰਦੁਆਰਾ ਛੱਡ ਜਾਣ ਤੇ ਇੱਥੋਂ ਚਲੇ ਜਾਣ', ਪਰ ਸਿੰਘਾਂ ਨੇ ਕਿਹਾ ਕਿ ਉਹ ਦੂਰੋਂ-ਨੇੜਿਓਂ ਆਏ ਹਨ, ਕਈ ਦਿਨਾਂ ਤੋਂ ਲੰਗਰ ਤੋਂ ਵੀ ਫ਼ਾਕੇ ਹਨ। ਅੱਜ ਦੀ ਰਾਤ ਕੱਟ ਕੇ ਅਤੇ ਲੰਗਰ ਬਣਾ/ਛਕ ਕੇ ਕੱਲ੍ਹ ਨੂੰ ਇੱਥੋਂ ਚਲੇ ਜਾਣਗੇ, ਪਰ ਜਸਪਤ ਰਾਏ ਕਿੱਥੇ ਮੰਨਣ ਵਾਲਾ ਸੀ। ਉਹ ਤਾਂ ਮੌਕੇ ਦੀ ਭਾਲ ਵਿੱਚ ਸੀ। ਉਸ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਿੱਖਾਂ ਨੂੰ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਲੜਨੀ ਪਈ। ਸਿੱਖਾਂ ਵੱਲੋਂ ਸੰਜਮ ਵਰਤਣ ਦੇ ਬਾਵਜੂਦ ਜਸਪਤ ਰਾਏ ਆਪਣੀ ਅੜੀ ਤੋਂ ਪਿੱਛੇ ਹਟਣ ਲਈ ਤਿਆਰ ਨਾ ਹੋਇਆ ਤੇ ਹਾਥੀ 'ਤੇ ਚੜ੍ਹ ਕੇ ਅੱਗੇ ਹੀ ਵਧਦਾ ਆ ਰਿਹਾ ਸੀ। ਪਾਣੀ ਸਿਰੋਂ ਲੰਘਦਿਆਂ ਦੇਖ ਘੋੜ ਸਵਾਰ ਭਾਈ ਨਿਬਾਹੂ ਸਿੰਘ ਰੰਘਰੇਟਾ ਜਸਪਤ ਰਾਏ ਦੇ ਹਾਥੀ ਦੀ ਪੂਛ ਦਾ ਸਹਾਰਾ ਲੈ ਕੇ ਅੱਖ ਦੇ ਫੋਰ 'ਚ ਹਾਥੀ ਉਪਰ ਜਾ ਚੜ੍ਹਿਆ ਅਤੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਜਸਪਤ ਰਾਏ ਦੀ ਮੌਤ ਨਾਲ ਮੁਗਲ ਫ਼ੌਜ ਵਿੱਚ ਭਗਦੜ ਮੱਚ ਗਈ ਤੇ ਫ਼ੌਜ ਉੱਥੋਂ ਭੱਜ ਗਈ। ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਉਸ ਦੇ ਭਰਾ ਲਖਪਤ ਰਾਏ ਨੂੰ ਪਤਾ ਲੱਗੀ ਤਾਂ ਉਸ ਨੇ ਭਰਾ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕਰ ਲਿਆ। ਉਹ ਲਾਹੌਰ ਪਹੁੰਚ ਗਿਆ ਤੇ ਲਾਹੌਰ ਦਰਬਾਰ ਮਿੰਨਤਾਂ ਤਰਲੇ ਕਰਨ ਲੱਗਾ। ਆਪਣੇ ਸਿਰ ਤੋਂ ਪੱਗੜੀ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਸਿੱਖਾਂ ਦਾ ਖੁਰਾ ਖੋਜ ਨਹੀਂ ਮਿਟਾ ਲੈਂਦਾ, ਮੈਂ ਆਪਣੇ ਸਿਰ 'ਤੇ ਪੱਗ ਨਹੀ ਬੰਨ੍ਹਾਂਗਾ ਅਤੇ ਆਪਣੇ ਆਪ ਨੂੰ ਖੱਤਰੀ ਨਹੀਂ ਅਖਵਾਵਾਂਗਾ। ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਵੱਡੀ ਸ਼ਾਹੀ ਫੌਜ ਇਕੱਠੀ ਕੀਤੀ। ਅਗਲੇ ਹੀ ਦਿਨ ਜ਼ਾਲਮਾਨਾ ਕਾਰਵਾਈ ਦੀ ਆਰੰਭਤਾ ਉਸ ਨੇ ਲਾਹੌਰ ਸ਼ਹਿਰ ਤੋਂ ਹੀ ਕਰ ਦਿੱਤੀ। ਦੀਵਾਨ ਕੌੜਾ ਮੱਲ ਦੀ ਅਗਵਾਈ ਵਿੱਚ ਹਿੰਦੂ ਪਤਵੰਤਿਆਂ ਦੇ ਇਕੱਠ ਵੱਲੋਂ ਕੀਤੀ ਸਿਫ਼ਾਰਸ਼ ਕਿ ਸਿੱਖਾਂ ਅਤੇ ਗੁਰੂ ਸਾਹਿਬਾਨਾਂ ਨੇ ਹਿੰਦੂਆਂ ਲਈ ਮਹਾਨ ਕੁਰਬਾਨੀਆਂ ਕੀਤੀਆਂ ਹਨ ਇਸ ਲਈ ਬੇਗੁਨਾਹ ਸਿੱਖਾਂ ਦਾ ਕਤਲ ਨਾ ਕੀਤਾ ਜਾਵੇ; ਨੂੰ ਵੀ ਲਖਪਤ ਰਾਏ ਨੇ ਨਾ ਮੰਨਿਆ। ਉਸ ਨੇ ਆਪਣੇ ਗੁਰੂ, ਸੰਤ ਜਗਤ ਭਗਤ ਗੁਸਾਂਈ ਦੀ ਇਹ ਸਲਾਹ ਕਿ ਅੱਜ ਚੰਦਰ ਮਹੀਨੇ ਦਾ ਆਖਰੀ ਦਿਨ ਭਾਵ ਵਦੀ ਪੱਖ ਦੀ ਮੱਸਿਆ ਅਤੇ ਸੋਮਵਾਰ ਹੈ ਜੋ ਹਿੰਦੂਆਂ ਲਈ ਬਹੁਤ ਹੀ ਪਵਿੱਤਰ ਦਿਨ ਹੈ ਇਸ ਲਈ ਇਸ ਪਵਿੱਤਰ ਦਿਹਾੜੇ ਨੂੰ ਸਿੱਖਾਂ ਦਾ ਕਤਲ ਕਰਕੇ ਪਾਪ ਨਾ ਕੀਤਾ ਜਾਵੇ; ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਅਤੇ ਹੁਕਮ ਕੀਤਾ ਕਿ ਜਿੱਥੇ ਵੀ ਸਿੱਖ ਦਿਖਾਈ ਦੇਵੇ, ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ ਕੋਈ ਵੀ ਸਿੱਖਾਂ ਨਾਲ ਵਾਹ-ਵਾਸਤਾ ਨਾ ਰੱਖੇ। ਇਹਨਾਂ ਦੀ ਬਾਣੀ ਨਾ ਪੜ੍ਹੇ। ਉਸ ਨੇ 'ਗੁੜ' ਸ਼ਬਦ 'ਤੇ ਵੀ ਪਾਬੰਦੀ ਲਗਾ ਕੇ 'ਗੁੜ' ਦੀ ਥਾਂ 'ਰੋੜੀ' ਸ਼ਬਦ ਬੋਲਣ ਲਈ ਕਿਹਾ। ਕਿਉਂ ਜੋ 'ਗੁੜ' ਸ਼ਬਦ ਦਾ ਉਚਾਰਨ ਕਰਨ ਲੱਗਿਆਂ 'ਗੁਰੂ' ਸ਼ਬਦ ਦਾ ਭੁਲੇਖਾ ਪੈਂਦਾ ਸੀ। ਗੁਰੂ ਗ੍ਰੰਥ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਪਵਿੱਤਰ ਬੀੜਾਂ ਦੀ ਰੱਜ ਕੇ ਬੇਅਦਬੀ ਕੀਤੀ। ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਸ ਨੇ ਸਿਰਕੱਢ

**ਲੇਖਕ : ਰਣਜੋਧ ਸਿੰਘ ਰੱਤੋਕੇ**

ਸਿੱਖ ਆਗੂਆਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸ ਪੁਰ ਜ਼ਿਲ੍ਹੇ ਦੀ ਕਾਹਨੂੰਵਾਨ ਛੰਭ ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿੱਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸ. ਜੱਸਾ ਸਿੰਘ ਆਹਲੂਵਾਲੀਆ ਵੀ ਇਸ ਇਕੱਠ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਆਉਣ ਵਾਲ਼ੇ ਸਮੇਂ ਵਿੱਚ ਮਹਾਨ ਜਰਨੈਲ ਦੇ ਰੂਪ ਵਿੱਚ ਸਿੱਖ ਕੌਮ ਦੀ ਸੇਵਾ ਕੀਤੀ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ 'ਪੰਥ ਪ੍ਰਕਾਸ਼' ਵਿੱਚ ਮਿਲਦੇ ਹਨ। ਇਸ ਛੰਭ ਵਿੱਚ ਕੋਈ 15000 ਸਿੱਖ ਇਕੱਠੇ ਹੋ ਗਏ। ਕਈ ਇਤਿਹਾਸਕਾਰਾਂ ਨੇ ਇਹ ਗਿਣਤੀ 25000 ਹਜ਼ਾਰ ਵੀ ਲਿਖੀ ਹੈ।

ਸੂਹ ਮਿਲਣ 'ਤੇ ਜ਼ਕਰੀਆ ਖਾਂ ਦਾ ਪੁੱਤਰ ਯਹੀਆ ਖਾਂ ਤੇ ਲਖਪਤ ਰਾਏ ਗੋਲ਼ੇ ਬਾਰੂਦ ਨਾਲ ਲੈਸ ਆਪਣੀ ਭਾਰੀ ਫੌਜ ਲੈ ਕੇ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਅੱਗ ਦੇ ਗੋਲ਼ੇ ਸਿੱਖਾਂ ਉੱਪਰ ਬਰਸਾਏ ਗਏ। ਸਿੰਘ ਰਾਤ ਸਮੇਂ ਹਨ੍ਹੇਰੇ ਦਾ ਫ਼ਾਇਦਾ ਉੱਠਾ ਕੇ ਲੱਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ ਪਾਣੀ ਚੁੱਕ ਕੇ ਫਿਰ ਛੰਭ ਵਿੱਚ ਵੜ ਜਾਂਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ ਭਾਣੇ ਸਿੰਘ ਕਾਫ਼ੀ ਸਮੇਂ ਤੱਕ ਇਸੇ ਤਰ੍ਹਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਿਆ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ ਕਸ਼ਮੀਰ ਭੇਜਣ ਦੇ ਬਹਾਨੇ ਨਾਲ ਉਸੇ ਰਸਤੇ ਭੇਜ ਦਿੱਤਾ ਤੇ ਉਧਰ ਆਪਣੇ ਗੁਪਤ ਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਨ ਇਸ ਰਸਤਿਓਂ ਲੰਘੇ ਤਾਂ ਲੁੱਟ ਲਿਆ ਜਾਵੇ। ਸਿੰਘਾਂ ਨੇ ਇਸੇ ਤਰ੍ਹਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਰਕੇ ਇਤਿਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਯਾਦ ਕਰਦਾ ਹੈ। ਇਹ ਲੜਾਈ ਕਾਫ਼ੀ ਲੰਮੀ (ਲਗਭਗ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੱਕ) ਚੱਲੀ। ਏਨੀ ਲੰਬੀ ਲੜਾਈ ਚੱਲਣ ਕਰਕੇ ਸਿੰਘਾਂ ਦਾ ਕੌੜਾ ਮੱਲ ਵੱਲੋਂ ਭੇਜਿਆ ਹੋਇਆ ਰਾਸ਼ਨ ਪਾਣੀ ਵੀ ਖਤਮ ਹੋ ਗਿਆ। ਗੋਲ਼ੀ ਸਿੱਕਾ ਖ਼ਤਮ ਹੋ ਗਿਆ, ਲੜਦੇ-ਲੜਦੇ ਹਥਿਆਰ ਵੀ ਖੁੰਡੇ ਹੋ ਗਏ। ਲਖਪਤ ਰਾਏ ਦਾ ਮਾਮਾ ਤੇ ਪੁੱਤਰ ਸਿੰਘਾਂ ਹੱਥੋਂ ਮਾਰੇ ਗਏ। ਲਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆ ਤੌਰ-ਤਰੀਕਿਆਂ 'ਤੇ ਉਤਰ ਆਇਆ। ਉਸ ਨੇ ਸੋਚਿਆ ਕਿ ਉਹ ਦਿੱਲੀ ਦਰਬਾਰ ਜਾ ਕੇ ਕੀ ਮੂੰਹ ਵਿਖਾਏਗਾ ? ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਇਕੱਠੇ ਕਰਕੇ ਇਸ ਛੰਭਨੁਮਾ ਜੰਗਲ ਦੇ ਰੁੱਖਾਂ ਨੂੰ ਕਟਵਾ ਕੇ ਚੁਫੇਰਿਉਂ ਅੱਗ ਲਗਵਾ ਦਿੱਤੀ, ਜਿਸ ਨਾਲ ਸਿੰਘਾਂ ਨੂੰ ਚਾਰ-ਚੁਫੇਰਿਉਂ ਮੁਸੀਬਤਾਂ ਪੈ ਗਈਆਂ। ਇਕ ਜੇਠ-ਹਾੜ੍ਹ ਦੀ ਅੱਤ ਦੀ ਗਰਮੀ, ਦੂਜਾ ਜੰਗਲ ਦੀ ਅੱਗ, ਤੀਜਾ ਉੱਚੇ ਪਹਾੜ 'ਤੇ ਵਿਰੋਧੀ ਪਹਾੜੀ ਰਾਜੇ ਅਤੇ ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਮਤਾ ਪਾਸ ਕਰਕੇ ਮੈਦਾਨੇ-ਜੰਗ 'ਚ ਦੁਸ਼ਮਣ ਨਾਲ ਜੂਝ ਕੇ ਲੜਨ ਤੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਅਟੱਲ ਫ਼ੈਸਲਾ ਕਰ ਲਿਆ ਤੇ ਸਿੰਘ ਚੜ੍ਹਦੀ ਕਲਾ ਦੇ ਜੈਕਾਰੇ ਲਗਾਉਂਦਿਆਂ ਦੁਸ਼ਮਣ ਖਿਲਾਫ ਜੂਝ ਪਏ। ਲੜਾਈ ਸ਼ੁਰੂ ਹੋ ਗਈ ਕਈ ਸਿੱਖ ਮੁਗਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਹਨਾਂ ਵਿੱਚੋਂ ਇੱਕ ਜੱਥੇ ਦੇ ਮੋਢੀ ਸੁੱਖਾ ਸਿੰਘ ਨੇ ਮੁਗਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖਮੀ ਹੋ ਗਿਆ। ਜੱਦੋ ਜਹਿਦ ਕਰਦਿਆਂ ਸਿੱਖ ਦਰਿਆ ਵਿੱਚ ਠਿੱਲ ਪਏ। ਕਈ ਰੁੜ੍ਹ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਚਲੇ ਗਏ। ਕਈ ਮੁਗਲਾਂ ਨੇ ਕੈਦ ਕਰ ਲਏ। ਇਸ ਲੜਾਈ ਵਿੱਚ ਲਗਭਗ 7000 ਹਜ਼ਾਰ (ਕਈ ਇਤਿਹਾਸਕਾਰਾਂ ਮੁਤਾਬਕ ਗਿਣਤੀ 11000 ਹਜ਼ਾਰ) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3000 ਹਜ਼ਾਰ (ਕਈਆਂ ਨੇ ਇੱਥੇ ਗਿਣਤੀ 2000 ਲਿਖੀ ਹੈ) ਦੇ ਕਰੀਬ ਸਿੱਖਾਂ ਨੂੰ ਕੈਦ ਕਰਕੇ ਲਖਪਤ ਰਾਏ ਲਾਹੌਰ ਲੈ ਗਿਆ। ਲਾਹੌਰ ਦੇ ਨਾਖਾਸ ਚੌਂਕ ਵਿੱਚ ਬੜੇ ਹੀ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਸਿਰਾਂ ਦੇ ਢੇਰ ਲਗਾ ਦਿੱਤੇ। ਸਰੀਰਾਂ ਨੂੰ ਮਸੀਤਾਂ ਦੀਆਂ ਦੀਵਾਰਾਂ ਵਿੱਚ ਦੱਬ ਦਿੱਤਾ ਗਿਆ। ਖ਼ੂਨ ਨਾਲ ਮਸੀਤਾਂ ਦੇ ਫਰਸ਼ ਧੋਤੇ ਗਏ। ਇਸ ਮੰਦਭਾਗੀ ਘਟਨਾ ਨੂੰ ਇਤਿਹਾਸ ਵਿੱਚ ਪਹਿਲੇ ਘੱਲੂਘਾਰੇ ਜਾਂ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ 1762 'ਚ ਪਿੰਡ ਕੁੱਪ-ਰੁਹੀੜੇ ਵਿਖੇ ਵੱਡਾ ਕਤਲਾਮ ਹੋਇਆ ਸੀ ਇਸ ਲੜਾਈ ਵਿੱਚ 30-35 ਹਜ਼ਾਰ ਸਿੰਘ ਸ਼ਹੀਦ ਹੋਏ। ਇਸ ਲਈ ਦੋਵੇਂ ਘੱਲੂਘਾਰਿਆਂ ਨੂੰ ਵਖਰਾਉਣ ਦੇ ਮੰਤਵ ਨਾਲ ਪਹਿਲੇ ਨੂੰ ਛੋਟਾ ਘਲੂਘਾਰਾ ਅਤੇ ਦੂਜੇ ਨੂੰ ਵੱਡਾ ਘੱਲੂਘਾਰਾ ਕਿਹਾ ਜਾਣ ਲੱਗਿਆ।

ਲਖਪਤ ਰਾਏ ਦੀ ਸਿੱਖਾਂ ਨੂੰ ਪੂਰਨ ਤੌਰ 'ਤੇ ਮਾਰ ਮੁਕਾਉਣ ਦੀ ਸ਼ੇਖ਼ੀ ਛੇਤੀ ਹੀ ਝੂਠੀ ਸਾਬਤ ਹੋ ਗਈ ਜਦੋਂ ਲਗਭਗ ਛੇ ਮਹੀਨੇ ਪਿੱਛੋਂ ਹੀ ਸਿੱਖ ਦੁਬਾਰਾ ਅੰਮ੍ਰਿਤਸਰ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ 30 ਮਾਰਚ 1747 ਨੂੰ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਦਾ ਇਕੱਠ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ 9 ਜਿਸ ਤੋਂ ਮਿਸਲਾਂ ਹੋਂਦ ਵਿਚ ਆਈਆਂ ਅਤੇ ਸੰਯੁਕਤ ਕਮਾਂਡ 'ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ' ਨੂੰ ਸੌਂਪੀ ਗਈ।

ਇਕੱਠ ਕਰਕੇ ਗੁਰਮਤਾ ਪਾਸ ਕੀਤਾ ਕਿ ਸਿੱਖਾਂ ਦੀ ਪੱਕੀ ਰਿਹਾਇਸ਼ ਗਾਹ ਲਈ ਅੰਮ੍ਰਿਤਸਰ ਵਿਖੇ ਰਾਮ ਰੌਣੀ ਕਿਲੇ ਦੀ ਉਸਾਰੀ ਕੀਤੀ ।

**ਸਿੱਖ ਇਤਿਹਾਸ ਵਿਚ 'ਛੋਟਾ ਘੱਲੂਘਾਰਾ' ਦਾ ਨਾਂ ਸਦਾ ਅਮਰ ਹੈ।**

**ਇਹਨਾਂ ਮਹਾਨ ਸੂਰਮਿਆਂ ਦੀ ਸ਼ਹਾਦਤ ਨੂੰ ਕੋਟਾਨ-ਕੋਟ ਪ੍ਰਣਾਮ ।**




# ਸਿੱਖ ਰਾਜ

## ਕਿਵੇਂ ਬਣਿਆ?

ਕਿਸ਼ਤ - 73

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਅਪ੍ਰੈਲ, 1764 ਈ. ਵਿਚ ਭੰਗੀ ਤੇ ਨਕਈ ਅਬਦਾਲੀ ਦਾ ਪਿੱਛਾ ਛੱਡ ਕੇ ਲਾਹੌਰ ਵੱਲ ਮੁੜ ਪਏ ਸਨ। ਸ. ਹੀਰਾ ਸਿੰਘ ਨਕਈ ਨੇ ਇਲਾਕਾ ਨੱਕਾ ਤੇ ਲੰਮਾ ਮੱਲ ਲਿਆ। ਸ. ਹਰੀ ਸਿੰਘ ਭੰਗੀ ਨੇ ਮੁਲਤਾਨ ਮੱਲਿਆ। ਏਥੇ ਹੀ ਬੱਸ ਨਹੀਂ, ਭੰਗੀਆਂ ਨੇ ਦਰਿਆ ਅਟਕ ਟੱਪ ਕੇ ਡੇਰਾਜਾਤ ਵੀ ਜਾ ਲੁੱਟੇ। ਪਰਗਣਾ ਹਰਿਗੋਬਿੰਦਪੁਰਾ ਤੇ ਪਾਸੀਂ ਰਾਮਗੜ੍ਹੀਆ ਮਿਸਲ ਨੇ ਮੁਲਕ ਮੱਲ ਲਿਆ।

### ਅਟਕ ਤੋਂ ਜਮਨਾ ਤੱਕ

ਦੁਆਬਾ ਜਲੰਧਰ, ਡੱਲੇਵਾਲੀ ਤੇ ਆਹਲੂਵਾਲੀ ਮਿਸਲਾਂ ਨੇ ਕਾਬੂ ਕਰ ਲਿਆ। ਸ਼ਹਿਰ ਲਾਹੌਰ ਤੇ ਜਲੰਧਰ ਛੱਡ ਕੇ, ਦਰਿਆ ਅਟਕ ਤੇ ਜਮਨਾ ਦੇ ਵਿਚਲਾ ਸਾਰਾ ਮੁਲਕ ਇਸ ਵੇਲੇ ਸਿੱਖਾਂ ਦੇ ਕਾਬੂ ਆ ਗਿਆ ਸੀ। 25 ਦਸੰਬਰ, 1763 ਈ. ਨੂੰ ਨਜੀਬੁੱਦੌਲਾ ਨੇ ਇਕ ਲੜਾਈ ਵਿਚ ਭਰਤਪੁਰ ਦੇ ਜਾਟ ਰਾਜਾ ਸੂਰਜ ਮੱਲ ਨੂੰ ਕਤਲ ਕਰ ਦਿੱਤਾ ਸੀ। ਉਸ ਦੇ ਪੁੱਤਰ ਜਵਾਹਰ ਮੱਲ ਨੇ ਬਦਲਾ ਲੈਣ ਵਾਸਤੇ ਤਿਆਰੀ ਕੀਤੀ ਤੇ ਮਰਹੱਟਿਆਂ ਨੂੰ ਜਵਾਹਰ ਮੱਲ ਤੇ ਨਜੀਬੁੱਦੌਲਾ ਮਦਦ ਵਾਸਤੇ ਬੁਲਾ ਲਿਆ। ਨਵੰਬਰ, 1764 ਈ. ਵਿਚ ਜਵਾਹਰ ਮੱਲ ਨੇ ਨਜੀਬੁੱਦੌਲਾ ਨੂੰ ਦਿੱਲੀ ਵਿਚ ਘੇਰ ਲਿਆ।

### ਬੁੱਢਾ ਦਲ ਦਾ ਜਮਨਾ ਪਾਰ ਹਮਲਾ

ਏਧਰੋਂ ਬੁੱਢਾ ਦਲ ਵੀ ਸ. ਜੱਸਾ ਸਿੰਘ ਆਹਲੂ ਦੀ ਜਥੇਦਾਰੀ ਹੇਠ ਬੂੜੀਆ ਘਾਟ ਤੋਂ ਜਮਨਾ ਟੱਪ ਪਿਆ। ਉਹਨਾਂ ਨਜੀਬੁੱਦੌਲਾ ਦੇ ਇਲਾਕੇ ਵਿਚ ਲੁੱਟ ਮਾਰ ਮਚਾ ਦਿੱਤੀ। ਹਾਫਿਜ਼ ਰਹਿਮਤ ਖ਼ਾਂ ਛੇ ਹਜ਼ਾਰ ਫ਼ੌਜ ਸਣੇ ਟਾਕਰੇ 'ਤੇ ਆਇਆ, ਪਰ ਹਾਰ ਕੇ ਨੱਸ ਗਿਆ। ਸਿੱਖਾਂ ਨੇ ਸਾਰਾ ਇਲਾਕਾ ਲੁੱਟ ਲਿਆ।

ਮਹੀਨਾ, ਡੇਢ ਮਹੀਨਾ ਦਿੱਲੀ ਦੇ ਘੇਰੇ ਨੂੰ ਹੋ ਗਿਆ, ਪਰ ਲੜਾਈ ਦਾ ਫ਼ੈਸਲਾ ਕੋਈ ਨਾ ਹੋਇਆ।

### ਸਿੱਖ, ਜਵਾਹਰ ਮੱਲ ਦੀ ਮਦਦ ਉੱਤੇ

ਸ਼ੁਰੂ ਜਨਵਰੀ, (1765 ਈ.) ਵਿਚ ਜਵਾਹਰ ਮੱਲ ਬੁੱਢੇ ਦਲ ਦੀ ਸ਼ਰਣ ਆਇਆ ਤੇ ਨਜ਼ਰਾਨਾ ਭੇਟ ਕੀਤਾ। ਬੁੱਢਾ ਦਲ ਉਸ ਦੀ ਮਦਦ ਵਾਸਤੇ ਚੜ੍ਹ ਪਿਆ। ਜਵਾਹਰ ਮੱਲ ਨੇ ਸਿੱਖਾਂ ਦਾ ਡੇਰਾ ਸਬਜ਼ੀ ਮੰਡੀ (ਦਿੱਲੀ) ਕਰਾਇਆ। 25 ਜਨਵਰੀ, 1765 ਈ. ਨੂੰ ਨਜੀਬੁੱਦੌਲਾ ਨੇ ਬਾਹਰ ਨਿਕਲ ਕੇ ਸਿੱਖਾਂ ਦੇ ਡੇਰੇ ਉੱਤੇ ਹਮਲਾ ਕੀਤਾ। ਬੜੀ ਸਖ਼ਤ ਲੜਾਈ ਹੋਈ ਤੇ ਦੋਹਾਂ ਧਿਰਾਂ ਦੇ ਕਈ ਜੁਆਨ ਮਾਰੇ ਗਏ। ਨਜੀਬੁੱਦੌਲਾ ਫੇਰ ਸ਼ਹਿਰ ਵਿਚ ਜਾ ਵੜਿਆ। ਨਜੀਬੁੱਦੌਲਾ ਨੇ ਅਬਦਾਲੀ ਨੂੰ ਮਦਦ ਵਾਸਤੇ ਬੁਲਾ ਘਲਿਆ ਸੀ, ਪਰ ਉਹਦੇ ਆਉਣ ਵਿਚ ਦੇਰ ਹੋ ਗਈ ਸੀ। ਏਧਰ ਮਰਹੱਟਿਆਂ, ਸਿੱਖਾਂ ਤੇ ਜਾਟਾਂ ਨੇ ਜ਼ੋਰ ਪਾਇਆ, ਤਾਂ ਨਜੀਬੁੱਦੌਲਾ ਨੇ ਜਵਾਹਰ ਮੱਲ ਨਾਲ ਸੁਲ੍ਹਾ ਕਰ ਲਈ।

### ਨਜੀਬ ਨੇ ਜਵਾਹਰਮੱਲ ਨੂੰ ਡੋਲਾ ਦਿੱਤਾ

ਸੁਲ੍ਹਾ ਦੀ ਸਭ ਤੋਂ ਵੱਡੀ ਸ਼ਰਤ ਇਹ ਸੀ, ਕਿ ਨਜੀਬੁੱਦੌਲਾ ਨੇ ਲੱਖਾਂ ਰੁਪੈ ਦੇ ਦਾਜ ਸਣੇ ਆਪਣੀ ਲੜਕੀ ਦਾ ਡੋਲਾ ਜਵਾਹਰ ਮੱਲ ਨੂੰ ਦਿੱਤਾ। ਮਗਰਲੇ ਨੇ ਦੋ ਲੱਖ ਨਜ਼ਰਾਨਾ ਦੇ ਕੇ ਸਿੱਖਾਂ ਨੂੰ ਵਿਦਿਆ ਕੀਤਾ। ਇਸ ਵੇਲੇ ਤਕ ਅਬਦਾਲੀ ਪੰਜਾਬ ਦੀ ਹੱਦ ਅੰਦਰ ਆ ਵੜਿਆ ਸੀ। ਸਿੱਖ ਉਸ ਦੇ ਟਾਕਰੇ ਵਾਸਤੇ ਮਾਝੇ ਨੂੰ ਆ ਗਏ।

### ਅਬਦਾਲੀ ਦਾ ਅੱਠਵਾਂ ਹਮਲਾ

ਪੰਜਾਬ ਉਤੇ ਸਿੱਖਾਂ ਦੇ ਕਬਜ਼ੇ ਦੀਆਂ ਖ਼ਬਰਾਂ ਗਈਆਂ ਤੇ ਨਜੀਬੁੱਦੌਲਾ ਦਾ ਦੂਤ ਮਦਦ ਵਾਸਤੇ ਪੁੱਜਾ, ਤਾਂ ਅਬਦਾਲੀ ਅਖ਼ੀਰ 1764 ਈ. ਵਿਚ ਪੰਜਾਬ ਉੱਤੇ ਚੜ੍ਹ ਆਇਆ। ਉਹ ਏਮਨਾਬਾਦ ਤੋਂ ਅਗਾਂਹ ਲੰਘਿਆ, ਤਾਂ ਨਾਸਰ ਖ਼ਾਂ ਬਲੋਚ (ਕੁਲਾਤ ਵਾਲਾ) ਸਣੇ ਫ਼ੌਜ ਉਹਨੂੰ ਆ ਮਿਲਿਆ। ਉਸ ਦੇ ਨਾਲ 'ਜੰਗਨਾਮਾ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਵੀ ਸੀ। ਉਹ ਦਸੰਬਰ ਵਿਚ ਲਾਹੌਰ ਪੁੱਜੇ। ਸਿੱਖ ਉਸ ਦੇ ਆਉਣ ਤੋਂ ਪਹਿਲਾਂ ਹੀ ਜੰਗਲਾਂ ਨੂੰ ਨੱਸ ਗਏ ਸਨ।

### ਚੜ੍ਹਤ ਸਿੰਘ ਨੇ ਡੇਰਾ ਲੁੱਟਿਆ

ਅਬਦਾਲੀ ਦਾ ਸਾਮਾਨ ਖ਼ੁਰਾਕ ਦਾ ਡੇਰਾ ਸ਼ਹਿਰੋਂ ਬਾਹਰ ਸੀ, ਜਿਸ ਦੀ ਰਾਖੀ ਅਹਿਮਦ ਖ਼ਾਂ ਤੇ ਗੁਹਰਾਮ ਖ਼ਾਂ ਕਰ ਰਹੇ ਸਨ। ਸਿੱਖਾਂ ਦੇ ਇਕ ਜੱਥੇ ਨੇ ਹਮਲਾ ਕਰ ਕੇ ਅਹਿਮਦ ਖ਼ਾਂ ਨੂੰ ਕਤਲ ਕਰ ਦਿੱਤਾ ਤੇ ਬਹੁਤ ਸਾਰਾ ਸਾਮਾਨ ਲੁੱਟਿਆ। ਖ਼ਬਰ ਪਾ ਕੇ ਨਾਸਰ ਖ਼ਾਂ ਬਲੋਚ ਵੀ ਆ ਪੁੱਜਾ, ਜੋ ਸ: ਚੜ੍ਹਤ ਸਿੰਘ ਦੇ ਜੱਥੇ ਨਾਲ ਸਾਰਾ ਦਿਨ ਲੜਦਾ ਰਿਹਾ। ਰਾਤ ਪਈ, ਤਾਂ ਸਿੱਖ ਜੰਗਲਾਂ ਨੂੰ ਚਲੇ ਗਏ ਤੇ ਨਾਸਰ ਖ਼ਾਂ ਵਾਪਸ ਮੁੜ ਗਿਆ।

### ਅਬਦਾਲੀ ਦਾ ਅੰਮ੍ਰਿਤਸਰ 'ਤੇ ਧਾਵਾ

ਡੇਰਾ ਲਾਹੌਰ ਛੱਡ ਕੇ ਅਬਦਾਲੀ ਨੇ ਅੰਮ੍ਰਿਤਸਰ 'ਤੇ ਧਾਵਾ ਕੀਤਾ। ਉਸ ਦੇ ਆਉਣ ਤੋਂ ਪਹਿਲਾਂ ਹੀ ਸਿੱਖ ਓਥੋਂ ਚਲੇ ਗਏ ਸਨ। ਕਿਲ੍ਹਾ ਰਾਮ ਗੜ੍ਹ ਵਿਚ ਕੇਵਲ ਤੀਹ ਸਿੱਖ ਰਹਿ ਗਏ ਸਨ। ਜਦ ਦੁਰਾਨੀ ਫ਼ੌਜਾਂ ਨੇੜੇ ਪੁੱਜੀਆਂ, ਉਹਨਾਂ ਤੀਹਾਂ ਨੇ ਹੀ 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਛੱਡ ਕੇ ਵੈਰੀ ਉੱਤੇ ਧਾਵਾ ਬੋਲ ਦਿੱਤਾ। ਕਿੰਨੀ ਨਿਡਰਤਾ ਤੇ ਦਲੇਰੀ ਸੀ ਉਹਨਾਂ ਸੂਰਮਿਆਂ ਵਿਚ, ਜੋ ਸ਼ਹੀਦੀ ਪ੍ਰਾਪਤ ਕਰਨ ਵਾਸਤੇ, ਹਜ਼ਾਰਾਂ ਵੈਰੀਆਂ, ਤੇ ਸਮੇਂ ਦੇ ਵੱਡੇ ਜਰਨੈਲ-ਅਹਿਮਦ ਸ਼ਾਹ ਅਬਦਾਲੀ-ਨਾਲ ਟਾਕਰਾ ਕਰਨ ਵਾਸਤੇ ਛਾਤੀਆਂ ਡਾਹ ਖਲੇ। ਉਹ ਤੀਹੇ ਸਿੱਖ-ਕਈਆਂ ਨੂੰ ਮਾਰ ਕੇ-ਸ਼ਹੀਦ ਹੋ ਗਏ, ਪਰ ਵੈਰੀ ਦੇ ਦਿਲ ਉੱਤੇ ਸਿੱਖਾਂ ਦੀ ਬਹਾਦਰੀ ਦੀ ਮੋਹਰ ਲਾ ਗਏ। ਘਲੂਘਾਰੇ ਦਾ ਤਬਾਹ ਕੀਤਾ

-ਚਲਦਾ

---




ਬਲਕਾਰ ਸਿੰਘ (ਪ੍ਰੋਫੈਸਰ)

ਸਿੱਖ ਅਤੇ ਗੁਰੂ ਵਿਚਕਾਰ ਬਾਣੀ ਹੈ। ਜਦੋਂ ਜਦੋਂ ਬਾਣੀ ਦੀ ਥਾਂ ਇਤਿਹਾਸ ਅਤੇ ਪੰਥ ਨੂੰ ਵਰਤਿਆ ਹੈ, ਨਤੀਜੇ ਦੁਖਾਂਤਕ ਅਤੇ ਘਾਤਕ ਨਿਕਲਦੇ ਰਹੇ ਹਨ। ਇਸ ਨੂੰ ਸਿੱਖ-ਸਿਆਸਤ ਦੁਆਰਾ ਸੌਖਿਆਂ ਸਮਝਿਆ ਜਾ ਸਕਦਾ ਹੈ।

ਦੁਖਾਂਤ ਇਹ ਹੈ ਕਿ ਬਾਣੀ ਦੀ ਅਗਵਾਈ ਵਿਚ ਪੈਦਾ ਹੋਣ ਵਾਲੀ ਭਾਈਚਾਰਕ-ਨੈਤਿਕਤਾ ਦੇ ਸਿੱਖ-ਅਧਾਰਯੋਗਤਾ (competence), ਆਗਿਆਕਾਰੀ (sincerity) ਅਤੇ ਈਮਾਨਦਾਰੀ (honesty), ਵਰਤਮਾਨ ਵਿਚ ਸਿਖ-ਨੈਤਿਕਤਾ ਦੀ ਸਿਆਸਤ ਹੁੰਦੇ ਜਾ ਰਹੇ ਹਨ। ਇਸ ਨੂੰ ਇਤਿਹਾਸ ਦੇ ਹਵਾਲਿਆਂ ਨਾਲ ਢਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਉਤੇ ਪੰਥਕ ਸਿਆਸਤ ਦੀ ਲੇਬਲਿੰਗ ਕੀਤੀ ਜਾ ਰਹੀ ਹੈ। ਇਸ ਬਰੈਂਡ-ਸਿਆਸਤ ਨਾਲ ਬੰਧਕ-ਮਾਨਸਿਕਤਾ ਵਾਸਤੇ ਸਪੇਸ ਪੈਦਾ ਹੋ ਰਹੀ ਹੈ। ਇਸ ਨੂੰ ਬਾਣੀ ਦੀ ਇਸ ਚਾਬੀ ਨਾਲ ਖੋਲ੍ਹਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ:

ਪਰਮੇਸਰ ਤੇ ਭੁਲਿਆਂ ਵਿਆਪਨ ਸਭੇ ਰੋਗ॥

ਗਲਵੱਢਵੀਂ-ਸਿਆਸਤ ਵਿਚ ਅਸੀਂ ਵੱਢੀਖੋਰੀ-ਵਿਧੀਆਂ, ਦਿਲ-ਲਗਾਊ ਤੇ ਦਿਲ-ਲਭਾਊ ਵਾਅਦਿਆਂ ਵਿਚ ਵਹਿ ਕੇ ਸਿਖ-ਸਰੋਕਾਰਾਂ 'ਤੋਂ ਦੂਰ ਜਾਈ ਜਾ ਰਹੇ ਹਾਂ। ਇਸ ਨਾਲ ਦੋਗਲੀ-ਮਾਨਸਿਕਤਾ (ਜਿਨ ਮਨਿ ਹੋਰ ਮੁਖ ਹੋਰ ਸਿ ਕਾਢੇ ਕਚਿਆ) ਸਾਹਮਣੇ ਆ ਕੇ ਆਪਣਾ ਸਿੱਕਾ ਮੰਨਵਾਉਣ ਦੀ ਕੋਸ਼ਿਸ਼ ਕਰਨ ਲਗ ਪਈ ਹੈ। ਦੋਗਲੀ-ਮਾਨਸਿਕਤਾ ਜੋ ਕਹਿੰਦੀ ਹੈ, ਉਹ ਨਹੀਂ ਕਹਿ ਰਹੀ ਹੁੰਦੀ ਅਤੇ ਜੋ ਸੋਚਦੀ ਹੈ, ਉਹ ਨਹੀਂ ਸੋਚ ਰਹੀ ਹੁੰਦੀ। ਇਸੇ irrational fantasy ਵਿਚੋਂ glittering & self destructive illusions ਨੂੰ ਜਨਮ ਦੇ ਰਹੇ ਸਰੋਕਾਰ ਸਾਹਮਣੇ ਆ ਰਹੇ ਹਨ। ਇਹ ਬਖ਼ਸ਼ਿਸ਼ਾਂ ਦੇ ਚੁਫੇਰੇ ਫੈਲੇ ਦੁਖਾਂਤ ਨਾਲ ਟਕਰਾ ਜਾਣ ਵਾਲੇ ਰਾਹ ਪੈ ਗਏ ਹਨ। open society ਦੇ ਮੁਦਈ ਸਿੱਖ, close society ਵਲ ਤੁਰ ਪਏ ਹਨ। ਸਰਬਤ ਦੇ ਭਲੇ ਵਾਲੀ ਮਾਨਸਿਕਤਾ ਗੁਆਚਦੀ ਜਾ ਰਹੀ ਹੈ। ਆਤਮ ਚੀਨਣ ਦੀ ਲੋੜ ਹੀ ਮਹਿਸੂਸ ਨਹੀਂ ਹੋ ਰਹੀ।

ਪਰਸਪਰ-ਭਰੋਸਾ, ਖੁਆਰੀ ਦੇ ਰਾਹ ਪੈ ਗਿਆ ਹੈ। (ਖੁਆਰ ਹੋਏ ਸਭ ਮਿਲਹਿਗੇ) ਬਿਬੇਕੀ-ਬਦਲਾਵ ਦੀ ਰੀਝ ਮੁਰਝਾਈ ਜਾ ਰਹੀ ਹੈ। (ਦੀਜੈ ਬੁਧ ਬਿਬੇਕਾ)

**ਸਵਾਲ:**

1. ਇਤਿਹਾਸ ਨੂੰ ਕਿਸ ਲੀਹ ਤੇ ਉਸਾਰਿਆ ਗਿਆ ਹੈ?
2. ਇਤਿਹਾਸ ਕਿਹੋ ਜਿਹੀ ਨੈਤਿਕਤਾ ਨੂੰ ਪੈਦਾ ਕਰਦਾ ਹੈ?

### End of history & beyond history ਕੀ ਹੈ?

ਇਤਿਹਾਸ ਨੂੰ ਆਮ ਲੋਕਾਂ ਦਾ ਇਤਿਹਾਸ, ਖਾਸ ਲੋਕਾਂ ਦਾ ਇਤਿਹਾਸ ਅਤੇ ਕਿਸੇ ਵੀ ਸਮਕਾਲ ਦਾ ਇਤਿਹਾਸ (proper history) ਵਜੋਂ ਕਿਵੇਂ ਸਮਿਝਆ ਜਾ ਸਕਦਾ ਹੈ?

3. ਪ੍ਰਾਪਤ ਅੰਤਰਦ੍ਰਿਸ਼ਟੀਆਂ ਇਤਿਹਾਸ-ਮੁਕਤ ਸੋਚ ਵਲ ਵਧ ਰਹੀਆਂ ਹਨ ਅਤੇ futureoriented, emancipatory & democratising ਨੂੰ ਮੰਜ਼ਲ ਮੰਨ ਰਹੀਆਂ ਹਨ। ਇਸ ਦੇ ਆਧਾਰ ਸਿੱਖ-ਚਿੰਤਨ ਵਿਚ ਚੜ੍ਹਦੀ-ਕਲਾ, ਜੀਵਨਮੁਕਤ ਅਤੇ ਸਰਬੱਤ ਦਾ ਭਲਾ ਵਜੋਂ ਪ੍ਰਾਪਤ ਵੀ ਹਨ ਅਤੇ ਸਕਰਮਕ ਵੀ ਹਨ। ਸਖ-ਸੁਰ ਵਿਚ ਇਹ ਇਹ ਇਤਿਹਾਸ-ਸਿਰਜਣਾ ਵਲ ਸੇਧਤ ਵੀ ਹਨ ਅਤੇ ਇਤਿਹਾਸ-ਧਾਰਕ ਮਾਨਸਿਕਤਾ ਦੀਆਂ ਸਿਰਜਕ ਵੀ ਹਨ। ਇਸ ਸੁਰ ਨਾਲੋਂ ਵਿਛੁਨਿਆ ਹੋਇਆ ਇਤਿਹਾਸ ਭੂਤਮੁਖੀ-ਇਤਿਹਾਸ-ਪੂਜਕ-ਮਾਨਸਿਕਤਾ ਪੈਦਾ ਕਰਦਾ ਆਇਆ ਹੈ ਅਤੇ ਉਸ ਨਾਲ ਵਰਤਮਾਨ ਨੂੰ ਸੁਆਰ ਸਕਣ ਦਾ ਰਾਹ ਰੋਕਦਾ ਆਇਆ ਹੈ।

ਸਿੱਖ-ਇਤਿਹਾਸ ਨੂੰ ਸਿੱਖਾਂ ਵਲੋਂ ਇਕੋ ਤਰ੍ਹਾਂ ਵੇਖਿਆ ਜਾਂਦਾ ਰਿਹਾ ਹੈ ਅਤੇ ਉਹ ਹੈ ਸਿੱਖਾਂ ਦਾ ਸ਼ਾਨਾਮੱਤਾ ਇਤਿਹਾਸ। ਇਸ ਨਾਲ ਭਵਿੱਖ ਦੇ ਮੋਹ ਵਿਚ ਸਿੱਖਾਂ ਵੱਲੋਂ ਸਿੱਖਾਂ ਦਾ ਵਰਤਮਾਨ ਵਿਸਰਦਾ ਰਿਹਾ ਹੈ ਜਾਂ ਸਿਆਸਤ ਦਾ ਸ਼ਿਕਾਰ ਹੁੰਦਾ ਰਿਹਾ ਹੈ। ਵਰਤਮਾਨ ਦੀਆਂ ਵੰਗਾਰਾਂ ਨੂੰ ਸਿੱਖ, ਬੀਤ ਗਏ (ਇਤਿਹਾਸ) ਦੇ ਹਵਾਲੇ ਨਾਲ ਨਜਿੱਠਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਨਾਲ ਸਾਨੂੰ ਦੂਜਿਆਂ ਦੇ ਏਜੰਡੇ ਮੁਤਾਬਿਕ ਸੋਚਣਾ ਤੇ ਵਿਚਰਨਾ ਪੈਂਦਾ ਰਿਹਾ ਹੈ। ਇਥੋਂ ਤਕ ਕਿ ਸਾਨੂੰ, ਸਾਡਾ ਇਤਿਹਾਸ ਵੀ ਦੂਜੇ ਹੀ ਦਸਦੇ ਰਹੇ ਹਨ। ਇਸ ਹਾਲਤ ਵਿਚ ਆਪਣੇ ਇਤਿਹਾਸ ਨੂੰ ਆਪ ਲਿਖਣ ਦੀ ਕੋਸ਼ਿਸ਼ ਵੀ ਦੂਜਿਆਂ ਵੱਲੋਂ ਲਿਖੇ ਇਤਿਹਾਸ ਨੂੰ ਨਾਲ ਲੈ ਕੇ ਤੁਰਦੀ ਰਹੀ ਹੈ। ਭਾਈ ਰਤਨ ਸਿੰਘ ਭੰਗੂ ਦਾ 'ਪੰਥ ਪ੍ਰਕਾਸ਼' ਸ਼ਰਧਾ ਰਾਮ ਫਿਲੌਰੀ ਨੂੰ ਨਾਲ ਲੈ ਕੇ ਤੁਰਦਾ ਹੈ ਅਤੇ ਦੋਵੇਂ ਕਲੋਨੀਅਲ-ਏਜੰਡੇ ਨਾਲ ਜੁੜੇ ਰਹਿੰਦੇ ਹਨ। ਕਲੋਨੀਅਲ-ਏਜੰਡਾ, ਇਤਿਹਾਸ ਦੀ ਰੌਸ਼ਨੀ ਵਿਚ ਸਿੱਖੀ ਨੂੰ ਸਮਝਣ ਦੀ ਕੋਸ਼ਿਸ਼ ਸੀ ਅਤੇ ਇਸ ਵਿਚ ਸਿੱਖ-ਇਤਿਹਾਸ ਦੇ ਊਰਜਿਤ-ਸ੍ਰੋਤ ਗੁਰਬਾਣੀ ਦਾ ਕੋਈ ਦਖਲ ਨਹੀਂ ਸੀ। ਇਤਿਹਾਸ ਦੀਆਂ ਵਿਧੀਆਂ ਨੂੰ ਜੇ ਸ੍ਰੋਤ ਅਤੇ ਡੈਟਾ ਵਿਚੋਂ ਇਕ ਚੁਣਨਾ ਪਵੇ ਤਾਂ ਡੈਟਾ, ਸ੍ਰੋਤ ਨਾਲੋਂ ਪਹਿਲ ਪ੍ਰਾਪਤ ਕਰ ਲਵੇਗਾ। ਇਸ ਵਿਚੋਂ ਦੋ ਤਰ੍ਹਾਂ ਦੇ ਇਤਿਹਾਸਕਾਰ ਪੈਦਾ ਹੋਏ ਹਨ। ਪਹਿਲੇ, ਜੋ ਗੁਰਬਾਣੀ ਨਹੀਂ ਜਾਣਦੇ ਸਨ ਅਤੇ ਇਤਿਹਾਸਕਾਰੀ ਕਰਦੇ ਰਹੇ ਸਨ। ਦੂਜੇ, ਉਹ ਜੋ ਗੁਰਬਾਣੀ ਵੀ ਜਾਣਦੇ ਸਨ ਅਤੇ ਇਤਿਹਾਸਕਾਰੀ ਵੀ ਕਰਦੇ ਰਹੇ ਸਨ। ਇਹ ਦੋਵੇਂ ਰੰਗ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਇਸ ਨਾਲ ਇਕ ਪਾਸੇ ਸਿੱਖ-ਅਧਿਆਤਮ ਦੇ ਦਿੱਭ ਵਰਤਾਰੇ ਅੱਖੋਂ ਓਹਲੇ ਹੁੰਦੇ ਰਹੇ ਹਨ ਅਤੇ ਦੂਜੇ ਪਾਸੇ ਇਤਿਹਾਸਕ ਵਿਧੀਆਂ ਵਿਚ ਸਿੱਖ ਪਹੁੰਚ-ਵਿਧੀਆਂ ਦੀ ਸੁਤੰਤਰ ਸਥਾਪਤੀ ਦਾ ਰਾਹ ਰੁਕਦਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਜਿਹੋ ਜਿਹਾ ਸਿੱਖ-ਬਿਰਤਾਂਤ, ਸੋਹਣ ਸਿੰਘ ਸੀਤਲ ਦਾ 'ਦੁਖੀਏ ਮਾਂ ਪੁਤ', ਸੁਰਿੰਦਰ ਸਿੰਘ ਮੰਡ ਦਾ ਨਾਵਲ 'ਬੋਲ ਮਰਦਾਨਿਆਂ' ਅਤੇ ਬਲਦੇਵ ਸਿੰਘ ਸੜਕਨਾਮਾ ਦਾ ਨਾਵਲ 'ਪੰਜਵਾਂ ਸਾਹਿਬਜ਼ਾਦਾ' ਨਾਲ ਸਾਹਮਣੇ ਲਿਆਂਦਾ ਗਿਆ ਹੈ, ਉਹ ਕਿਸੇ ਵੀ ਸਥਾਪਤ ਸਿੱਖ-ਇਤਿਹਾਸਕਾਰੀ ਦੇ ਲੇਖਕ ਵਿਚੋਂ ਨਹੀਂ ਲੱਭਦਾ। ਇਨ੍ਹਾਂ ਤਿੰਨਾਂ ਪੁਸਤਕਾਂ ਨੂੰ ਪਾਰ-ਇਤਿਹਾਸਕ ਵਿਧੀ ਸਥਾਪਤ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ, ਹਾਲਾਂ ਕਿ ਇਨ੍ਹਾਂ ਤਿੰਨਾਂ ਪੁਸਤਕਾਂ ਨੂੰ ਵੀ ਗੁਰਬਾਣੀ ਦੀ ਵਿਧੀ ਵਿਚ ਨਹੀਂ ਲਿਖਿਆ ਗਿਆ। ਪਰ ਇਨ੍ਹਾਂ ਵਿਚ ਉਹ ਕੁਝ ਹੋ ਗਿਆ ਹੈ, ਜਿਸ ਦੀ ਗੱਲ ਕੀਤੀ ਜਾ ਰਹੀ ਹੈ।

ਲੋੜ ਇਹ ਸੋਚਣ ਦੀ ਹੈ ਕਿ ਕਿਹੜੇ ਕਾਰਨਾਂ ਕਰਕੇ ਸਿੱਖਾਂ ਦੇ ਚੇਤਿਆਂ ਅਤੇ ਚੇਤਨਾ ਵਿਚਕਾਰ ਤਣਾਉ ਪੈਦਾ ਹੁੰਦਾ ਜਾ ਰਿਹਾ ਹੈ।

ਚੇਤਿਆਂ ਦੀ ਪ੍ਰਤੀਨਿਧ ਸਿੱਖ-ਸਿਆਸਤ ਹੋ

# ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੈਨੇਡਾ ਦੀ ਨਵੀਂ ਕਲੀਨ ਇਲੈਕਟ੍ਰਿਸਿਟੀ ਰਣਨੀਤੀ ਦਾ ਐਲਾਨ



ਸਰੀ, (ਦਿਵਰੂਪ ਕੌਰ): ਕੈਨੇਡਾ ਵਿੱਚ ਬਿਜਲੀ ਦੀ ਮੰਗ ਵਿੱਚ ਹੋ ਰਹੇ ਲਗਾਤਾਰ ਇਜ਼ਾਫੇ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀਰਵਾਰ ਨੂੰ ਦੇਸ਼ ਦੀ ਨਵੀਂ ਕਲੀਨ ਇਲੈਕਟ੍ਰਿਸਿਟੀ ਰਣਨੀਤੀ ਦਾ ਐਲਾਨ ਕੀਤਾ ਹੈ। ਇਸ ਯੋਜਨਾ ਦਾ ਮੁੱਖ ਟੀਚਾ 2050 ਤੱਕ ਕੈਨੇਡਾ ਦੇ ਬਿਜਲੀ ਗਰਿੱਡ ਦੀ ਸਮਰੱਥਾ ਨੂੰ ਦੁੱਗਣਾ ਕਰਨਾ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਦੱਸਿਆ ਕਿ ਇਸ ਮੁਹਿੰਮ ਲਈ ਫੈਡਰਲ ਸਰਕਾਰ ਵੱਲੋਂ ਸੂਬਿਆਂ, ਖੇਤਰਾਂ, ਮੂਲ ਨਿਵਾਸੀ ਸਮੂਹਾਂ, ਯੂਟਿਲਿਟੀ ਕੰਪਨੀਆਂ ਅਤੇ ਯੂਨੀਅਨਾਂ ਨਾਲ ਮਿਲ ਕੇ ਵਿਚਾਰ ਵਟਾਂਦਰਾ ਸ਼ੁਰੂ ਕੀਤਾ ਜਾ ਰਿਹਾ ਹੈ।

ਕਾਰਨੀ ਨੇ ਕਿਹਾ ਕਿ ਆਉਣ ਵਾਲੇ ਦਹਾਕਿਆਂ ਵਿੱਚ ਕੈਨੇਡੀਅਨ ਲੋਕ ਬਿਜਲੀ ਦੀ ਜ਼ਿਆਦਾ ਵਰਤੋਂ ਕਰਨਗੇ ਕਿਉਂਕਿ ਕਾਰਾਂ, ਘਰਾਂ ਦੇ ਹੀਟਰ ਅਤੇ ਫੈਕਟਰੀਆਂ ਦੀਆਂ ਮਸ਼ੀਨਾਂ ਇਲੈਕਟ੍ਰਿਕ ਪਾਵਰ ਉੱਤੇ ਤਬਦੀਲ ਹੋ ਰਹੀਆਂ ਹਨ। ਇਸ ਮੰਗ ਨੂੰ ਪੂਰਾ ਕਰਨ ਲਈ ਗਰਿੱਡ ਨੂੰ ਦੁੱਗਣਾ ਕਰਨਾ ਸੌਖਾ ਨਹੀਂ ਹੋਵੇਗਾ। ਨਵੀਂ ਰਣਨੀਤੀ ਤਹਿਤ ਬਿਜਲੀ ਉਤਪਾਦਨ, ਟ੍ਰਾਂਸਮਿਸ਼ਨ, ਵੰਡ, ਸਟੋਰੇਜ ਅਤੇ ਗਰਿੱਡ ਦੇ ਆਧੁਨਿਕੀਕਰਨ ਲਈ ਬੁਨਿਆਦੀ ਢਾਂਚੇ ਉੱਤੇ ਨਿਵੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੂਰਬ, ਪੱਛਮ ਅਤੇ ਉੱਤਰ ਵਿੱਚ ਵੰਡੇ ਹੋਏ ਬਿਜਲੀ ਗਰਿੱਡਾਂ ਨੂੰ ਨਵੀਆਂ ਟ੍ਰਾਂਸਮਿਸ਼ਨ ਲਾਈਨਾਂ ਰਾਹੀਂ ਆਪਸ ਵਿੱਚ ਜੋੜਿਆ ਜਾਵੇਗਾ।

ਮੌਜੂਦਾ ਸਮੇਂ ਕੈਨੇਡਾ ਦਾ 80 ਫੀਸਦੀ ਸਿਸਟਮ ਗੈਰ ਨਿਕਾਸੀ ਵਾਲਾ ਹੈ ਅਤੇ ਇਸ ਨੂੰ ਦੁੱਗਣਾ ਕਰਨ ਲਈ ਸੂਬਾਈ ਪ੍ਰਣਾਲੀਆਂ ਨੂੰ ਜੋੜਨ ਦੀ ਅਹਿਮ ਲੋੜ ਹੈ। ਬਿਜਲੀ ਗਰਿੱਡ ਦੀ ਸਮਰੱਥਾ ਵਿੱਚ ਇਜ਼ਾਫਾ ਕਰਨ ਲਈ 2050 ਤੱਕ 130000 ਉੱਚ ਕੁਸ਼ਲ ਕਾਮਿਆਂ ਦੀ ਭਰਤੀ ਕੀਤੀ ਜਾਵੇਗੀ, ਜਿਨ੍ਹਾਂ ਵਿੱਚੋਂ 30000 ਨਵੀਆਂ ਨੌਕਰੀਆਂ 2028 ਤੱਕ ਪੈਦਾ ਹੋਣਗੀਆਂ। ਕੈਨੇਡਾ ਵਿੱਚ ਇਲੈਕਟ੍ਰਿਕ ਵਾਹਨਾਂ, ਡੇਟਾ ਸੈਂਟਰਾਂ ਅਤੇ ਰੱਖਿਆ ਉਦਯੋਗਿਕ ਉਤਪਾਦਨ ਕਾਰਨ ਬਿਜਲੀ ਦੀ ਮੰਗ ਵਿੱਚ ਤੇਜ਼ੀ ਆ ਰਹੀ ਹੈ। ਆਧੁਨਿਕ ਅਰਥਵਿਵਸਥਾ ਵਿੱਚ ਏਆਈ ਡੇਟਾ ਸੈਂਟਰਾਂ ਵਰਗੇ ਉੱਚ ਵਿਕਾਸ ਵਾਲੇ ਖੇਤਰ ਡਿਜ਼ੀਟਲ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਨਗੇ। ਇਹਨਾਂ ਖੇਤਰਾਂ ਨਾਲ ਉਤਪਾਦਕਤਾ ਵਿੱਚ ਲਾਭ ਮਿਲੇਗਾ ਅਤੇ ਵਪਾਰਕ ਮੁਕਾਬਲੇਬਾਜ਼ੀ ਵਿੱਚ ਸੁਧਾਰ ਹੋਵੇਗਾ, ਪਰ ਨਾਲ ਹੀ ਇਹਨਾਂ ਕਾਰਨ ਬਿਜਲੀ ਦੀ ਨਵੀਂ ਮੰਗ ਵੀ ਪੈਦਾ ਹੋਵੇਗੀ। ਇਸ ਤੋਂ ਇਲਾਵਾ ਨੁਨਾਵੁਤ ਸਮੇਤ ਕੁਝ ਦੂਰ ਦੁਰਾਡੇ ਦੇ ਭਾਈਚਾਰੇ ਅਜੇ ਵੀ ਬਿਜਲੀ ਲਈ ਡੀਜ਼ਲ ਉਤਪਾਦਨ ਉੱਤੇ ਨਿਰਭਰ ਹਨ। This report was written by Divroop Kaur as part of the Local Journalism Initiative.






# ਵਿੱਤੀ ਬੇਨਿਯਮੀਆਂ ਦੇ ਆਰੋਪਾਂ ਕਾਰਨ ਕ੍ਰਿਕਟ ਕੈਨੇਡਾ ਦੀ ਫੰਡਿੰਗ ਮੁਅੱਤਲ




ਸਰੀ, (ਦਿਵਰੂਪ ਕੌਰ): ਕ੍ਰਿਕਟ ਕੈਨੇਡਾ ਨੂੰ ਇਸ ਹਫਤੇ ਉਸ ਸਮੇਂ ਇੱਕ ਭਾਰੀ ਝਟਕਾ ਲੱਗਾ ਜਦੋਂ ਖੇਡ ਦੀ ਨਿਗਰਾਨੀ ਕਰਨ ਵਾਲੀ ਅੰਤਰਰਾਸ਼ਟਰੀ ਸੰਸਥਾ ਨੇ ਸੰਗਠਨ ਦੀ ਫੰਡਿੰਗ ਉੱਤੇ ਰੋਕ ਲਗਾ ਦਿੱਤੀ। ਦੁਬਈ ਸਥਿਤ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈਸੀਸੀ) ਨੇ ਕ੍ਰਿਕਟ ਕੈਨੇਡਾ ਦੀ ਸਾਲਾਨਾ ਜਨਰਲ ਮੀਟਿੰਗ ਅਤੇ ਨਵੇਂ ਬੋਰਡ ਦੀ ਚੋਣ ਤੋਂ ਦੋ ਦਿਨ ਬਾਅਦ ਸੋਮਵਾਰ ਨੂੰ ਇਹ ਨੋਟਿਸ ਜਾਰੀ ਕੀਤਾ ਹੈ।

ਇਹ ਕਦਮ ਪਿਛਲੇ ਮਹੀਨੇ ਪ੍ਰਕਾਸ਼ਿਤ ਹੋਈ ਇੱਕ ਜਾਂਚ ਤੋਂ ਬਾਅਦ ਚੁੱਕਿਆ ਗਿਆ ਹੈ ਜਿਸ ਵਿੱਚ ਕ੍ਰਿਕਟ ਕੈਨੇਡਾ ਦੀਆਂ ਪ੍ਰਮੁੱਖ ਹਸਤੀਆਂ ਵੱਲੋਂ ਭ੍ਰਿਸ਼ਟਾਚਾਰ, ਵਿੱਤੀ ਬੇਨਿਯਮੀਆਂ ਅਤੇ ਮੈਚਾਂ ਦੇ ਕੁਝ ਹਿੱਸਿਆਂ ਨੂੰ ਫਿਕਸ ਕਰਨ ਦੇ ਆਰੋਪ ਲਗਾਏ ਗਏ ਸਨ। ਹਾਲਾਂਕਿ ਆਰੋਪੀਆਂ ਨੇ ਇਹਨਾਂ ਆਰੋਪਾਂ ਤੋਂ ਇਨਕਾਰ ਕੀਤਾ ਹੈ। ਆਈਸੀਸੀ ਨੇ ਕ੍ਰਿਕਟ ਕੈਨੇਡਾ ਦੇ ਬੋਰਡ ਨੂੰ ਸਪੱਸ਼ਟ ਕੀਤਾ ਹੈ ਕਿ ਉਸ ਕੋਲ ਕਈ ਮੁੱਦਿਆਂ ਨੂੰ ਹੱਲ ਕਰਨ ਲਈ 6 ਮਹੀਨਿਆਂ ਦਾ ਸਮਾਂ ਹੈ, ਨਹੀਂ ਤਾਂ ਫੰਡਿੰਗ ਸਥਾਈ ਤੌਰ 'ਤੇ ਖਤਮ ਕਰ ਦਿੱਤੀ ਜਾਵੇਗੀ। ਕ੍ਰਿਕਟ ਕੈਨੇਡਾ ਆਪਣੀ ਜ਼ਿਆਦਾਤਰ ਫੰਡਿੰਗ ਆਈਸੀਸੀ ਤੋਂ ਪ੍ਰਾਪਤ ਕਰਦਾ ਹੈ। ਆਪਣੀ 2024 ਦੀ ਵਿੱਤੀ ਰਿਪੋਰਟ ਵਿੱਚ ਸੰਗਠਨ ਨੇ ਦੱਸਿਆ ਕਿ ਉਸਨੂੰ ਆਈਸੀਸੀ ਤੋਂ 3.6 ਮਿਲੀਅਨ ਡਾਲਰ ਮਿਲੇ ਸਨ, ਜੋ ਉਸ ਸਾਲ ਦੀ ਆਮਦਨ ਦਾ 63 ਫੀਸਦੀ ਬਣਦਾ ਹੈ।

ਕ੍ਰਿਕਟ ਕੈਨੇਡਾ ਦੇ ਮੀਡੀਆ ਮੈਨੇਜਰ ਜਿੰਮੀ ਸ਼ਰਮਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਮੌਜੂਦਾ ਬੋਰਡ ਨੂੰ ਇਹ ਸਮੱਸਿਆਵਾਂ ਵਿਰਾਸਤ ਵਿੱਚ ਮਿਲੀਆਂ ਹਨ ਅਤੇ ਉਹ ਪ੍ਰਸ਼ਾਸਨ ਅਤੇ ਵਿੱਤੀ ਨਿਯੰਤਰਣ ਦੀਆਂ ਕਮੀਆਂ ਨੂੰ ਹੱਲ ਕਰਨ ਲਈ ਵਚਨਬੱਧ ਹੈ। ਬਰੈਂਪਟਨ ਵਿੱਚ ਬੁੱਧਵਾਰ ਨੂੰ ਇੱਕ ਪ੍ਰੋਗਰਾਮ ਦੌਰਾਨ ਨਵੇਂ ਚੁਣੇ ਗਏ ਉਪ ਪ੍ਰਧਾਨ ਰਣਜੀਤ ਚੌਧਰੀ ਨੇ ਕਿਹਾ ਕਿ ਉਨ੍ਹਾਂ ਨੂੰ ਆਈਸੀਸੀ ਦੇ ਪੱਤਰ ਬਾਰੇ ਜਾਣਕਾਰੀ ਸੀ, ਪਰ ਉਨ੍ਹਾਂ ਨੇ ਇਸਨੂੰ ਦੇਖਿਆ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨਿਕ ਮੁੱਦੇ ਜ਼ਰੂਰ ਸਨ ਪਰ ਵਿੱਤੀ ਗੜਬੜੀ ਨਹੀਂ ਸੀ ਸਗੋਂ ਖਾਤਿਆਂ ਦਾ ਸਹੀ ਢੰਗ ਨਾਲ ਪ੍ਰਬੰਧ ਨਹੀਂ ਕੀਤਾ ਗਿਆ ਸੀ।

ਆਈਸੀਸੀ ਵੱਲੋਂ ਫੰਡਿੰਗ ਰੋਕਣ ਦਾ ਅਹਿਮ ਕਾਰਨ ਨੀਤੀਆਂ ਦੀ ਉਲੰਘਣਾ, ਪ੍ਰਸ਼ਾਸਨਿਕ ਚਿੰਤਾਵਾਂ ਅਤੇ ਵਿੱਤੀ ਨਿਗਰਾਨੀ ਦੀ ਘਾਟ ਹੈ। ਆਈਸੀਸੀ ਅਨੁਸਾਰ ਕ੍ਰਿਕਟ ਕੈਨੇਡਾ ਨੇ ਗਲਤ ਅਤੇ ਅਧੂਰੀ ਬਜਟ ਜਾਣਕਾਰੀ ਪੇਸ਼ ਕੀਤੀ ਅਤੇ ਇਹ ਵੀ ਸੁਝਾਅ ਦਿੱਤਾ ਕਿ ਉਸਨੂੰ ਅਜੇ ਵੀ ਸਪੋਰਟ ਕੈਨੇਡਾ ਤੋਂ ਫੰਡ ਮਿਲ ਰਹੇ ਹਨ, ਜਦਕਿ ਇਹ ਪੈਸਾ ਬੰਦ ਹੋ ਚੁੱਕਾ ਹੈ। ਆਈਸੀਸੀ ਨੇ ਇਹ ਵੀ ਦੱਸਿਆ ਕਿ ਕ੍ਰਿਕਟ ਕੈਨੇਡਾ ਨੇ ਆਪਣੀ ਕਾਨੂੰਨੀ ਫੀਸ 25000 ਡਾਲਰ ਤੋਂ ਘੱਟ ਦੱਸੀ ਸੀ ਪਰ ਬ੍ਰਿਟਿਸ਼ ਕੋਲੰਬੀਆ ਅਦਾਲਤ ਦੇ ਤਾਜ਼ਾ ਫੈਸਲੇ ਤੋਂ ਪਤਾ ਲੱਗਾ ਹੈ ਕਿ ਇਹ ਅੰਕੜਾ 460000 ਡਾਲਰ ਦੇ ਕਰੀਬ ਹੋ ਸਕਦਾ ਹੈ।

idea immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com



ਕੈਨੇਡਾ ਵਿੱਚ
ਨਵੇਂ ਹੋ?

ਕੈਨੇਡਾ ਵਿੱਚ ਜੀਵਨ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ। ਭਾਵੇਂ ਤੁਸੀਂ ਕੁਝ ਮਹੀਨਿਆਂ ਤੋਂ ਜਾਂ ਕੁਝ ਸਾਲਾਂ ਤੋਂ ਇੱਥੇ ਰਹਿ ਰਹੇ ਹੋ, ਕੈਨੇਡਾ ਵਿੱਚ ਸਫਲ ਜੀਵਨ ਬਣਾਉਣ ਦੇ ਦੌਰਾਨ ਦੋਸਤਾਨਾ ਅਤੇ ਤਜਰਬੇਕਾਰ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ।

ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ
- ਨੌਕਰੀ ਲੱਭਣ ਵਿੱਚ
- ਤੁਹਾਡੀ ਅੰਗਰੇਜ਼ੀ ਜਾਂ ਫ੍ਰੈਂਚ ਨੂੰ ਬਿਹਤਰ ਬਣਾਉਣ ਲਈ ਭਾਸ਼ਾ ਦੀ ਸਿਖਲਾਈ ਪ੍ਰਾਪਤ ਕਰਨ ਵਿੱਚ
- ਲੋਕਾਂ ਨੂੰ ਮਿਲਣ ਅਤੇ ਆਪਣੇ ਸਥਾਨਕ ਭਾਈਚਾਰੇ ਨਾਲ ਜੁੜਨ ਵਿੱਚ
- ਸੈਟਲਮੇਂਟ ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਇਲਡ ਕੇਅਰ ਅਤੇ ਆਵਾਜਾਈ ਦਾ ਪਤਾ ਲਗਾਉਣ ਵਿੱਚ

IRCC 3959



ਆਪਣੇ ਨੇੜੇ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਲੱਭਣ ਲਈ Canada.ca/newcomer-Punjabi 'ਤੇ ਜਾਓ।

Immigration, Refugees and Citizenship Canada | Immigration, Réfugiés et Citoyenneté Canada
Canada



# ਕਿੰਨਾ ਕੁ ਹੈ ਤੁਹਾਡਾ ਆਤਮ-ਵਿਸ਼ਵਾਸ?

ਲੇਖਕ : ਗੁਰਅਵਤਾਰ ਸਿੰਘ,
ਮੋਬਾਈਲ : 78146-07700

ਕਈ ਵਾਰ ਸਮਰੱਥਾ ਹੋਣ ਦੇ ਬਾਵਜੂਦ ਅਸੀਂ ਕਿਸੇ ਵੱਡੇ ਕੰਮ ਨੂੰ ਹੱਥ ਪਾਉਣ ਤੋਂ ਡਰਦੇ ਹਾਂ ਕਿਉਂਕਿ ਅਸੀਂ ਆਤਮ-ਵਿਸ਼ਵਾਸੀ ਨਹੀਂ ਹੁੰਦੇ। ਕਈ ਵਾਰ ਕਾਬਲ ਵਿਅਕਤੀਆਂ ਨਾਲੋਂ ਘੱਟ ਕਾਬਲੀਅਤ ਵਾਲੇ ਲੋਕ ਅੱਗੇ ਨਿਕਲ ਜਾਂਦੇ ਹਨ ਕਿਉਂਕਿ ਉਹ ਆਤਮ-ਵਿਸ਼ਵਾਸੀ ਹੁੰਦੇ ਹਨ। ਬਹੁਤੇ ਸਾਹਿਤਕਾਰ ਕਹਿੰਦੇ ਹਨ ਕਿ ਲਿਖਣ ਵਾਲੀ ਕਲਾ ਪਰਮਾਤਮਾ ਦੀ ਦੇਣ ਭਾਵ ਗੌਡ ਗਿਫ਼ਟ ਹੁੰਦੀ ਹੈ।

ਪਰ ਮੇਰਾ ਮੰਨਣਾ ਹੈ ਕਿ ਬਿਨਾਂ ਆਤਮ-ਵਿਸ਼ਵਾਸ ਤੋਂ ਗੌਡ ਗਿਫਟ ਵੀ ਕਿਧਰੇ ਗੁਆਚ ਹੀ ਜਾਂਦਾ ਹੈ। ਦੁਨੀਆ 'ਚ ਐਸੇ ਹੀਰੇ ਪਏ ਹਨ, ਜਿਹੜੇ ਆਤਮ-ਵਿਸ਼ਵਾਸ ਦੀ ਘਾਟ ਕਾਰਨ ਚਮਕ ਨਹੀਂ ਸਕੇ। ਹਰ ਖੇਤਰ ਵਿਚ ਜਾਂ ਕਹਿ ਲਓ ਹਰ ਛੋਟੀ ਤੋਂ ਛੋਟੀ ਗੱਲ ਵਿਚ ਸਾਨੂੰ ਆਤਮ-ਵਿਸ਼ਵਾਸ ਦੀ ਲੋੜ ਪੈਂਦੀ ਹੈ। ਬਹੁਤੇ ਸੱਜਣ ਹਮੇਸ਼ਾ ਆਪਣੇ-ਆਪ ਨੂੰ ਘਟਾ ਕੇ ਦੇਖਦੇ ਹਨ। ਦੂਜਿਆਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਨਕਲ ਕਰਨ ਲੱਗ ਜਾਂਦੇ ਹਨ ਜੋ ਕਿ ਬਹੁਤ ਖ਼ਤਰਨਾਕ ਹੁੰਦੀ ਹੈ।

ਹਰ ਵਿਅਕਤੀ ਆਪਣੇ-ਆਪ ਵਿਚ ਅਦਭੁਤ ਤੇ ਅਨੋਖਾ ਹੈ। ਕੁਦਰਤ ਨੇ ਸਾਨੂੰ ਬਹੁਤ ਵਧੀਆ ਢੰਗ ਨਾਲ ਤਰਾਸ਼ਿਆ ਹੈ। ਸਾਡਾ ਤੁਰਨ ਦਾ, ਬੋਲਣ ਦਾ, ਸੋਚਣ ਦਾ ਆਪਣਾ ਮੌਲਿਕ ਢੰਗ ਹੁੰਦਾ ਹੈ, ਜਿਹੜਾ ਕਿ ਬਹੁਤ ਵਧੀਆ ਹੁੰਦਾ ਹੈ। ਪ੍ਰੰਤੂ ਬਹੁਤ ਘੱਟ ਲੋਕ ਇਸ ਨੂੰ ਸਮਝਦੇ ਹਨ। ਇਕ ਗੱਲ ਯਾਦ ਰੱਖੋ ਕਿ ਅਸੀਂ ਕਿਸੇ ਦੀ ਨਕਲ ਬਹੁਤਾ ਚਿਰ ਨਹੀਂ ਕਰ ਸਕਦੇ। ਸਾਨੂੰ ਆਪਣੀ ਹੀ ਸ਼ੈਲੀ ਵਿਕਸਿਤ ਕਰਨੀ ਚਾਹੀਦੀ ਹੈ। ਕਿਸੇ ਦੀ ਸ਼ੈਲੀ ਬਹੁਤਾ ਚਿਰ ਰਹਿੰਦੀ ਨਹੀਂ ਆਪਣੀ ਵਿਕਸਿਤ ਨਹੀਂ ਕਰਦੇ, ਇਸ ਕਰਕੇ ਸਾਡੀ ਸ਼ਖ਼ਸੀਅਤ ਅਧੂਰੀ ਰਹਿ ਜਾਂਦੀ ਹੈ।

ਲੜਖੜਾਹਟ, ਦੁਬਿਧਾ ਅਤੇ ਢਿਲਮੱਠ ਵਾਲੇ ਸੁਭਾਅ ਦੇ ਕਾਰਨ ਸ਼ਾਨਦਾਰ ਤੋਂ ਸ਼ਾਨਦਾਰ ਦਿਮਾਗ਼ ਦਾ ਵੀ ਨਾਸ਼ ਹੋ ਜਾਂਦਾ ਹੈ। ਜੀਵਨ-ਸਾਗਰ ਦੇ ਤੱਟਾਂ ਅਤੇ ਰੇਤਲੇ ਟਿੱਬਿਆਂ ਉਤੇ ਅਜਿਹੇ ਜਹਾਜ਼ ਵੀ ਦਿਖਾਈ ਦਿੰਦੇ ਹਨ, ਜੋ, ਦੇਖਣ ਵਿਚ ਉੱਤਮ ਕੁਆਲਿਟੀ ਦੇ ਅਤੇ ਠੋਸ ਸਮੱਗਰੀ ਨਾਲ ਬਣੇ ਲਗਦੇ ਹਨ ਪ੍ਰੰਤੂ ਸੱਚਾਈ ਇਹ ਹੈ ਕਿ ਧਾਰਾ ਵਿਚ ਵਹਿਣ ਦੀ ਉਨ੍ਹਾਂ ਵਿਚ ਬਿਲਕੁਲ ਵੀ ਸ਼ਕਤੀ ਨਹੀਂ ਹੁੰਦੀ।

ਕੋਈ ਵਿਚਾਰਾਂ ਦੇ ਜਾਲ ਵਿਚ ਫਸ ਗਿਆ ਤੇ ਕੋਈ ਕਲਪਨਾ ਦੇ ਜਾਲ ਵਿਚ ਉਲਝ ਗਿਆ ਜਾਂ ਕੋਈ ਮ੍ਰਿਗਤ੍ਰਿਸ਼ਨਾ ਦੇ ਰੇਤ ਵਿਚ ਫਸ ਗਿਆ। ਪੁਰਾਣੇ ਦਾਰਸ਼ਨਿਕ ਕਿਹਾ ਕਰਦੇ ਸਨ ਕਿ ਆਪਣੇ-ਆਪ ਦੀ ਪਹਿਚਾਣ ਕਰੋ। ਹਰ ਵਿਅਕਤੀ ਵਿਚ ਕੋਈ ਨਾ ਕੋਈ ਵਿਸ਼ੇਸ਼ ਗੁਣ ਜ਼ਰੂਰ ਹੁੰਦਾ ਹੈ। ਆਪਣੇ-ਆਪ ਦੀ ਪਹਿਚਾਣ ਕਰਕੇ ਸਾਨੂੰ ਕਿਸੇ ਨਾ ਕਿਸੇ ਖੇਤਰ ਵਿਚ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਮੁੱਢ ਵਿਚ (ਸ਼ੁਰੂ ਵਿਚ) ਹਰ ਕੰਮ ਗੁੰਝਲਦਾਰ ਅਤੇ ਮੁਸ਼ਕਿਲ ਲਗਦਾ ਹੈ ਕਿਉਂਕਿ ਸਾਡੇ ਕੋਲ ਉਸ ਕੰਮ ਨੂੰ ਕਰਨ ਦਾ ਅਭਿਆਸ ਨਹੀਂ ਹੁੰਦਾ ਪਰ ਯਤਨ ਕਰਨ ਨਾਲ ਅਸੀਂ ਆਪਣਾ ਨਿਸ਼ਾਨਾ ਹੀ ਪ੍ਰਾਪਤ ਨਹੀਂ ਕਰਦੇ, ਬਹੁਤ ਕੁਝ ਹੋਰ ਕਰਨ ਦੇ ਯੋਗ ਵੀ ਹੋ ਜਾਂਦੇ ਹਾਂ। ਕਿਸੇ ਵੀ ਮਹਾਨ ਤੋਂ ਮਹਾਨ ਕੰਮ ਦਾ ਆਰੰਭ ਸਾਡੇ ਤੋਂ ਹੁੰਦਾ ਹੈ। ਕੰਮ ਕਰਨ ਸਮੇਂ ਸਾਡਾ ਕੰਮ ਵਿਚ ਬਣੇ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ।

ਕਈ ਲੇਖਕਾਂ ਨੇ ਆਪਣੀ ਪਹਿਲੀ ਕਿਤਾਬ ਏਨੀ ਵਧੀਆ ਲਿਖੀ ਕਿ ਉਹ ਅਮਰ ਹੋ ਗਏ। ਲੇਖਕ 'ਅਰਨੈਸਟ ਹੈਮਿੰਗਵੇ' ਨੇ ਆਪਣੀ ਪਹਿਲੀ ਕਿਤਾਬ 'ਬੁੱਢਾ ਤੇ ਸਮੁੰਦਰ' ਲਿਖੀ ਜਿਸ ਨੂੰ ਨੋਬਲ ਪੁਰਸਕਾਰ ਮਿਲਿਆ। ਰੂਸ ਦੇ ਲੇਖਕ ਰਸੂਲ ਹਮਜ਼ਾਤੋਜ਼ ਨੂੰ ਕਿਸੇ ਰਸਾਲੇ ਦੇ ਸੰਪਾਦਕ ਨੇ ਸੀਮਤ ਸਮੇਂ ਵਿਚ ਦਾਗ਼ਿਸਤਾਨ ਬਾਰੇ ਲਿਖਣ ਲਈ ਕਿਹਾ। ਰਸੂਲ ਨੇ ਜਵਾਬ ਦੇ ਦਿੱਤਾ। ਕਿਉਂਕਿ ਇਕ ਤਾਂ ਉਸ ਨੂੰ ਸਮਾਂ ਨਹੀਂ ਮਿਲਿਆ, ਦੂਸਰਾ ਉਦੋਂ ਤੱਕ ਉਸ ਨੇ ਕਵਿਤਾਵਾਂ ਹੀ ਲਿਖੀਆਂ ਸਨ। ਵਾਰਤਕ ਦਾ ਉਸ ਨੂੰ ਕੋਈ ਤਜਰਬਾ ਨਹੀਂ ਸੀ।

> “ ਸਿਕੰਦਰ ਜਦੋਂ ਗੱਦੀ ਉਤੇ ਬੈਠਿਆ ਤਾਂ ਉਸ ਦੀ ਉਮਰ ਸਿਰਫ਼ 20 ਸਾਲਾਂ ਦੀ ਸੀ ਅਤੇ 33 ਸਾਲ ਦੀ ਉਮਰ ਵਿਚ ਹੀ ਉਸ ਦੀ ਮੌਤ ਹੋ ਗਈ, ਪਰ ਮੌਤ ਹੋਣ ਤੱਕ ਉਹ ਸੰਸਾਰ ਦੇ ਜ਼ਿਆਦਾਤਰ ਹਿੱਸੇ ਨੂੰ ਜਿੱਤ ਚੁੱਕਾ ਸੀ। ਆਤਮ-ਵਿਸ਼ਵਾਸ ਦੀ ਉਸ ਨੇ ਐਸੀ ਉਦਾਹਰਣ ਦਿੱਤੀ ਜਿਸਦੀ ਮਿਸਾਲ ਅੱਜ ਵੀ ਕਾਇਮ ਹੈ। ”

ਸੰਪਾਦਕ ਨੇ ਉਸ ਨੂੰ ਫਿਰ ਫੋਨ ਕੀਤਾ ਤੇ ਕਿਹਾ, 'ਰਸੂਲ ਜੇਕਰ ਤੇਰੇ ਕੋਲ ਸਮਾਂ ਨਹੀਂ ਹੈ ਤਾਂ ਮੈਂ ਤੇਰੇ ਕੋਲ ਆਪਣਾ ਬੰਦਾ ਭੇਜ ਦਿੰਦਾ ਹਾਂ, ਤੂੰ ਉਸ ਨੂੰ ਕੁਝ ਵਿਚਾਰ ਨੋਟ ਕਰਵਾ ਦੇ, ਬਾਕੀ ਕੰਮ ਅਸੀਂ ਕਰ ਲਵਾਂਗੇ।'

ਰਸੂਲ ਬੜਾ ਆਤਮ-ਵਿਸ਼ਵਾਸੀ ਸੀ, ਰਸੂਲ ਨੇ ਕਿਹਾ, 'ਜੇਕਰ ਮੇਰੇ ਪਿੰਡੇ 'ਤੇ ਖੁਰਕ ਹੋ ਰਹੀ ਹੈ ਤਾਂ ਮੇਰੇ ਨਾਲੋਂ ਵਧੀਆ ਕੋਈ ਨਹੀਂ ਖੁਰਕ ਸਕਦਾ।'

ਅਖੀਰ ਰਸੂਲ ਨੇ ਲਿਖਣਾ ਸ਼ੁਰੂ ਕੀਤਾ। ਬਾਅਦ 'ਚ ਉਸ ਨੇ ਪੂਰੀ ਕਿਤਾਬ ਹੀ ਲਿਖ ਦਿੱਤੀ। ਕਿਤਾਬ ਦਾ ਨਾਂਅ ਸੀ 'ਮੇਰਾ ਦਾਗ਼ਿਸਤਾਨ' ਜਿਹੜੀ ਕਿ ਪੂਰੀ ਦੁਨੀਆ ਵਿਚ ਮਸ਼ਹੂਰ ਹੋਈ।

ਆਤਮ-ਵਿਸ਼ਵਾਸ ਦੀ ਘਾਟ ਕਾਰਨ ਅਸੀਂ ਉਹ ਕੰਮ ਵੀ ਸ਼ੁਰੂ ਨਹੀਂ ਕਰ ਪਾਉਂਦੇ, ਜਿਸ ਨੂੰ ਕਰਨ ਦੀ ਸਮਰੱਥਾ ਸਾਡੇ ਵਿਚ ਹੁੰਦੀ ਹੈ। ਮੇਰਾ ਮੰਨਣਾ ਹੈ ਕਿ ਜੇ ਤੁਹਾਡੇ ਮਨ ਵਿਚ ਆਪਣੀ ਮਹੱਤਵਕਾਂਖਿਆ ਖ਼ੂਬ ਸਪੱਸ਼ਟ ਹੈ, ਤਾਂ ਆਪਣੇ ਟੀਚੇ ਉਤੇ ਆਪਣਾ ਧਿਆਨ ਇਕਾਗਰ ਕਰੋ ਅਤੇ ਆਤਮ-ਵਿਸ਼ਵਾਸ ਦੀ ਜ਼ਮੀਨ ਉਤੇ ਖੜ੍ਹੇ ਹੋ ਕੇ ਆਪਣੀਆਂ ਕੁੱਲ ਯੋਗਤਾਵਾਂ ਨਾਲ ਉਸ ਨੂੰ ਪ੍ਰਾਪਤ ਕਰੋ ਫਿਰ ਤੁਹਾਡੀਆਂ ਪ੍ਰਾਪਤੀਆਂ ਦੇਖ ਕੇ ਸਮਾਜ ਦੰਗ ਰਹਿ ਜਾਵੇਗਾ। ਕਿਸੇ ਵੀ ਖੇਤਰ ਵਿਚ ਕਾਮਯਾਬ ਹੋਣ ਲਈ ਤਿੰਨ ਗੱਲਾਂ ਦਾ ਹੋਣਾ ਜ਼ਰੂਰੀ ਹੈ, ਪਹਿਲੀ ਇੱਛਾ ਸ਼ਕਤੀ, ਦੂਜਾ ਦ੍ਰਿੜ੍ਹ ਆਤਮ-ਵਿਸ਼ਵਾਸ ਅਤੇ ਤੀਜਾ ਲਗਾਤਾਰ ਮਿਹਨਤ। ਕਹਿੰਦੇ ਹਨ ਕਿ ਤੁਸੀਂ ਸਫਲ ਹੋਵੋ ਜਾਂ ਨਾ ਹੋਵੋ, ਪ੍ਰੰਤੂ ਸਫਲ ਹੋਣ ਲਈ ਪੂਰਾ ਯਤਨ ਕਰਨ ਵਿਚ ਜ਼ਰੂਰ ਸਫਲ ਹੋਵੋ।

ਸਿਰਫ ਤੇ ਸਿਰਫ਼ ਗਿਆਨ ਹਾਸਿਲ ਕਰ ਲੈਣਾ ਹੀ ਕਾਫ਼ੀ ਨਹੀਂ ਹੁੰਦਾ। ਗਿਆਨ ਦਾ ਇਸਤੇਮਾਲ ਕਰਨਾ ਵੀ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਸਾਡੇ ਲਈ ਗਿਆਨ ਹੀ ਬੋਝ ਬਣ ਜਾਂਦਾ ਹੈ। ਅਮਲ ਤੋਂ ਬਿਨਾਂ ਤਾਂ ਗਿਆਨ ਸਿਰਫ਼ ਉਵੇਂ ਹੈ, ਜਿਵੇਂ ਅਸੀਂ ਪਾਣੀ ਵਿਚ ਤੈਰਨ ਸੰਬੰਧੀ ਸਾਰੇ ਸ਼ਾਸਤਰ ਪੜ੍ਹ ਲਈਏ ਕਿ ਕਿਵੇਂ ਲੱਤਾਂ ਮਾਰਨੀਆਂ ਹਨ, ਕਿਸ ਤਰ੍ਹਾਂ ਬਾਹਾਂ ਮਾਰਨੀਆਂ ਹਨ, ਪਰ ਪਾਣੀ ਵਿਚ ਕਦੇ ਉਤਰੇ ਨਾ ਹੋਈਏ, ਤਾਂ ਅਸੀਂ ਤੈਰਨਾ ਨਹੀਂ ਸਿੱਖ ਸਕਦੇ।

ਦੁਨੀਆ ਵਿਚ ਬਹੁਤੇ ਲੋਕ ਇਸ ਤਰ੍ਹਾਂ ਦੇ ਹਨ, ਜਿਹੜੇ ਆਤਮ-ਵਿਸ਼ਵਾਸ ਦੀ ਘਾਟ ਕਾਰਨ ਕੋਈ ਕੰਮ ਸ਼ੁਰੂ ਨਹੀਂ ਕਰ ਪਾਉਂਦੇ। ਮੇਰਾ ਇਕ ਦੋਸਤ ਹੈ ਉਸ ਦੀ ਉਮਰ 48 ਸਾਲ ਹੈ।

ਉਸ ਨੇ ਏਨੀ ਉਮਰ ਇਹ ਸੋਚਦਿਆਂ ਲੰਘਾ ਲਈ ਕਿ ਮੈਂ ਕਿਹੜਾ ਕੰਮ ਕਰਾਂ। ਉਹ ਜਦੋਂ ਵੀ ਕਿਸੇ ਕੰਮ ਬਾਰੇ ਸੋਚਦਾ ਤਾਂ ਆਤਮ-ਵਿਸ਼ਵਾਸ ਦੀ ਘਾਟ ਕਾਰਨ ਉਸ ਦੇ ਮਨ ਵਿਚ ਨਕਾਰਾਤਮਿਕ ਵਿਚਾਰ ਪਹਿਲਾਂ ਆ ਜਾਂਦੇ ਹਨ। ਉਸ ਨੇ ਮੇਰੇ ਨਾਲ ਕਈ ਕੰਮਾਂ ਬਾਰੇ ਵਿਚਾਰ ਚਰਚਾ ਕੀਤੀ ਹੈ। ਜਦੋਂ ਮੈਂ ਉਸ ਨੂੰ ਕਿਸੇ ਕੰਮ ਬਾਰੇ ਪ੍ਰੇਰਦਾ ਹਾਂ, ਫਿਰ ਉਹ ਉਸ ਕੰਮ ਬਾਰੇ ਸਰਵੇ ਸ਼ੁਰੂ ਕਰ ਦਿੰਦਾ ਹੈ।

ਕਾਫ਼ੀ ਮਿਹਨਤ ਤੋਂ ਬਾਅਦ ਉਸ ਕੋਲ ਇਕੱਲਾ ਸਰਵੇ ਹੀ ਰਹਿ ਜਾਂਦਾ ਹੈ, ਕੰਮ ਫਿਰ ਵੀ ਸ਼ੁਰੂ ਨਹੀਂ ਹੁੰਦਾ। ਕਰਨ ਲਈ ਕੰਮਾਂ ਦੀ ਘਾਟ ਨਹੀਂ ਹੈ, ਜਿਥੇ ਅਸੀਂ ਰਹਿੰਦੇ ਹਾਂ ਉਸ ਦੇ ਆਲੇ-ਦੁਆਲੇ ਹੀ ਬਹੁਤ ਕੰਮ ਹਨ। ਬਸ, ਆਤਮ-ਵਿਸ਼ਵਾਸ ਦੀ ਘਾਟ ਹੀ ਸਾਨੂੰ ਮਾਰਦੀ ਹੈ। ਜਿਨ੍ਹਾਂ ਨੇ ਕੁਝ ਕਰਨਾ ਹੁੰਦਾ ਹੈ, ਉਹ ਛੋਟੀ ਉਮਰ ਵਿਚ ਹੀ ਕੋਈ ਨਾ ਕੋਈ ਖੇਤਰ ਚੁਣ ਲੈਂਦੇ ਹਨ।

ਆਤਮ-ਵਿਸ਼ਵਾਸ ਦੇ ਲਈ ਉਮਰ ਕੋਈ ਨਿਯਮ ਨਹੀਂ, ਜਦੋਂ ਵੀ ਮਨੁੱਖ ਆਤਮ-ਵਿਸ਼ਵਾਸ ਨਾਲ ਭਰ ਜਾਵੇ ਅਤੇ ਉਸ ਦੇ ਅਨੁਸਾਰ ਆਪਣੇ ਵਿਚਾਰਾਂ ਨੂੰ ਅਮਲ ਵਿਚ ਉਤਾਰ ਦੇਵੇ ਤਾਂ ਉਸ ਦਾ ਕਾਰਜ ਮਹਾਨ ਹੋ ਜਾਂਦਾ ਹੈ। ਜਿਹੜਾ ਇਹ ਜਾਣ ਲਏ ਕਿ ਮਧੂ-ਮੱਖੀਆਂ ਡੰਗ ਮਾਰਦੀਆਂ ਹਨ, ਉਹ ਸ਼ਹਿਦ ਪ੍ਰਾਪਤ ਕਰਨ ਦੇ ਯੋਗ ਕਦੇ ਨਹੀਂ ਰਹਿੰਦਾ। ਜਿਨ੍ਹਾਂ ਨੇ ਆਤਮ-ਵਿਸ਼ਵਾਸ ਦੀ ਤਾਕਤ ਨੂੰ ਸਮਝ ਲਿਆ, ਉਨ੍ਹਾਂ ਨੇ ਛੋਟੀ ਉਮਰ ਵਿਚ ਵੱਡੇ ਕਾਰਨਾਮੇ ਕਰ ਵਿਖਾਏ ਅਤੇ ਮਹਾਨ ਜਰਨੈਲ ਬਣ ਗਏ।

ਸਿਕੰਦਰ ਜਦੋਂ ਗੱਦੀ ਉਤੇ ਬੈਠਿਆ ਤਾਂ ਉਸ ਦੀ ਉਮਰ ਸਿਰਫ਼ 20 ਸਾਲਾਂ ਦੀ ਸੀ ਅਤੇ 33 ਸਾਲ ਦੀ ਉਮਰ ਵਿਚ ਹੀ ਉਸ ਦੀ ਮੌਤ ਹੋ ਗਈ, ਪਰ ਮੌਤ ਹੋਣ ਤੱਕ ਉਹ ਸੰਸਾਰ ਦੇ ਜ਼ਿਆਦਾਤਰ ਹਿੱਸੇ ਨੂੰ ਜਿੱਤ ਚੁੱਕਾ ਸੀ।

ਜੂਲੀਅਸ ਸੀਜ਼ਰ ਨੇ 800 ਨਗਰਾਂ ਉਤੇ ਕਬਜ਼ਾ ਕੀਤਾ, 300 ਦੇਸ਼ਾਂ ਨੂੰ ਜਿੱਤ ਲਿਆ ਸੀ, 30 ਲੱਖ ਸੈਨਿਕਾਂ ਨੂੰ ਹਰਾ ਦਿੱਤਾ ਸੀ। ਉਹ ਮਹਾਨ ਬੁਲਾਰਾ ਸੀ ਅਤੇ ਉਦੋਂ ਤੱਕ ਦੇ ਵੱਡੇ ਰਾਜਨੀਤੀਵਾਨਾਂ ਵਿਚੋਂ ਇਕ ਸੀ।

ਉਸ ਸਮੇਂ ਉਹ ਨੌਜਵਾਨ ਸੀ। ਵਾਸ਼ਿੰਗਟਨ 19 ਸਾਲ ਦੀ ਉਮਰ ਵਿਚ ਹੀ ਐਡਜ਼ਟੇਟ ਜਨਰਲ ਹੋ ਗਿਆ ਸੀ। 20 ਸਾਲ ਦੀ ਉਮਰ ਵਿਚ ਹੀ ਫਰਾਂਸ ਵਿਚ ਰਾਜਦੂਤ ਬਣਾ ਕੇ ਭੇਜਿਆ ਗਿਆ ਅਤੇ 22 ਸਾਲ ਦੀ ਉਮਰ ਵਿਚ ਹੀ ਉਸ ਨੇ ਇਕ ਕਰਨਲ ਦੇ ਰੂਪ ਵਿਚ ਆਪਣਾ ਯੁੱਧ ਜਿੱਤ ਲਿਆ ਸੀ। ਗਲੀਲਿਓ 18 ਸਾਲ ਦਾ ਸੀ, ਜਦੋਂ ਉਸ ਨੇ ਪੀਸਾ ਵਿਚ ਪੈਂਡੂਲਮ ਦੇ ਅਧਾਰ ਉਤੇ ਝੁਲਦੇ ਲੈਂਪ ਦੀ ਖੋਜ ਕੀਤੀ ਸੀ। ਸ਼ਿਵਾ ਜੀ ਮਰਹੱਟਾ ਨੇ 16 ਸਾਲ ਦੀ ਉਮਰ ਵਿਚ ਪਹਿਲਾ ਕਿਲ੍ਹਾ ਜਿੱਤ ਲਿਆ ਸੀ।

ਸਭ ਤੋਂ ਵੱਡੀ ਮਿਸਾਲ ਸਾਡੇ ਕੋਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ। ਜੋ ਕਾਰਨਾਮੇ ਗੁਰੂ ਸਾਹਿਬ ਨੇ 40 ਸਾਲ ਦੀ ਉਮਰ ਤੱਕ ਕਰ ਵਿਖਾਏ ਉਸ ਦੀ ਮਿਸਾਲ ਦੁਨੀਆ ਵਿਚ ਕਿਤੇ ਵੀ ਨਹੀਂ ਮਿਲਦੀ। ਗੁਰੂ ਸਾਹਿਬ ਯੁੱਧ ਤੋਂ ਪਹਿਲਾਂ ਆਪਣੀ ਸੈਨਾ ਨੂੰ ਆਤਮ-ਵਿਸ਼ਵਾਸ ਨਾਲ ਭਰ ਦਿੰਦੇ ਸਨ। ਉਹ ਫਰਮਾਉਂਦੇ ਸਨ:

ਉਨ੍ਹਾਂ ਦੇ ਵਿਸ਼ਵਾਸ ਦੀ ਤਲਵਾਰ 'ਤੇ ਇਹ ਸ਼ਬਦ ਉਕਰੇ ਹੋਏ ਸਨ ਕਿ ਮੈਂ ਹਾਰਨਾ ਨਹੀਂ ਜਾਣਦਾ। ਬਸ, ਜਦੋਂ ਕੋਈ ਇਹ ਸ਼ਬਦ ਉਕਰ ਲਵੇ, ਉਸ ਨੂੰ ਕੋਈ ਨਹੀਂ ਹਰਾ ਸਕਦਾ।

# ਆਧੁਨਿਕ ਪਰਵਾਸ ਦਾ ਸੱਚ

ਲੇਖਕ : ਕੇਐੱਸ ਅਮਰ, 94653-69343




ਆਧੁਨਿਕ ਦੌਰ ਦਾ ਭਾਰਤ ਅਤੇ ਸਦੀਆਂ ਤਕ ਹੰਢਾਈ ਗ਼ੁਲਾਮੀ ਅੱਜ ਵੀ ਸਾਨੂੰ ਗ਼ੁਲਾਮ ਭਾਰਤ ਦੇ ਕਾਲੇ ਦਿਨਾਂ ਦੀ ਯਾਦ ਦਿਵਾਉਂਦੀ ਹੈ ਜਦੋਂ ਅੰਗਰੇਜ਼ ਵਪਾਰੀ ਬਣ ਕੇ ਆਏ ਸਨ ਅਤੇ ਭਾਰਤੀ ਰਿਆਸਤਾਂ ਦੇ ਮਾਲਕ ਬਣ ਗਏ ਸਨ। ਇਹ ਗੱਲ ਉਦੋਂ ਆਮ ਪ੍ਰਚਲਿਤ ਸੀ ਕਿ ਅੰਗਰੇਜ਼ ਦੇ ਰਾਜ ਵਿਚ ਸੂਰਜ ਕਦੇ ਵੀ ਅਸਤ ਨਹੀਂ ਸੀ ਹੁੰਦਾ। ਇਹ ਵੀ ਸੱਚਾਈ ਹੈ ਕਿ ਯੂਰਪ ਦੇ ਬਹੁਤ ਸਾਰੇ ਦੇਸ਼ ਉਨ੍ਹਾਂ ਨੇ ਹੀ ਵਸਾਏ ਸਨ। ਦੇਸ਼ ਲਈ ਅਣਗਿਣਤ ਕੁਰਬਾਨੀਆਂ ਦੇ ਕੇ ਸਾਨੂੰ ਤਾਂ ਆਜ਼ਾਦੀ 15 ਅਗਸਤ 1947 ਨੂੰ ਮਿਲ ਗਈ ਸੀ ਪਰ ਅੱਜ ਵੀ ਆਜ਼ਾਦ ਭਾਰਤ ਦੇ ਨੌਜਵਾਨ ਗ਼ੁਲਾਮੀ ਹੰਢਾ ਰਹੇ ਹਨ। ਇਹ ਗ਼ੁਲਾਮੀ ਆਧੁਨਿਕ ਦੌਰ ਦੀ ਹੈ। ਇਕ ਸਮਾਂ ਸੀ ਕਿ ਅੰਗਰੇਜ਼ ਵਪਾਰੀ ਬਣ ਕੇ ਆਏ ਸਨ ਤੇ ਦੇਸ਼ ਦੇ ਮਾਲਕ ਬਣ ਗਏ ਸਨ, ਅੱਜ ਸਾਰੇ ਯੂਰਪ ਵਿਚ ਭਾਰਤੀਆਂ ਨੂੰ ਬੁਲਾ ਕੇ ਪੜ੍ਹਨ ਦੇ ਬਹਾਨੇ ਨੌਕਰ ਬਣਾਇਆ ਜਾ ਰਿਹਾ ਹੈ। ਹਰ ਸਾਲ ਪੰਜਾਬ ਵਿੱਚੋਂ ਲੱਖਾਂ ਨੌਜਵਾਨ ਭਾਰੀ ਫੀਸਾਂ ਦੇ ਕੇ ਵਿਦੇਸ਼ਾਂ ਵਿਚ ਪੜ੍ਹਨ ਲਈ ਜਾ ਰਹੇ ਹਨ। ਇਹ ਨੌਜਵਾਨ ਉੱਥੇ ਜਾ ਕੇ ਵਰਕ-ਪਰਮਿਟ ਪ੍ਰਾਪਤ ਕਰਦੇ ਹਨ ਅਤੇ ਅੰਗਰੇਜ਼ਾਂ ਦੇ ਘਰਾਂ, ਸਟੋਰਾਂ, ਫਾਰਮਾਂ ਅਤੇ ਖੇਤਾਂ ਵਿਚ ਮਜ਼ਦੂਰੀ ਕਰਦੇ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਇੰਗਲੈਂਡ ਵਰਗੇ ਯੂਰਪੀ ਦੇਸ਼ ਭਾਰਤੀ ਨੌਜਵਾਨਾ ਲਈ ਮੂੰਹ ਅੱਡੀ ਖੜ੍ਹੇ ਹਨ। ਆਈਲੈਟਸ ਦੀ ਫੀਸ ਤੇ ਇਲਾਵਾ ਵਿਦੇਸ਼ਾਂ ਵਿਚ ਪੜ੍ਹਨ ਲਈ ਇਕ ਸਮੈਸਟਰ ਦੀ ਫੀਸ ਹੀ 13-14 ਲੱਖ ਰੁਪਏ ਬਣਦੀ ਹੈ। ਦੋ ਸਾਲਾ ਵਿਦੇਸ਼ੀ ਡਿਪਲੋਮਾ 52-56 ਲੱਖ ਤਕ ਹੈ। ਕੰਪਾਰਟਮੈਂਟ ਆ ਜਾਵੇ ਤਾਂ ਉਸ ਲਈ ਵੀ ਅੱਠ ਹਜ਼ਾਰ ਡਾਲਰ ਲਗਪਗ 5 ਲੱਖ ਤਕ ਫੀਸ ਦੇਣੀ ਪੈਂਦੀ ਹੈ ਜਦਕਿ ਉੱਥੋਂ ਦੇ ਵਿਦਿਆਰਥੀਆਂ ਲਈ ਇਹ ਫੀਸ ਕੇਵਲ ਇਕ ਹਜ਼ਾਰ ਡਾਲਰ ਹੈ। ਵਿਦੇਸ਼ੀ ਡਾਲਰਾਂ ਦੀ ਚਮਕ ਵਿਚ ਕਰਜ਼ਾ ਲੈ ਕੇ ਜਾਂ ਜ਼ਮੀਨ ਵੇਚ ਕੇ ਗਏ ਪੰਜਾਬੀ ਵਿਦਿਆਰਥੀ ਸਾਰੀ ਜ਼ਿੰਦਗੀ ਦੀ ਪੂੰਜੀ ਆਪਣੇ ਦੋ ਸਾਲਾ ਜਾਂ ਚਾਰ ਸਾਲਾ ਕੋਰਸਾਂ ਵਿਚ ਹੀ ਖ਼ਤਮ ਕਰ ਦਿੰਦੇ ਹਨ ਤੇ ਫਿਰ ਸਾਰੀ ਉਮਰ ਉਨ੍ਹਾਂ ਗੋਰਿਆਂ ਦੀ ਮਰਜ਼ੀ ਮੁਤਾਬਕ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ। ਸਾਨੂੰ ਇਹ ਵੀ ਯਾਦ ਨਹੀਂ ਕਿ ਜਿਨ੍ਹਾਂ ਅੰਗਰੇਜ਼ਾਂ ਨੂੰ ਅਸੀ ਦੇਸ਼ 'ਚੋਂ ਕੱਢਣ ਲਈ ਅਣਗਿਣਤ ਕੁਰਬਾਨੀਆਂ ਦੇ ਚੁੱਕੇ ਹਾਂ, ਅੱਜ ਪੱਲਿਓਂ ਲੱਖਾਂ ਰੁਪਏ ਖ਼ਰਚ ਕੇ ਉਨ੍ਹਾਂ ਦੀ ਅਰਥ-ਵਿਵਸਥਾ ਨੂੰ ਮਜ਼ਬੂਤ ਕਰ ਰਹੇ ਹਾਂ। ਸਾਡੇ ਰਾਜਨੀਤਕ ਹਾਕਮ ਇਹ ਨਜ਼ਾਰਾ ਖੁੱਲ੍ਹੀਆਂ ਅੱਖਾਂ ਨਾਲ ਦੇਖ ਰਹੇ ਹਨ ਅਤੇ ਸਾਡੇ ਦੇਸ਼ ਦਾ ਬਹੁਤ ਸਾਰਾ ਪੈਸਾ ਵਿਦੇਸ਼ੀ ਅਰਥ-ਵਿਵਸਥਾ ਦਾ ਹਿੱਸਾ ਬਣਦਾ ਜਾਂ ਰਿਹਾ ਹੈ ਜਿਸ ਕਾਰਨ ਹੀ ਭਾਰਤੀ ਕਰੰਸੀ ਹਰ ਰੋਜ਼ ਡਾਵਾਂਡੋਲ ਹੁੰਦੀ ਹੈ। ਅੱਜ ਦੇ ਸਮੇਂ ਦੀ ਇਹ ਅਹਿਮ ਜ਼ਰੂਰਤ ਹੈ ਕਿ ਭਾਰਤੀ ਨੌਜਵਾਨਾਂ ਦੀ ਮਾਨਸਿਕਤਾ ਨੂੰ ਬਦਲਿਆ ਜਾਵੇ। ਉਨ੍ਹਾਂ ਲਈ ਪੜ੍ਹਾਈ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਵਿਦੇਸ਼ੀ ਪਰਵਾਸ ਨੂੰ ਰੋਕਿਆ ਜਾਵੇ, ਆਪਣੀ ਸੰਸਕ੍ਰਿਤੀ ਤੇ ਵਿਰਾਸਤ ਨੂੰ ਸਾਂਭਿਆ ਜਾਵੇ।

# ਲੀਵ ਆਊਟ

ਲੇਖਕ : ਅੰਮ੍ਰਿਤਪਾਲ ਕਲੇਰ ਚੀਦਾ
ਸੰਪਰਕ: 99157-80980



ਬਘੇਲ ਸਿੰਹੁ ਦੇ ਸੱਥਰ 'ਤੇ ਬੈਠੀਆਂ ਬੁੜ੍ਹੀਆਂ ਮੂੰਹੋਂ-ਮੂੰਹ ਬੋਲ ਰਹੀਆਂ ਸਨ। "ਅਖੇ ਭੈਣੇ ਚੰਗਾ ਭਲਾ ਤਾਂ ਗਿਆ ਸੀ ਚੰਦਰਾ।" ਸੀਤੋ ਚੁੰਨੀ ਦਾ ਪੱਲਾ ਮੂੰਹ ਵਿੱਚ ਪਾਈ ਬੈਠੀ ਬੋਲ ਰਹੀ ਸੀ।

"ਨੀ ਬਾਹਲ਼ਾ ਈ ਚਾਓ ਸੀ ਉਹਨੂੰ ਕੈਨੇਡੇ ਜਾਣ ਦਾ, ਧਰਤੀ 'ਤੇ ਪੱਬ ਨ੍ਹੀਂ ਸੀ ਲੱਗਦਾ। ਜਾਣ ਤੋਂ ਚਹੁੰ ਕੁ ਦਿਨ ਪਹਿਲਾਂ ਸਾਡੇ ਸੋਨੀ ਨਾਲ ਸ਼ਹਿਰੋਂ ਜਾ ਕੇ ਦੋ ਤਿੰਨ ਪਜਾਮੇ ਜੇ ਖਰੀਦ ਕੇ ਲਿਆਇਆ, ਬਾਹਲ਼ਾ ਈ ਹੱਸੀ ਜਾਵੇ, ਮੈਨੂੰ ਹੱਸ ਹੱਸ ਕੇ ਆਖੇ, 'ਅਖੇ ਦਲੀਪੋ, ਮੈਂ ਤਾਂ ਉੱਥੇ ਪਜਾਮੇ ਪਾ ਕੇ ਬਰਫ਼ ਹੂੰਝਿਆ ਕਰੂੰ। ਬਾਹਲੀਆਂ ਚਹੇਡਾਂ ਕਰਦਾ ਸੀ ਮੈਨੂੰ।"

ਦਲੀਪ ਕੌਰ ਨੇ ਪਾਣੀ ਦੀ ਘੁੱਟ ਲੰਘਾਉਂਦਿਆਂ ਕਿਹਾ। ਉਹ ਉਨ੍ਹਾਂ ਦੀ ਗੁਆਂਢਣ ਸੀ ਅਤੇ ਰਿਸ਼ਤੇ ਵਿੱਚ ਬਘੇਲ ਸਿੰਹੁ ਦੀ ਭਰਜਾਈ ਲੱਗਦੀ ਸੀ।

ਗਰਮੀ ਦੀ ਦਸਤਕ ਨਾਲ ਕਣਕਾਂ ਨੇ ਰੰਗ ਵਟਾ ਲਏ ਸਨ। ਚੇਤ ਮਹੀਨੇ ਦਾ ਪਿਛਲਾ ਪੱਖ ਚੱਲ ਰਿਹਾ ਸੀ। ਕੂੰਜਾਂ ਦੀਆਂ ਡਾਰਾਂ ਨੇ ਆਪਣੇ ਖੇੜਿਆਂ ਵੱਲ ਨੂੰ ਵਹੀਰਾਂ ਘੱਤ ਲਈਆਂ ਸਨ। ਕਣਕਾਂ ਦੀ ਜੋਬਨ ਰੁੱਤੇ ਸੁਨਹਿਰੀ ਭਾਹ ਮਾਰਦੇ ਖੇਤ, ਕਿਸਾਨਾਂ ਤੇ ਕਾਮਿਆਂ ਨੂੰ ਨਸਿਆਉਂਦੇ ਸਨ। ਬਘੇਲ ਸਿੰਹੁ ਕੈਨੇਡਾ ਤੋਂ ਮਹੀਨੇ ਮਗਰੋਂ ਹੀ ਪੰਜਾਬ ਆ ਗਿਆ ਸੀ। ਉਸ ਦਾ ਪੀਲ਼ਾ ਪਿਆ ਚਿਹਰਾ, ਸਦੀਆਂ ਦੀ ਜੰਮੀ ਧੂੜ ਵਾਂਗ ਲੱਗ ਰਿਹਾ ਸੀ। ਉਸ ਦੇ ਚਿਹਰੇ ਦੀ ਪਿਲੱਤਣ ਨੂੰ ਪੰਜਾਹ ਵਿੱਘੇ ਲਹਿਲਹਾਉਂਦੀ ਕਣਕ ਨੇ ਵੀ ਖੇੜਾ ਨਾ ਦਿੱਤਾ।

ਬਘੇਲ ਸਿੰਹੁ, ਚਕਰ ਦਸੌਂਧਾ ਪਿੰਡ ਦੇ ਕਹਿੰਦੇ ਕਹਾਉਂਦੇ ਜਮੀਦਾਰਾਂ ਵਿੱਚੋਂ ਇੱਕ ਸੀ। ਇਕੱਲੇ ਨੂੰ ਪੰਜਾਹ ਕਿੱਲੇ ਜ਼ਮੀਨ ਦੇ ਆਉਂਦੇ ਸਨ। ਆਪਣੇ ਮਾਂ ਬਾਪ ਦੇ ਇਕੱਲਾ ਹੀ ਪੁੱਤਰ ਸੀ। ਇੱਕ ਵੱਡੀ ਭੈਣ ਸੀ, ਜੋ ਪੰਜ ਛੇ ਸਾਲਾਂ ਦੀ ਹੋ ਕੇ ਮੁੱਕ ਗਈ ਸੀ।

ਬਘੇਲ ਸਿੰਹੁ ਦਾ ਪਿੰਡ ਦੇ ਵਿਚਾਲੇ ਦੋ ਵੱਡੀਆਂ ਗ਼ਲੀਆਂ ਵਿਚਕਾਰ ਹਵੇਲੀਨੁਮਾ ਘਰ ਸੀ। ਲੋਹੇ ਦੇ ਵੱਡੇ ਕਿੱਲਾਂ ਵਾਲਾ ਵੱਡਾ ਦਰਵਾਜ਼ਾ। ਦਰਵਾਜ਼ੇ ਦੇ ਨਾਲ ਲੱਗਦਾ ਵੱਡਾ ਸਾਰਾ ਸਲੇਟਾਂ ਦਾ ਸ਼ੈੱਡ ਸੀ, ਜੋ ਅੱਧਾ ਪਸ਼ੂ ਢਾਂਡਾ ਬੰਨ੍ਹਣ ਲਈ ਅਤੇ ਅੱਧਾ ਖੇਤੀ ਦੇ ਸੰਦ ਰੱਖਣ ਲਈ ਸੀ। ਨਾਲ ਹੀ ਅੱਧਾ ਵਰਾਂਡਾ ਵਿਚਾਲ਼ੇ ਪੰਜ ਇੰਚੀ ਕੰਧ ਕੱਢ ਕੇ ਤੂੜੀ ਨਾਲ ਭਰਿਆ ਹੁੰਦਾ। ਤੂੜੀ ਉੱਤੇ ਸਲੰਘ, ਤੰਗਲੀ, ਪੰਜਾਲੀਆਂ, ਕਸੀਏ, ਕਸੌਲੀ, ਮਾਲ ਡੰਗਰ ਨੂੰ ਤੂੜੀ ਪਾਉਣ ਵਾਲੇ (ਤੂਤ ਦੀਆਂ ਛਟੀਆਂ ਦੇ ਘਰੇ ਬਣਾਏ) ਟੋਕਰੇ, ਟੋਕਰੀਆਂ, ਬੋਰੀਆਂ ਦੀਆਂ ਪੱਲੀਆਂ ਸਿਉਂਤੀਆਂ ਹੋਈਆਂ ਅਤੇ ਵਾਣ ਦੇ ਰੱਸੇ ਪਏ ਹੁੰਦੇ। ਤੂੜੀ ਦੇ ਨਾਲ ਹੀ ਇੱਕ ਪਾਸੇ ਪਸ਼ੂਆਂ ਦੀ ਲੇਟੀ ਹਾਰੇ ਵਿੱਚ ਗੋਹੇ ਪਾ ਕੇ ਰਿੱਝਣੀ ਧਰੀ ਹੁੰਦੀ, ਵੜੇਵਿਆਂ ਅਤੇ ਸਰ੍ਹੋਂ ਦੀ ਖ਼ਲ ਵਾਲੀਆਂ ਬੋਰੀਆਂ ਹਾਰੇ ਦੇ ਨਾਲ ਹੀ ਪਈਆਂ ਹੁੰਦੀਆਂ। ਅੱਧੇ ਸ਼ੈੱਡ ਵਿੱਚ ਖੇਤੀ ਦੇ ਸੰਦ ਟਰੈਕਟਰ, ਟਰਾਲੀ, ਹ਼ਲ, ਕਣਕ ਬੀਜਣ ਵਾਲੀ ਮਸ਼ੀਨ, ਸੁਹਾਗਾ, ਹ਼ਲ, ਤਵੀਆਂ, ਰੋਟਾਵੇਟਰ, ਟਰਾਲਾ, ਜੀਪ ਆਦਿ ਖੜ੍ਹੇ ਹੁੰਦੇ। ਵੱਡੇ ਦਲਾਨ ਵਿੱਚ ਕੰਧ ਨਾਲ ਪਸ਼ੂਆਂ ਦੀਆਂ ਖੁਰਲੀਆਂ ਬਣਾਈਆਂ ਹੋਈਆਂ ਸਨ। ਅੱਗੇ ਜਾ ਕੇ ਵਰਾਂਡੇ ਸਨ, ਜੋ ਕਾਲ਼ੇ ਸ਼ੀਸ਼ੇ ਦੇ ਦਰਵਾਜਿਆਂ ਨਾਲ ਕਵਰ ਕੀਤੇ ਹੋਏ ਸਨ। ਵਰਾਂਡਿਆਂ ਤੋਂ ਤੀਹ ਕੁ ਫੁੱਟ ਅੱਗੇ ਕਰਕੇ ਦੋਵਾਂ ਪਾਸਿਆਂ ਤੋਂ ਪੰਜ ਪੰਜ ਫੁੱਟ ਕੰਧ ਕੱਢੀ ਹੋਈ ਸੀ ਅਤੇ ਵਿਚਕਾਰ ਲੋਹੇ ਦਾ ਗੇਟ ਲੱਗਿਆ ਹੋਇਆ ਸੀ। ਚੁੱਲ੍ਹਾ ਚੌਂਕਾ ਕੰਧ ਤੋਂ ਅੱਗੇ ਕਰਕੇ ਵਰਾਂਡਿਆਂ ਦੇ ਨਾਲ ਸੀ। ਚੁੱਲ੍ਹੇ ਕੋਲ ਕਿਸੇ ਸੀਰੀ ਪਾ਼ਲੀ ਨੂੰ ਜਾਣ ਦੀ ਆਗਿਆ ਨਹੀਂ ਸੀ। ਸੀਰੀਆਂ ਨੂੰ ਕੰਮ 'ਤੇ ਰੱਖਣ ਸਮੇਂ ਉਸ ਦੀ ਇਹ ਸਖ਼ਤ ਤਾੜਨਾ ਹੁੰਦੀ ਸੀ ਕਿ ਤੁਸੀਂ ਵਰਾਂਡੇ ਤੱਕ ਨਹੀਂ ਜਾਓਗੇ। ਕੰਮ ਧੰਦੇ ਬਾਬਤ ਪੁੱਛਣ ਲਈ ਉਹ ਬਘੇਲ ਸਿੰਹੁ ਦੀ ਘਰਵਾਲੀ ਨੂੰ "ਸਰਦਾਰਨੀਏ" ਕਹਿ ਕੇ ਪੁੱਛਦੇ।

ਇੱਕ ਵਾਰ ਕੀ ਹੋਇਆ ਕਿ ਪੋਹ ਦਾ ਮਹੀਨਾ ਸੀ, ਠੰਢ ਵੀ ਲੋਹੜਿਆਂ ਦੀ। ਵਿਹੜੇ ਵਾਲਿਆਂ ਦਾ ਬਸਾਖਾ ਵਰਾਂਡੇ ਵਿੱਚੋਂ ਦੀ ਹੁੰਦਾ ਹੋਇਆ ਚੁੱਲ੍ਹੇ ਵੱਲ ਨੂੰ ਹੋ ਗਿਆ ਕਿ ਠਰੇ ਹੱਥਾਂ ਨੂੰ ਅੱਗ ਉੱਤੇ ਸੇਕ ਲਵਾਂ। ਬਘੇਲ ਸਿੰਹੁ ਨੂੰ ਅੰਦਰ ਖੜ੍ਹੇ ਨੂੰ ਪਤਾ ਲੱਗ ਗਿਆ ਅਤੇ ਅੰਦਰੋਂ ਹੀ ਲਲਕਾਰਾ ਮਾਰਿਆ,

"ਅੱਗੇ ਕਿੱਧਰ ਮੂੰਹ ਚੱਕੀ ਆਉਨਾ ਉਏ ...?"

ਬਸਾਖੇ ਦਾ ਹੀਆ ਨਾ ਪਿਆ ਕਿ ਉਹਨੂੰ ਅੱਗੋਂ ਕਹੇ, 'ਸਰਦਾਰਾ, ਚੁੱਲ੍ਹੇ 'ਤੇ ਹੱਥ ਸੇਕਣੇ ਸੀ', ਤੇ ਉਹ ਉੱਥੋਂ ਹੀ ਨੀਵੀਂ ਜਿਹੀ ਪਾ ਕੇ ਪਿਛਾਂਹ ਨੂੰ ਮੁੜ ਗਿਆ।

ਬਘੇਲ ਸਿੰਹੁ ਦੇ ਨਾਲ ਹਰ ਸਾਲ ਘੱਟੋ ਘੱਟ ਤਿੰਨ ਸੀਰੀ ਸੀਰ ਨਾਲ ਰਲਦੇ ਸਨ। ਜਵਾਨੀ ਵਿੱਚ ਉਸ ਨੂੰ ਘੋੜੇ ਘੋੜੀਆਂ ਰੱਖਣ ਦਾ ਵੀ ਬਹੁਤ ਸ਼ੌਕ ਸੀ। ਉਸ ਦੇ ਅਸਤਬਲ ਵਿੱਚ ਚੰਗੀ ਨਸਲ ਦੇ ਘੋੜੇ ਸਨ। ਕਾ਼ਲਾ ਸ਼ਾਹ ਉਸ ਦਾ ਪਸੰਦੀਦਾ ਘੋੜਾ ਸੀ। ਜਦੋਂ ਉਸ ਨੇ ਮੇਲੇ ਜਾਣਾ ਹੁੰਦਾ ਤਾਂ ਉਹ ਸ਼ਾਹ ਉੱਤੇ ਹੀ ਕਾਠੀ ਪਾਉਂਦਾ। ਉਨ੍ਹਾਂ ਦੇ ਪਿੰਡ ਚਕਰ ਦਸੌਂਧਾ ਤੋਂ ਤਿੰਨ ਕੁ ਮੀਲ ਉੱਤੇ 'ਜ਼ਨਤ ਸ਼ਰੀਫਾਂ' ਦਾ ਮੇਲਾ ਭਰਦਾ ਸੀ। ਮੇਲੇ ਵਿੱਚ ਬੜੀਟਿੱਬੇ ਵਾਲੇ ਨਕਲੀਏ ਆਉਂਦੇ, ਉਸ ਨੂੰ ਉਹ ਬਹੁਤ ਪਸੰਦ ਸਨ। ਉਹ ਸੌ ਸੌ ਰੁਪਏ ਦੀ ਵੇਲ ਕਰਾਉਂਦਾ। ਜਦੋਂ ਨਚਾਰ ਕਲਾਕਾਰ ਨੱਚਦਾ ਨੱਚਦਾ...

"ਬਘੇਲ ਸਿੰਹੁ ਦੀ ਸੌ ਰੁਪਏ ਦੀ ਵੇਲ," ਗਾਉਂਦਾ ਤਾਂ ਉਹ ਮੁੱਛਾਂ ਨੂੰ ਵੱਟ ਦੇ ਕੇ ਹੋਰ ਚੌੜਾ ਹੋ ਜਾਂਦਾ। ਉਸ ਨੂੰ ਇਸ ਮੇਲੇ ਦਾ ਅਵੱਲਾ ਹੀ ਚਾਅ ਚੜ੍ਹਿਆ ਹੁੰਦਾ। ਜ਼ਨਤ ਸ਼ਰੀਫਾਂ ਦਾ ਮੇਲਾ ਤਿੰਨ ਦਿਨ ਭਰਦਾ। ਉੱਥੇ ਦੋ ਸ਼ਰੀਫਾਂ ਅਤੇ ਇੱਕ ਪੀਰ ਦੀ ਮਜ਼ਾਰ ਸੀ। ਪਹਿਲੇ ਦਿਨ ਨਵੇਂ ਵਿਆਹੇ ਗੰਢ ਜੋੜੇ ਟਿੱਲੇ ਉੱਤੇ ਸ਼ਰੀਫਾਂ ਦੀ ਮਿੱਟੀ ਕੱਢਦੇ, ਦੂਜੇ ਦਿਨ ਮਜ਼ਾਰ ਉੱਤੇ ਆਟੇ ਦੇ ਬਣੇ ਘਿਓ ਦੇ ਦੀਵੇ ਬਾ਼ਲਦੇ ਅਤੇ ਮੇਲੇ ਦੇ ਅਖ਼ੀਰਲੇ ਦਿਨ ਪੀਰ ਦੀ ਮਜ਼ਾਰ ਉੱਤੇ ਕੱਵਾਲੀਆਂ ਦੀ ਰਾਤ ਹੁੰਦੀ। ਮਲੇਰਕੋਟਲੇ ਤੋਂ ਕਰਾਮਾਤ ਅਲੀ ਅਤੇ ਹੋਰ ਖ਼ਾਸ ਕੱਵਾਲ ਬੁਲਾਏ ਜਾਂਦੇ। ਬਘੇਲ ਸਿੰਹੁ ਮੇਲੇ ਦੇ ਤਿੰਨੇ ਦਿਨ ਕੁੜਤਾ ਚਾਦਰਾ, ਤਿੱਲੇ ਤੇ ਨੋਕਾਂ ਵਾਲਾ ਜੋੜਾ, ਮਾਵੇ ਵਾਲੀ ਪੱਗ ਬੰਨ੍ਹ ਕੇ ਟੌਰਾ ਛੱਡਿਆ ਹੁੰਦਾ, ਲੱਕ ਦੁਆਲੇ ਰੌਂਦਾ ਵਾਲੀ ਪੇਟੀ ਬੰਨ੍ਹੀ ਹੁੰਦੀ ਤੇ ਹੱਥ ਵਿੱਚ ਦੁਨਾਲੀ ਬੰਦੂਕ, ਗਲ ਵਿੱਚ ਸੋਨੇ ਦਾ ਕੈਂਠਾ, ਹੱਥ ਵਿੱਚ ਕੜਾ ਪਾ ਘੋੜੇ 'ਤੇ ਸਵਾਰ ਹੋ ਕੇ ਮੇਲੇ ਜਾਂਦਾ। ਉਹ ਜਿੱਥੋਂ ਦੀ ਵੀ ਲੰਘਦਾ ਲੋਕ ਖੜ੍ਹ ਖੜ੍ਹ ਕੇ ਦੇਖਦੇ। ਕੰਮੀ ਲੋਕ ਉਸ ਨੂੰ ਨੀਵੀਂ ਪਾ ਹੱਥ ਚੁੱਕ ਕੇ ਦੁਆ ਸਲਾਮ ਕਰਦੇ। ਰੰਗੜਊ ਐਨਾ ਕਿ ਮੋਢਿਆਂ ਉੱਤੋਂ ਦੀ ਥੁੱਕਦਾ।

ਇੱਕ ਵਾਰੀ ਮੇਲੇ ਵਿੱਚ ਗੁਆਂਢ ਪਿੰਡ ਦੀ ਛੰਨੋ ਨੇ ਬਘੇਲ ਸਿੰਹੁ ਨੂੰ ਦੇਖ ਕੇ ਤੇਜੋ ਨੂੰ ਹੁੱਜ ਮਾਰ ਕੇ ਕਿਹਾ ਸੀ, "ਨੀ ਆਹ ਤਾਂ, ਬਾਹ਼ਲਾ ਹੀ ਮਿਜਾਜ਼ੀ ਜਾ ਲੱਗਦਾ।" "ਚੱਲ ਬੈਠ ਘੋੜੇ 'ਤੇ, ਦੋ ਗੇੜੇ ਕਢਾ ਦਿਆਂ ਮੇਲੇ 'ਚ।" ਬਘੇਲ ਸਿੰਹੁ ਨੂੰ ਸੁਣ ਗਿਆ ਸੀ ਅਤੇ ਉਸ ਨੇ ਮੁੱਛਾਂ ਨੂੰ ਤਾਅ ਦੇ ਕੇ ਪਿੱਛੇ ਮੁੜ ਕੇ ਛੰਨੋ ਨੂੰ ਮਸ਼ਕਰੀ ਕੀਤੀ ਸੀ।

"ਜਾਹ,ਵੇ ਜਾਹ, ਮਸਤਿਆ ਜਟਵਾਧ," ਕਹਿ ਕੇ ਛੰਨੋ ਮੇਲੇ ਦੀ ਭੀੜ ਵਿੱਚ ਗੁਆਚ ਗਈ ਸੀ।

ਬਘੇਲ ਸਿੰਹੁ ਦੇ ਤਿੰਨ ਕੁੜੀਆਂ ਹੀ ਸਨ। ਵੱਡੀ ਕੁੜੀ ਜਸ ਲੁਧਿਆਣੇ ਵਿਆਹੀ ਹੋਈ ਸੀ। ਵਿਚਕਾਰਲੀ ਕੁੜੀ ਅਮਨ ਬਠਿੰਡੇ ਵਿਆਹੀ ਸੀ ਅਤੇ ਸਭ ਤੋਂ ਛੋਟੀ ਰੁਪਿੰਦਰ ਨੂੰ ਆਈਲੈਟਸ (ਆਇਲਜ਼) ਕਰਾ ਕੇ ਕੈਨੇਡਾ ਭੇਜ ਦਿੱਤਾ ਸੀ। ਤਿੰਨਾਂ ਕੁੜੀਆਂ ਨੂੰ ਬਘੇਲ ਸਿੰਹੁ ਨੇ ਬੜੇ ਪਰਦੇ ਵਿੱਚ ਪਾਲਿਆ ਅਤੇ ਪੜ੍ਹਾਇਆ ਸੀ। ਕੁੜੀਆਂ ਦੀ ਮਜਾਲ ਕੀ ਸੀ ਕਿ ਘਰੋਂ ਬਾਹਰ ਪੈਰ ਵੀ ਧਰ ਜਾਂਦੀਆਂ। ਘਰ ਦੀ ਦੇਹ਼ਲੀ ਤੋਂ ਬਾਹਰ ਤਾਂ ਪੈਰ ਕਦੇ ਉਨ੍ਹਾਂ ਦੀ ਮਾਂ ਬੰਸੋ ਨੇ ਨਹੀਂ ਸੀ ਧਰਿਆ। ਨਾਂ ਤਾਂ ਉਸ ਦਾ ਹਰਬੰਸ ਕੌਰ ਸੀ, ਪਰ ਸਾਰੇ ਉਸ ਨੂੰ ਬੰਸੋ ਹੀ ਕਹਿੰਦੇ ਸਨ। ਇੱਕ ਵਾਰ ਹਰਬੰਸ ਕੌਰ ਉਨ੍ਹਾਂ ਦੀ ਸੀਰਨ ਮਨਜੀਤ ਕੌਰ ਨਾਲ ਲੀੜੇ ਕੱਪੜੇ ਲੈਣ ਮੰਡੀ ਚਲੀ ਗਈ ਬੱਸ ਉੱਤੇ। ਉਸ ਦਿਨ ਬਘੇਲ ਸਿੰਹੁ ਕਿਤੇ ਦੂਰੋਂ ਘੋੜਾ ਖ਼ਰੀਦਣ ਗਿਆ ਸੀ। ਉਨ੍ਹਾਂ ਨੂੰ ਆਉਂਦੀਆਂ ਨੂੰ ਥੋੜ੍ਹੀ ਦੇਰੀ ਹੋ ਗਈ। ਉਹ ਉਨ੍ਹਾਂ ਦੇ ਘਰੇ ਆਉਣ ਤੋਂ ਪਹਿਲਾਂ ਹੀ ਘਰੇ ਆਇਆ ਬੈਠਾ ਸੀ। ਹਰਬੰਸ ਕੌਰ ਦੀ ਆਉਂਦਿਆਂ ਹੀ ਗੁੱਤ ਫੜ ਲਈ ਅਤੇ ਕਿਹਾ, "ਕਿੱਥੇ ਧੱਕੇ ਖਾ ਕੇ ਆਈ ਐਂ?" ਦੋ ਥੱਪੜ ਨਾਲ ਦੀ ਨਾਲ ਗਿੱਚੀ ਵਿੱਚ ਧਰ ਦਿੱਤੇ।

"ਸਰਦਾਰ ਜੀ, ਮਾਫ਼ ਕਰ ਦਿਓ।" ਹਰਬੰਸ ਕੌਰ ਨੇ ਦੋਵੇਂ ਹੱਥ ਬੰਨ੍ਹ ਕੇ ਇੰਨਾ ਹੀ ਕਿਹਾ ਅਤੇ ਤਿੰਨੇ ਕੁੜੀਆਂ ਜੋ ਵਿਹੜੇ ਵਿੱਚ ਖੇਡ ਰਹੀਆਂ ਸਨ ਇਕਦਮ ਸਹਿਮ ਕੇ ਪੜ੍ਹਨ ਬੈਠ ਗਈਆਂ ਸਨ। ਕੁੜੀਆਂ ਸਾਹਮਣੇ ਕਈ ਵਾਰੀ ਨਿੱਕੀ ਨਿੱਕੀ ਗੱਲ ਉੱਤੇ ਬਘੇਲ ਸਿੰਹੁ ਨੇ ਹਰਬੰਸ ਕੌਰ ਨੂੰ ਬੁਰਾ ਭਲਾ ਵੀ ਕਿਹਾ ਸੀ ਅਤੇ ਗਾਲ੍ਹਾਂ ਵੀ ਕੱਢੀਆਂ ਸਨ। ਦੋਵੇਂ ਵੱਡੀਆਂ ਕੁੜੀਆਂ ਜਸ ਤੇ ਅਮਨ ਤਾਂ ਕਦੇ ਵੀ ਬੋਲੀਆਂ ਨਹੀਂ ਸਨ, ਪਰ ਛੋਟੀ ਰੁਪਿੰਦਰ ਨੇ ਆਪਣੀ ਮਾਂ ਨੂੰ ਕਈ ਵਾਰੀ ਕਿਹਾ ਸੀ, "ਮੰਮਾ, ਡੈਡੀ ਤੁਹਾਡੇ ਨਾਲ ਬੈਡ ਬੀਹੇਵ ਕਿਉਂ ਕਰਦੇ ਨੇ? ਮੰਮਾ ਜੀ, ਆਈ ਡਾਂਟ ਲਾਈਕ ਦਿਸ।"

"ਕੋਈ ਨਾ ਪੁੱਤ, ਬੰਦੇ ਹੁੰਦੇ ਹੀ ਐਦਾਂ ਦੇ ਨੇ।" ਹਰਬੰਸ ਕੌਰ ਇਹ ਕਹਿ ਕੇ ਕੁੜੀ ਨੂੰ ਟਾਲ ਛੱਡਦੀ, ਪਰ ਲਾਟਾਂ ਉਸ ਦੇ ਅੰਦਰ ਵੀ ਮੱਚਦੀਆਂ। ਲੋਕ ਲੱਜੋਂ ਦਿਲ ਵਿੱਚ ਮੱਚਦੀ ਅੱਗ ਨੂੰ ਉਹ ਕਿਵੇਂ ਨਾ ਕਿਵੇਂ ਸ਼ਾਂਤ ਕਰ ਲੈਂਦੀ।

ਰੁਪਿੰਦਰ ਨੂੰ ਕੈਨੇਡਾ ਗਈ ਨੂੰ ਡੇਢ ਕੁ ਸਾਲ ਹੋ ਗਿਆ ਸੀ। ਉਸ ਨੇ ਆਪਣੇ ਡੈਡੀ ਬਘੇਲ ਸਿੰਘ ਦੇ ਕੈਨੇਡਾ ਆਉਣ ਦੇ ਪੇਪਰ ਆਪਣੇ ਜਨਮ ਦਿਨ ਉੱਤੇ ਲਾ ਦਿੱਤੇ। ਮਹੀਨੇ ਕੁ ਵਿੱਚ ਉਸ ਨੂੰ ਕੈਨੇਡਾ ਜਾਣ ਲਈ ਵੀਜ਼ਾ ਮਿਲ ਗਿਆ। ਦਸ ਦਿਨਾਂ ਵਿੱਚ ਹੀ ਉਸ ਨੇ ਕੈਨੇਡਾ ਜਾਣ ਦੀ ਟਿਕਟ ਲੈ ਲਈ। ਉਸ ਨੂੰ ਕੈਨੇਡਾ ਜਾਣ ਦਾ ਲੋਹੜਿਆਂ ਦਾ ਚਾਅ ਸੀ। ਉਸ ਦੇ ਮਨ ਦੇ ਖਿਆਲਾਂ ਵਿੱਚ ਕੈਨੇਡਾ ਸਵਰਗ ਸੀ, ਜਿੱਥੇ ਸਿਰਫ਼ ਡਾਲਰ ਹੀ ਡਾਲਰ ਸਨ। ਉਸ ਦੇ ਮਨ ਦੇ ਖਿਆਲ, ਸੁਨਹਿਰੀ ਸੁਪਨਿਆਂ ਵਾਲੀ ਦੁਨੀਆ ਵਿੱਚ ਗੁਆਚ ਜਾਂਦੇ। ਵੱਡੇ ਵੱਡੇ ਪੈ਼ਲੀ ਦੇ ਫਾਰਮਾਂ ਵਿੱਚ ਉਹ ਆਪਣੇ ਆਪ ਨੂੰ ਕਦੇ ਮਜ਼ਦੂਰਾਂ ਤੋਂ ਕੰਮ ਕਰਾਉਂਦਾ ਫਿਰਦਾ ਦਿਖਾਈ ਦਿੰਦਾ। ਕਦੇ ਬੇਰੀ ਤੋੜਦੇ ਮਜ਼ਦੂਰ, ਕਦੇ ਉਸ ਨੂੰ ਆਪਣੀ ਸਲਤਨਤ ਵਿੱਚ ਸਾਰੇ ਆਪਣੇ ਅੱਗੇ ਪਿੱਛੇ ਭੱਜੇ ਫਿਰਦੇ ਦਿਖਾਈ ਦਿੰਦੇ। ਕਦੇ ਉਸ ਦੇ ਖਿਆਲਾਂ ਨੂੰ ਉਦੋਂ ਹਵਾ ਮਿਲ ਜਾਂਦੀ, ਜਦੋਂ ਉਹ ਆਪਣੀਆਂ ਧੀਆਂ ਨੂੰ ਆਵਾਜ਼ ਮਾਰਦਾ ਅਤੇ ਡਰਦੀਆਂ ਸਹਿਮੀਆਂ ਤਿੰਨੋਂ ਉਸ ਦੇ ਸਾਹਮਣੇ ਨੀਵੀਂ ਪਾ ਕੇ ਆ ਖੜ੍ਹਦੀਆਂ। ਇਨ੍ਹਾਂ ਸੋਚਾਂ ਦੇ ਨਾਲ ਹੀ ਉਹ ਦਿੱਲੀ ਦੇ ਹਵਾਈ ਅੱਡੇ ਤੋਂ ਕੈਨੇਡਾ ਜਾਣ ਲਈ ਜਹਾਜ਼ ਵਿੱਚ ਬੈਠ ਗਿਆ। ਜਹਾਜ਼ ਵਿੱਚ ਬੈਠਦਿਆਂ ਹੀ ਉਸ ਦੀਆਂ ਸੋਚਾਂ ਉਸ ਤੋਂ ਪਹਿਲਾਂ ਆਪਣੀ ਧੀ ਰੁਪਿੰਦਰ ਕੋਲ ਪਹੁੰਚ ਗਈਆਂ। ਜਣੀ ਰੁਪਿੰਦਰ ਉਸ ਨੂੰ ਬਹੁਤ ਬੇਸਬਰੀ ਨਾਲ ਉਡੀਕ ਰਹੀ ਹੈ ਅਤੇ ਕਹਿ ਰਹੀ ਹੈ, "ਡੈਡੀ ਜੀ, ਆਈ ਮਿਸ ਯੂ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ," ਅਤੇ ਲਾਡ ਨਾਲ ਉਸ ਦੇ ਮੋਢਿਆਂ 'ਤੇ ਚੜ੍ਹ ਜਾਵੇਗੀ। ਇਨ੍ਹਾਂ ਸੋਚਾਂ ਵਿੱਚ ਹੀ ਜਹਾਜ਼ ਨੇ ਕੈਨੇਡਾ ਦੀ ਧਰਤੀ 'ਤੇ ਲੈਂਡ ਕੀਤਾ ਅਤੇ ਬਘੇਲ ਸਿੰਹੁ ਨੇ ਕੈਨੇਡਾ ਦੀ ਧਰਤੀ 'ਤੇ ਪੈਰ ਧਰਿਆ। ਜਦੋਂ ਟੋਰਾਂਟੋ ਦੇ ਏਅਰਪੋਰਟ 'ਚੋਂ ਬਾਹਰ ਨਿਕਲਿਆ ਤਾਂ ਰੁਪਿੰਦਰ ਤੇ ਵਿਵੇਕ ਉਸ ਨੂੰ ਲੈਣ ਲਈ ਖੜ੍ਹੇ ਸਨ। ਵਿਵੇਕ ਰੁਪਿੰਦਰ ਦਾ ਰੂਮਮੇਟ ਸੀ। ਰੁਪਿੰਦਰ ਦੇ ਸਲੀਵਲੈੱਸ ਟੀ ਸ਼ਰਟ ਤੇ ਉੱਚੀ ਜਿਹੀ ਦੋ ਥਾਵਾਂ ਤੋਂ ਪਾਟੀ ਹੋਈ ਜੀਨ ਪਹਿਨੀ ਹੋਈ ਸੀ। ਖੁੱਲ੍ਹੇ ਛੱਡੇ ਵਾਲ, ਖੁੱਲ੍ਹੇ ਮੌਸਮ ਦੀ ਹਵਾ ਨਾਲ ਵਾਰ ਵਾਰ ਉਸ ਦੇ ਮੂੰਹ ਨੂੰ ਢੱਕ ਰਹੇ ਸਨ। ਉਸ ਨੇ ਬਘੇਲ ਸਿੰਹੁ ਨੂੰ ਦੂਰੋਂ ਪਛਾਣਿਆ ਅਤੇ ਵਿਵੇਕ ਨਾਲ ਹੌਲੀ ਹੌਲੀ ਗੱਲਾਂ ਕਰਦੀ ਸਹਿਜ ਨਾਲ ਆਪਣੇ ਡੈਡੀ ਦੇ ਕੋਲ ਆਈ। ਉਸ ਨੇ ਆਪਣੇ ਡੈਡੀ ਨੂੰ "ਹਾਏ ਡੈਡ" ਕਹਿ ਕੇ ਵਿਵੇਕ ਨੂੰ ਕਿਹਾ, "ਵਿਵੇਕ, ਹੀ ਇਜ਼ ਮਾਈ ਡੈਡ, ਐਂਡ ਡੈਡ ਹੀ ਇਜ਼ ਵਿਵੇਕ।"

ਫਿਰ ਉਹ ਤਿੰਨੇ ਗੱਡੀ ਵਿੱਚ ਬੈਠ ਕੇ ਟੋਰਾਂਟੋ ਦੇ ਇੱਕ ਛੋਟੇ ਜਿਹੇ ਬੇਸ ਵਿੱਚ ਚਲੇ ਗਏ। ਵਿਵੇਕ ਰੁਪਿੰਦਰ ਨੂੰ ਰੈਪੀ ਕਹਿ ਕੇ ਬੁਲਾਉਂਦਾ ਸੀ। ਬਘੇਲ ਸਿੰਹੁ ਦੀ ਧੀ ਰੁਪਿੰਦਰ ਹੁਣ ਰੁਪਿੰਦਰ ਤੋਂ ਰੈਪੀ ਬਣ ਗਈ ਸੀ। ਉਸ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਇਉਂ ਵੀ ਜਿੰਦਗੀ ਹੁੰਦੀ ਹੈ? ਉਸ ਦੇ ਮਨ ਦੀਆਂ ਉੱਚੀਆਂ ਉੱਚੀਆਂ ਦੀਵਾਰਾਂ ਇੱਕ ਇੱਕ ਕਰਕੇ ਢਹਿ ਢੇਰੀ ਹੋਣ ਲੱਗੀਆਂ। ਉਹ ਮਹੀਨੇ ਕੁ ਬਾਅਦ ਹੀ ਭਾਰਤ ਵਾਪਸ ਆ ਗਿਆ ਸੀ।

ਸਾਰੇ ਰਿਸ਼ਤੇਦਾਰ ਪਹੁੰਚ ਗਏ ਸਨ। ਸਾਰੇ ਕਹਿ ਰਹੇ ਸਨ ਕਿ ਆਖ਼ਰੀ ਇਸ਼ਨਾਨ ਕਰਾਓ।

ਸੀਤੋ ਅਤੇ ਦਲੀਪੋ ਇੱਕ ਪਾਸੇ ਬੈਠੀਆਂ ਹੌਲੀ ਹੌਲੀ ਗੱਲਾਂ ਕਰ ਰਹੀਆਂ ਸਨ, "ਨੀ ਦਲੀਪੋ, ਭਾਣਾ ਕੀ ਵਾਪਰਿਆ? ਤੈਨੂੰ ਤਾਂ ਪਤਾ ਹੋਊ, ਨਾਲ ਕੰਧ ਸਾਂਝੀ ਐ। ਨਾਲੇ ਤੇਰੇ ਨਾਲ ਤਾਂ ਬਾਹ਼ਲਾ ਤਿਹੁ ਸੀ।" ਸੀਤੋ ਨੇ ਮਲਕੜੇ ਜਿਹੇ ਦਲੀਪੋ ਨੂੰ ਪੁੱਛਿਆ।

"ਭਾਈ ਪਤਾ ਨੀ, 'ਗਾਹਾਂ ਨਾ ਗੱਲ ਕਰੀਂ, ਸਾਡੀ ਦੋਹਤੀ ਵੀ ਕੈਨੇਡਾ ਹੀ ਐ, ਇਹਦੀ ਛੋਟੀ ਕੁੜੀ ਕੋ਼ਲੇ। ਉਹ ਦੱਸਦੀ ਸੀ, ਅਖੇ ਉਸ ਨੇ ਉੱਥੇ ਦੂਜੀ ਜਾਤ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ। ਸੁਣਦੇ ਆਂ ਭਾਈ, ਮੁੰਡਾ ਜਲੰਧਰ ਕੰਨੀਂ ਦਾ। ਇਹਨੇ ਡੁੱਬੜੇ ਨੇ ਰਾਤੀਂ ਐਸੇ ਗੱਲੋਂ ਕਿਤੇ ਫਾਹਾ ਲੈ ਲਿਆ, ਇਨ੍ਹਾਂ ਨੂੰ ਤਾਂ ਸਾਝਰੇ ਪਤਾ ਲੱਗਿਆ," ਦਲੀਪੋ ਨੇ ਦਬਵੀਂ ਆਵਾਜ਼ ਵਿੱਚ ਸੀਤੋ ਨੂੰ ਦੱਸਿਆ।

ਬਘੇਲ ਸਿੰਹੁ ਦੀ ਪਤਨੀ ਹਰਬੰਸ ਕੌਰ ਨੇ ਰੋਂਦਿਆਂ ਕਿਹਾ ਕਿ ਰੁਪਿੰਦਰ ਨੂੰ ਦੱਸ ਦਿਓ। ਵੱਡੀ ਕੁੜੀ ਜਸ ਨੇ ਰੁਪਿੰਦਰ ਨੂੰ ਫੋਨ ਕੀਤਾ, ਫੋਨ ਵਿਵੇਕ ਨੇ ਚੁੱਕਿਆ, "ਰੈਪੀ, ਯੋਅਰ ਕਾਲ।" "ਹੂ ਇਜ਼ ਦਿਸ?" ਰੁਪਿੰਦਰ ਨੇ ਬੀਅਰ ਪੀ ਰੱਖੀ ਸੀ ਅਤੇ ਨਸ਼ੇ ਦੀ ਹਾਲਤ ਵਿੱਚ ਸੀ। "ਜਸ ਯੋਅਰ ਸਿਸ। ਕਹਿ ਰਹੀ ਹੈ, ਡੈਡ ਇਜ਼ ਨੋ ਮੋਰ।" ਜਸ ਨੇ ਰੋਂਦਿਆਂ ਕਿਹਾ, "ਰੁਪਿੰਦਰ ਡੈਡੀ ਨਹੀਂ ਰਹੇ।" "ਲੀਵ ਆਊਟ ਯਾਰ," ਰੁਪਿੰਦਰ ਨੇ ਇੰਨਾ ਕਹਿ ਕੇ ਫੋਨ ਕੱਟ ਦਿੱਤਾ।



# ਰੰਗਾਂ ਦਾ ਇਨਸਾਨਾਂ ਉੱਤੇ ਪ੍ਰਭਾਵ

**‘ਜ਼ਿੰਦਗੀ ਇੱਕ ਸਤਰੰਗੀ ਪੀਂਘ ਹੈ
ਜਿਸ ਦੇ ਸਾਰੇ ਰੰਗ ਮਾਨਣ ਲਈ
ਧੁੱਪ ਅਤੇ ਮੀਂਹ ਦੋਵੇਂ ਜ਼ਰੂਰੀ ਹਨ’**

‘ਰੰਗ’ ਇੱਕ ਬਹੁਤ ਹੀ ਸੁੰਦਰ ਤੇ ਰੰਗੀਨ ਸ਼ਬਦ ਹੈ। ਅੱਖਾਂ ਨਾਲ ਅਨੁਭਵ ਹੋਣ ਵਾਲੇ ਪਦਾਰਥ ਦੇ ਆਕਾਰ ਅਤੇ ਰੂਪ ਤੋਂ ਭਿੰਨ ਇੱਕ ਗੁਣ ਹੈ ‘ਰੰਗ’। ਇਸੇ ਤਰ੍ਹਾਂ ਰੰਗਾਂ ਦੇ ਸਾਡੇ ਦਿਮਾਗ ਅਤੇ ਮਨ ਉੱਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਰੰਗ ਅਤੇ ਜਜ਼ਬਾਤ ਬਹੁਤ ਨੇੜਿਓ ਜੁੜ੍ਹੇ ਹੋਏ ਹਨ। ਗੂੜੇ ਰੰਗ, ਠੰਡੇ ਰੰਗ ਜਾਂ ਚਟਕ ਰੰਗ ਵੱਖ-ਵੱਖ ਤਰ੍ਹਾਂ ਦੇ ਜਜ਼ਬਾਤਾਂ ਤੇ ਅਸਰ ਕਰਦੇ ਹਨ।

ਇਸੇ ਤਰ੍ਹਾਂ ਹੀ ਕਪੜਿਆਂ ਦੇ ਰੰਗਾਂ ਦਾ ਜਾਂ ਸਾਡੇ ਆਲੇ-ਦੁਆਲੇ ਦੀਆਂ ਚੀਜ਼ਾਂ ਦੇ ਰੰਗਾਂ ਦਾ ਸਾਡੇ ਤੇ ਕੀ ਅਸਰ ਪੈਂਦਾ ਹੈ ? ਸਾਨੂੰ ਇਹ ਸਮਝਣਾ ਹੋਵੇਗਾ। ਕੋਈ ਰੰਗ ਜਿਸ ਤਰ੍ਹਾਂ ਦਾ ਦਿਸ ਰਿਹਾ ਹੈ ਇਹੋ ਜਿਹਾ ਕਿਉਂ ਦਿਸਦਾ ਹੈ। ਚਿੱਟਾ ਰੰਗ ਵੀ ਸਫੈਦ ਕਿਉਂ ਹੈ ਜਦੋਂ ਕਿਸੇ ਰੰਗ ’ਤੇ ਰੋਸ਼ਨੀ ਪੈਂਦੀ ਹੈ ਜੇ ਉਹ ਪੂਰੀ ਰੋਸ਼ਨੀ ਨੂੰ ਪ੍ਰਤੀਬਿੰਬ ਕਰ ਦਿੰਦਾ ਹੈ ਤਾਂ ਚਿੱਟਾ ਜਾਪਦਾ ਹੈ। ਰੰਗਾਂ ਵਿੱਚ ਇੰਨੀ ਤਾਕਤ ਹੈ ਇਹ ਸਾਨੂੰ, ਖੁਸ਼ ਕਰ ਸਕਦੇ ਹਨ ਜਾਂ ਦੁਖੀ ਵੀ ਮਹਿਸੂਸ ਕਰਾ ਸਕਦੇ ਹਨ। ਇਥੋਂ ਤੱਕ ਕੇ ਸਾਨੂੰ ਭੁੱਖ ਜਾਂ ਆਰਾਮ ਵੀ ਮਹਿਸੂਸ ਕਰਾ ਸਕਦੇ ਹਨ।

ਗੂੜੇ ਰੰਗ ਜਿਵੇਂ ਕਿ ਲਾਲ, ਸੰਤਰੀ ਅਤੇ ਪੀਲਾ ਇਹ ਇਨਸਾਨ ਵਿੱਚ ਖੁਸ਼ੀ, ਉਤਸ਼ਾਹ ਅਤੇ ਸਕਾਰਾਤਮਕ ਸੋਚ ਨੂੰ ਉਜਾਗਰ ਕਰਦੇ ਹਨ। ਠੰਡੇ ਰੰਗ ਜਿਵੇਂ ਕਿ ਹਰਾ, ਨੀਲਾ ਬੈਂਗਨੀ ਆਦਿ ਸ਼ਾਂਤੀ ਅਤੇ ਟਿਕਾਓ ਦੇ ਪ੍ਰਤੀਕ ਹਨ ਪਰ ਕਦੇ ਕਦੇ ਉਦਾਸੀ ਵੀ ਦਰਸਾਉਂਦੇ ਹਨ। ਇਸ ਤਰ੍ਹਾਂ ਹਰ ਤਰ੍ਹਾਂ ਦੇ ਰੰਗ ਮਨੁੱਖ ਦੇ ਵੱਖ ਵੱਖ ਪ੍ਰਭਾਵ ਪਾਉਂਦੇ ਹਨ। ਕਲਾਕਾਰ ਅਤੇ ਜਿਹੜੇ ਲੋਕ ਘਰਾਂ ਨੂੰ ਸਜਾਉਣ ਦਾ ਕੰਮ ਕਰਦੇ ਹਨ, ਉਨ੍ਹਾਂ ਦੀ ਧਾਰਨਾ ਹੈ ਕਿ ਸਾਡੇ ਸੁਭਾਅ, ਮਹਿਸੂਸ ਕਰਨ ਤੇ ਸਾਡੇ ਜਜ਼ਬਾਤਾਂ ਤੇ ਬਹੁਤ ਅਸਰ ਕਰਦੇ ਹਨ। ਕੁਝ ਵਿਗਿਆਨੀ ਅਤੇ ਡਾਕਟਰ ਮੰਨਦੇ ਹਨ ਕਿ ਰੰਗ ਸਾਡੇ ਬਲੱਡ ਪ੍ਰੇਸ਼ਰ, ਭੁੱਖ ਲੱਗਣ ਅਤੇ ਅੱਖਾਂ ਤੇ ਵੀ ਅਸਰ ਕਰਦੇ ਹਨ। ਕੁਝ ਰੰਗ ਤਾਂ ਅੱਖਾਂ ਦੇਖ ਸਕਦੀਆਂ ਹਨ ਕੁਝ ਪਰਾ ਬੈਂਗਨੀ ਰੰਗ ਅੱਖਾਂ ਦੀ ਹੋਂਦ ਤੋਂ ਪਰੇ ਹਨ। ਉਦਾਹਰਣ ਵਜੋਂ ਤਿੱਤਲੀ ਲੱਗਭਗ 3000 ਰੰਗਾਂ ਨੂੰ ਦੇਖ ਸਕਦੀ ਹੈ ਜੋ ਕਿ ਇਨਸਾਨ ਦੀ ਪਹੁੰਚ ਤੋਂ ਬਹੁਤ ਜ਼ਿਆਦਾ ਹੈ।



ਕਿਰਨਦੀਪ ਕੌਰ
ਉਸਾਹਨ

ਧਰਤੀ ਸਾਨੂੰ ਰੰਗੀਨ ਦਿਸਦੀ ਹੈ ਉਹ ਇਸ ਕਰਕੇ ਕਿ ਰੰਗ ਸਿਰਫ਼ ਅੱਖਾਂ ਵਿੱਚ ਵੱਸਦੇ ਹਨ। ਭਾਵ ਲਾਲ, ਨੀਲਾ, ਹਰਾ, ਪੀਲਾ ਇਹ ਸਭ ਅੱਖਾਂ ਦੀ ਰਸਾਇਣਿਕ ਕਿਰਿਆ ਦਾ ਨਤੀਜਾ ਹੈ। ਕੁਝ ਜਾਨਵਰਾਂ ਨੂੰ ਤਾਂ ਕਾਲਾ ਅਤੇ ਚਿੱਟਾ ਹੀ ਦਿਸਦਾ ਹੈ।

ਜੇਕਰ ਅਸੀਂ ਰੰਗਾਂ ਤੋਂ ਬਿਨ੍ਹਾਂ ਦੁਨੀਆਂ ਬਾਰੇ ਸੋਚਾਂਗੇ ਤਾਂ ਦਿਮਾਗ ਇਕਦਮ ਖਾਲੀ ਹੋ ਜਾਵੇਗਾ। ਕਿਉਂਕਿ ਦੁਨੀਆਂ ਦੀ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਰੰਗ ਹੋਂਦ ਵਿੱਚ ਸੀ ਅਤੇ ਰਹਿਣਗੇ। ‘ਰੰਗ’ ਕੁਦਰਤ ਦੀ ਖੂਬਸੂਰਤ ਹੋਂਦ ਦਾ ਨਮੂਨਾ ਹੈ। ਪੇੜ-ਪੌਂਦੇ, ਫਲ, ਸਬਜ਼ੀਆਂ ਹਰ ਚੀਜ਼ ਰੰਗਦਾਰ ਹੈ। ਜਿਵੇਂ ਕੁਦਰਤੀ ਗੈਸਾਂ ਹੋਂਦ ਵਿੱਚ ਹਨ ਉਸ ਤਰ੍ਹਾਂ ਹੀ ਰੰਗਾਂ ਦਾ ਵੀ ਆਪਣਾ ਵਜੂਦ ਹੈ।

**“ਕੁਦਰਤ ਦਾ ਹਰ ਇੱਕ ਰੰਗ ਖਾਸ ਹੈ
ਹਰ ਰੰਗ ਵਿੱਚ ਅਹਿਸਾਸ ਹੈ।”**




# ਇਨਸਾਨੀ ਫ਼ਰਜ਼

ਹਰੀ ਕ੍ਰਿਸ਼ਨ ਮਾਇਰ, ਮੋਬਾ. 9780667686

ਪਾਣੀ ਲੱਗ ਲੱਗ ਕੇ ਚੰਦੂ ਦੀ ਬੇੜੀ ਖਸਤਾ ਹੋ ਚੁੱਕੀ ਸੀ। ਨਾਲ ਦੇ ਮਲਾਹਾਂ ਨੇ ਆਪਣੀਆਂ ਬੇੜੀਆਂ ਦੀ ਮੁਰੰਮਤ ਵੀ ਕਰਵਾ ਲਈ ਸੀ ਅਤੇ ਰੰਗ ਰੋਗ਼ਨ ਵੀ।ਚੰਦੂ ਦੀ ਬੇੜੀ ਵਿੱਚ ਤਾਂ ਕਦੇ ਕਦੇ ਪਾਣੀ ਵੀ ਵੜ ਜਾਂਦਾ ਸੀ। ਬੇੜੀ ਤੁਰੰਤ ਮੁਰੰਮਤ ਮੰਗਦੀ ਸੀ।ਚੰਦੂ ਨੂੰ ਉਸ ਦੇ ਬਾਪ ਦੀ ਕਹੀ ਗੱਲ,ਹਰ ਵੇਲੇ ਚਿਤਾਵਨੀ ਦੇਂਦੀ ਰਹਿੰਦੀ ਕਿ 'ਇੱਕੋ ਛੇਕ ਕਿਸ਼ਤੀ ਨੂੰ ਡਬੋਣ ਲਈ ਕਾਫ਼ੀ ਹੁੰਦਾ ਹੈ।'

ਇਕ ਦਿਨ ਚੰਦੂ ਨੇ ਫੈਸਲਾ ਕਰ ਲਿਆ ਕਿ ਬੇੜੀ ਨੂੰ ਦੋ ਦਿਨ ਵਿਹਲੀ ਛੱਡ ਕੇ, ਰੰਗ ਰੋਗ਼ਨ ਕਰਾ ਦਿੱਤਾ ਜਾਵੇ।ਇੰਨ੍ਹਾ ਦੋ ਦਿਨਾਂ ਵਿੱਚ, ਉਸ ਨੇ ਲਾਂਭੇ ਕਿਤੇ ਕੰਮ ਜਾਣ ਦਾ ਪ੍ਰੋਗਰਾਮ ਬਣਾ ਲਿਆ।ਲਛਮਣ ਪੇਂਟਰ ਨਾਲ ਗੱਲ ਕੀਤੀ ਤਾਂ ਉਹ ਮੰਨ ਗਿਆ।ਬੇੜੀ ਪੇਂਟਰ ਦੇ ਹਵਾਲੇ ਕਰਕੇ ਚੰਗੀ ਬਾਹਰ ਕੰਮ ਕਰਨ ਚਲਾ ਗਿਆ।

ਪੇਂਟਰ ਨੇ ਤਾਂ ਇੱਕੋ ਦਿਨ ਪੂਰਾ ਲਾ ਕੇ ,ਬੇੜੀ ਦਾ ਕੰਮ ਪੂਰਾ ਨਿਬੇੜ ਲਿਆ ਸੀ।ਦੂਜੇ ਦਿਨ ਸਵੇਰੇ ਹੀ ਉਸ ਨੇ ਬੇੜੀ ਚੰਦੂ ਦੇ ਘਰ ਪਹੁੰਚਦੀ ਕਰ ਦਿੱਤੀ ਸੀ।ਕੰਮ ਕਰਨ ਦੇ ਪੈਸੇ,ਚੰਦੂ ਦੀ ਘਰ ਵਾਲੀ ਨੇ,ਉਸ ਨੂੰ ਦੇ ਦਿੱਤੇ ਸਨ।

ਦਿਨ ਚੜ੍ਹਿਆ ਤਾਂ ਚੰਦੂ ਦੇ ਮੁੰਡੇ ਮਾਂ ਦੇ ਵਰਜਣ ਤੇ ਵੀ,ਬੇੜੀ ਨੂੰ ਦਰਿਆ ਤੇ ਲੈ ਗਏ।ਫੇਰ ਕੀ ਸੀ,ਉਨ੍ਹਾ ਨੇ ਬੇੜੀ ਪਾਣੀ ਵਿੱਚ ਠੇਲ੍ਹ ਦਿੱਤੀ ਉਸ ਦਿਨ ਪਹਾੜੀ ਤੇ ਮੀਂਹ ਵੀ ਬੜਾ ਵਰ੍ਹਿਆ ਸੀ।ਦਰਿਆ ਅੰਦਰ ਪਾਣੀ ਚੜ੍ਹ ਪਿਆ।ਥੱਚੇ ਬੇੜੀ ਨੂੰ ਉੱਚੀਆਂ ਛੱਲਾਂ ਵਿਚ ਲੈ ਗਏ ਸਨ।ਦੂਜੀਆਂ ਬੇੜੀਆਂ ਨਾਲ ਮਸਤੀ ਕਰਨ ਲੱਗੇ।ਉਨ੍ਹਾ ਜਾਲ ਸੁੱਟ ਕੇ ਮੱਛੀਆਂ ਵੀ ਫੜੀਆਂ ਸਨ।ਚੰਦੂ ਹੁੰਦਾ ਤਾਂ ਉਨ੍ਹਾਂ ਨੂੰ ਘੂਰਦਾ।ਸਾਰੇ ਮਲਾਹ ਜਾਣਦੇ ਸਨ ਕਿ ਚੰਦੂ ਅਸੂਲ ਪ੍ਰਸਤ ਆਦਮੀ ਸੀ।ਚਲੋ ਮੱਛੀਆਂ ਤਾਂ ਉਹ ਹਰ ਰੋਜ਼ ਹੀ ਦਰਿਆ 'ਚੋਂ ਫੜ ਕੇ ਲੈ ਜਾਂਦੇ ਸਨ।ਤਾਂਹੀ ਚੁੱਲ੍ਹਾ ਬਲਦਾ ਸੀ। ਅਗਲੇ ਦਿਨ ਚੰਦੂ ਘਰ ਮੁੜ ਆਇਆ।ਘਰ ਵੜਦੇ ਸਾਰ ਉਸ ਦੀ ਨਜ਼ਰ ਬੇੜੀ ਨੂੰ ਲੱਭਣ ਲੱਗੀ।ਪਰ ਬੇੜੀ ਉੱਥੇ ਹੈ ਨਹੀਂ ਸੀ।ਪਤਨੀ ਨੇ ਦੱਸਿਆ ਕਿ ਬੇੜੀ ਤਾਂ ਬੱਚੇ ਲੈ ਗਏ ਸਨ।ਚੰਦੂ ਨੇ ਪਤਨੀ ਨੂੰ ਪੁੱਛਿਆ," ਤੂੰ ਉਨ੍ਹਾ ਨੂੰ ਰੋਕਿਆ ਨਹੀਂ?"

" ਹਟੇ ਨਹੀਂ, ਮੈਂ ਤਾਂ ਰੋਕਿਆ ਸੀ।"

" ਫੇਰ ਚਲੇ ਕਿਮੇਂ ਗਏ।?"



" ਮੈਂ ਹੀ ਸੋਚਿਆ ਕਿ ਖੜੀ ਬੇੜੀ ਕਿਹੜਾ ਰਿਜ਼ਕ ਦੇਂਦੀ ਆ, ਥੋੜ੍ਹੇ ਪੈਸੇ ਵੀ ਕੰਮਾਂ ਲਿਆਉਣਗੇ ਅਤੇ ਮੱਛੀਆਂ ਵੀ ਪਕੜ ਲਿਆਉਣਗੇ।" ਪਤਨੀ ਨੇ ਕਿਹਾ।

" ਤੈਨੂੰ ਪਤਾ ਕਿ ਬੇੜੀ ਅੰਦਰ ਦੋ ਸੁਰਾਖ਼ ਸਨ?" " ਨਹੀਂ"

" ਜੇ ਕਿਸ਼ਤੀ ਅੰਦਰ ਪਾਣੀ ਵੜ ਗਿਆ ਤਾਂ?" " ਫੇਰ ਤਾਂ ਅਸੀਂ ਲੁੱਟੇ ਜਾਵਾਂਗੇ।" " ਇਸੇ ਗੱਲ ਨੇ ਮੈਨੂੰ ਪਾਗਲ ਕਰ ਰੱਖਿਆ ਹੈ ।ਭੋਰਾ ਭੋਰਾ ਲਾਲਚ ਕਈ ਵਾਰ ਬੰਦੇ ਨੂੰ ਮਹਿੰਗੇ ਪੈ ਜਾਂਦੇ ਹਨ।"ਚੰਦੂ ਨੇ ਕਿਹਾ।

ਚੰਦੂ ਦੀ ਪਤਨੀ ਲੱਗੀ ਰੱਬ ਨੂੰ ਅਰਜ਼ੋਈਆਂ ਕਰਨ। ਉਹ ਕਿਸੇ ਬੁਰੀ ਖ਼ਬਰ ਤੋਂ ਡਰ ਰਹੇ ਸਨ।ਉਨ੍ਹਾ ਦੀਆਂ ਅੱਖਾਂ ਸਾਮ੍ਹਣੇ ਮੁੰਡਿਆਂ ਦਾ ਬਚਪਨ ਘੁੰਮਣ ਲੱਗਾ। ਕਿਵੇਂ ਉਨ੍ਹਾ ਨੇ ਜੁਆਕਾਂ ਨੂੰ ਪਾਲਿਆ ਸੀ। " ਜੇ ਮੇਰੇ ਬੱਚਿਆਂ ਨੂੰ ਕੁਝ ਹੋ ਗਿਆ ਤਾਂ ਮੈਂ ਤਾਂ ਜਿਉਂਦਾ ਹੀ ਮਰ ਜਾਵਾਂਗਾ।" ਚੰਦੂ ਬੋਲਿਆ।

" ਸ਼ੁੱਭ ਸ਼ੁੱਭ ਬੋਲੋ ਬੱਚਿਆਂ ਨੂੰ ਕੁਝ ਨਹੀਂ ਹੁੰਦਾ।" ਪਤਨੀ ਚੰਦੂ ਨੂੰ ਦਿਲਾਸਾ ਦੇਂਦੀ ਬੋਲੀ।

ਅਜੇ ਉਹ ਸੋਚ ਹੀ ਰਹੇ ਸਨ ਕਿ ਦੋਵੇਂ ਮੁੰਡੇ ਹੱਸਦੇ ਖੇਡਦੇ ਘਰ ਦੇ ਦਰਵਾਜ਼ੇ ਤੋਂ ਅੰਦਰ ਆਏ।ਚੰਦੂ ਪਹਿਲਾ ਬੇੜੀ ਵੱਲ ਦੌੜਿਆ।ਬੇੜੀ ਤਾਂ ਲਿਸ਼ਕੀ ਪਈ ਸੀ।ਬੇੜੀ ਅੰਦਰ ਕੋਈ ਪਾਣੀ ਨਹੀਂ ਸੀ ਵੜਿਆ।ਸੁਰਾਖ਼ ਵੀ ਬੰਦ ਕੀਤੇ ਹੋਏ ਸਨ।ਚੰਦੂ ਨੇ ਨੀਲੇ ਆਕਾਸ਼ ਵੱਲ ਮੂੰਹ ਕਰਕੇ ਹੱਥ ਜੋੜੇ," ਵਾਹ ਓਏ ਦਾਤਿਆਂ!ਤੇਰਾ ਲੱਖ ਵਾਰ ਸ਼ੁੱਕਰ ਹੈ।"

ਫਿਰ ਉਸ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਆਪਣੀਆਂ ਬਾਹਵਾਂ ਵਿੱਚ ਲੈਂਦਿਆਂ ਕਿਹਾ," ਤੁਸੀਂ ਹਟੇ ਨਹੀਂ ਬੇੜੀ ਲੈ ਕੇ ਜਾਣ ਤੋਂ।"ਬੱਚੇ ਨੀਵੀਂ ਪਾ ਕੇ ਖਲੋਤੇ ਰਹੇ।ਫੇਰ ਚੰਦੂ ਦੇ ਮਨ ਵਿੱਚ ਪਤਾ ਨਹੀਂ ਕੀ ਆਈ ਕਿ ਉਸ ਨੇ ਸਾਇਕਲ ਚੁੱਕਿਆਂ ਅਤੇ ਪੇਂਟਰ ਦੇ ਘਰ ਵੱਲ ਤੁਰ ਪਿਆ।ਪੇਂਟਰ ਦੇ ਘਰ ਪਹੁੰਚਿਆ। ਦੁਆ ਸਲਾਮ ਹੋਈ।ਚੰਦੂ ਨੇ ਜੇਬ ਵਿੱਚੋਂ ਦੋ ਸੌ ਰੁਪਈਏ ਕੱਢੇ ਅਤੇ ਪੇਂਟਰ ਨੂੰ ਦੇਣ ਲੱਗਾ।

" ਇਹ ਕੀ?" ਪੇਂਟਰ ਨੇ ਪੁੱਛਿਆ। " ਰੱਖ ਲੈ ਲਛਮਣਾਂ.. ਰੱਖ ਲੈ।" ਚੰਦੂ ਨੇ ਕਿਹਾ।

" ਪੈਸੇ ਤਾਂ ਮੈਂ ਤੁਹਾਡੇ ਘਰੋਂ ਲੈ ਆਇਆ ਸੀ।" " ਇਹ ਕੰਮ ਦੇ ਪੈਸੇ ਨਹੀਂ।"

" ਹੋਰ ਕਾਹਦੇ ਨੇ?" " ਸੁਰਾਖ਼ ਬੰਦ ਕਰਨ ਦੇ।"

" ਮੇਰੀਆਂ ਅੱਖਾਂ ਨੂੰ ਦਿਸ ਪਏ, ਮੈਂ ਬੰਦ ਕਰ ਦਿੱਤੇ।" ਲਛਮਣ ਨੇ ਕਿਹਾ।

" ਤੂੰ ਅੱਜ ਮੇਰਾ ਰੱਬ ਬਣ ਕੇ ਵਹੁੜਿਆਂ।" ਚੰਦੂ ਦੀਆਂ ਅੱਖਾਂ ਵਿੱਚ ਪਾਣੀ ਤੈਰ ਗਿਆ। " ਕੀ ਬੋਲੀ ਜਾਨਾਂ ਭਰਾਵਾ?" ਲਛਮਣ ਨੇ ਚੰਦੂ ਨੂੰ ਬੁੱਕ.ਲ ਵਿੱਚ ਲੈਂਦਿਆਂ ਕਿਹਾ। ਚੰਦੂ ਦੀਆਂ ਅੱਖਾਂ ਛਲਕ ਪਈਆਂ। ਬੋਲਿਆ," ਮੈਂ ਵਾਂਢੇ ਤੁਰ ਗਿਆ।ਤੂੰ ਇਕੋ ਦਿਨ ਵਿੱਚ ਕੰਮ ਨਿਬੇੜ ਕੇ ਬੇੜੀ ਘਰ ਪੁਚਾ ਦਿੱਤੀ। ਜੁਆਕ ਬੇੜੀ ਚੁੱਕ ਕੇ ਦਰਿਆ ਨੂੰ ਲੈ ਗਏ।ਮੈਨੂੰ ਸੁਰਾਖਾਂ ਦਾ ਚੇਤਾ ਆਇਆ। ਮੈਂ ਤਾਂ ਡਰ ਗਿਆ ਸੀ।ਮੈਂ ਸੋਚਿਆ ਅੱਜ ਨਹੀਂ ਮੁੰਡੇ ਜਿਉਂਦੇ ਘਰ ਮੁੜਦੇ।ਮੈਂ ਬੁਰੀ ਖ਼ਬਰ ਤੋਂ ਡਰ ਗਿਆ ਸੀ।ਪਰ ਮੇਰੇ ਦੋਵੇਂ ਪੁੱਤ ਸਹੀ ਸਲਾਮਤ ਘਰ ਮੁੜ ਆਏ ਨੇ ਲ਼ਛਮਣਾਂ।" ਇਹ ਕਹਿ ਕੇ ਉਹ ਭੁੱਬਾਂ ਮਾਰ ਕੇ ਰੋਣ ਲੱਗਾ। " ਸੁਰਾਖਾਂ ਨੂੰ ਬੰਦ ਕਰਨਾ, ਮੇਰਾ ਇਨਸਾਨੀ ਫਰਜ਼ ਸੀ।" ਪੇਂਟਰ ਬੋਲ਼ਿਆ।

" ਮੇਰੀ ਖ਼ੁਸ਼ੀ ਲਈ ਤੂੰ ਇਹ ਪੈਸੇ ਰੱਖ ਲੈ।" ਚੰਦੂ ਨੇ ਵਾਸਤਾ ਪਾਇਆ।

"ਨਹੀਂ ਚੰਦੂ, ਇਹ ਪੈਸੇ ਮੋੜ ਕੇ ਆਪਣੀ ਜੇਬ ਵਿੱਚ ਪਾ ਲੈ।" "ਪਰ ਮੈਂ ਤੇਰਾ ਅਹਿਸਾਨ ਕਿਵੇਂ ਚੁਕਾਵਾਂ?" " ਕਿਸੇ ਬੰਦੇ ਨਾਲ ਆਪਣਾ ਇਨਸਾਨੀ ਫਰਜ ਤੂੰ ਵੀ ਕਿਤੇ ਨਿਭਾ ਲਈਂ।ਮੇਰਾ ਅਹਿਸਾਨ ਆਪੇ ਚੁਕਤਾ ਹੋ ਜਾਵੇਗਾ।" ਲਛਮਣ ਨੇ ਪੱਤੇ ਦੀ ਗੱਲ ਕਹੀ। "ਧਰਤੀ ਬੌਲਦ ਦੇ ਸਿੰਗਾਂ ਤੇ ਨਹੀਂ ਖੜੀ,ਥੋਡੇ ਵਰਗੇ ਇਨਸਾਨਾਂ ਦੇ ਮੋਢਿਆਂ ਤੇ ਟਿਕੀ ਹੋਈ ਹੈ, ਲਛਮਣਾ।" ਚੰਦੂ ਇਹ ਕਹਿੰਦਾ ਹੋਇਆ ਸਾਇਕਲ ਚੁੱਕ ਕੇ ਆਪਣੇ ਘਰ ਵੱਲ ਮੁੜ ਪਿਆ।

## ਰਸਤਾ ਲੱਭੋ



## ਬਿੰਦੂ ਮਿਲਾਓ




# ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ**
**ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

# ਉਚੇਰੀ ਸਿੱਖਿਆ ਦਾ ਸੰਕਟ

ਪ੍ਰੋਫੈਸਰ ਨਵਨੀਤ ਕੌਰ



ਸਿੱਖਿਆ ਮਨੁੱਖ ਦੇ ਮਨ ਨੂੰ ਜਾਗਰੂਕ ਕਰਦੀ, ਸੋਚ ਨੂੰ ਗਹਿਰਾਈ ਦਿੰਦੀ ਅਤੇ ਜੀਵਨ ਵਿੱਚ ਨਵੇਂ ਮੌਕਿਆਂ ਦੇ ਰਾਹ ਖੋਲ੍ਹਦੀ ਹੈ। ਇਹ ਸਿਰਫ਼ ਜਾਣਕਾਰੀ ਨਹੀਂ, ਸਗੋਂ ਸਮਝ ਅਤੇ ਚੇਤਨਾ ਬਖ਼ਸ਼ਦੀ ਹੈ। ਇਸ ਪ੍ਰਸੰਗ ਵਿੱਚ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤ ਅਤੇ ਕਲਿਆਣਕਾਰੀ ਰਾਜ ਦੀ ਧਾਰਨਾ ਸਪੱਸ਼ਟ ਕਰਦੇ ਹਨ ਕਿ ਚੁਣੀ ਹੋਈ ਸਰਕਾਰ ਉੱਤੇ ਹਰ ਨਾਗਰਿਕ ਲਈ ਸਿੱਖਿਆ ਤੱਕ ਸਮਾਨ ਪਹੁੰਚ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ। ਇਹ ਸਿਰਫ਼ ਨੀਤੀ ਨਹੀਂ, ਸਗੋਂ ਲੋਕਤੰਤਰ ਦੀ ਅਸਲ ਨੀਂਹ ਹੈ। ਹਕੀਕਤ ਇਸ ਦੇ ਉਲਟ ਹੈ। ਬੱਜਟ ਵਿੱਚ ਸਿੱਖਿਆ ਲਈ ਲਗਾਤਾਰ ਘਟਦੀ ਵਿੱਤੀ ਵੰਡ, ਸਰਕਾਰੀ ਯੂਨੀਵਰਸਿਟੀਆਂ ਵਿੱਚ ਵਧ ਰਹੀਆਂ ਫੀਸਾਂ ਅਤੇ ਸਕਾਲਰਸ਼ਿਪਾਂ ਤੇ ਫੈਲੋਸ਼ਿਪਾਂ ਵਿੱਚ ਕਟੌਤੀ ਇਸ ਗੱਲ ਨੂੰ ਸਾਫ਼ ਤੌਰ 'ਤੇ ਦਰਸਾਉਂਦੀਆਂ ਹਨ ਕਿ ਉੱਚ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਦੀ ਜਨਤਕ ਜ਼ਿੰਮੇਵਾਰੀ ਲਗਾਤਾਰ ਸਿਮਟ ਰਹੀ ਹੈ।

ਕੇਂਦਰੀ ਬੱਜਟ ਵਿੱਚ ਸਿੱਖਿਆ ਲਈ ਲਗਾਤਾਰ ਘਟ ਰਹੀ ਰਾਸ਼ੀ ਇਸ ਤੋਂ ਪਿੱਛੇ ਹਟਣ ਦਾ ਪਹਿਲਾ ਸੰਕੇਤ ਹੈ। 2015 ਵਿੱਚ ਸਿੱਖਿਆ ਲਈ ਬੱਜਟ ਦਾ 3.88 ਫ਼ੀਸਦੀ ਰੱਖਿਆ ਗਿਆ, ਜਿਸ ਵਿੱਚੋਂ ਸਿਰਫ਼ 1.51 ਫ਼ੀਸਦੀ ਉਚੇਰੀ ਸਿੱਖਿਆ ਲਈ ਸੀ। ਸਮੇਂ ਦੇ ਨਾਲ ਇਹ ਹਿੱਸਾ ਘਟਦਾ ਗਿਆ ਅਤੇ 2024-25 ਦੇ ਬਜਟ ਵਿੱਚ ਇਹ ਲਗਪਗ 2.5 ਫ਼ੀਸਦੀ ਤੱਕ ਰਹਿ ਗਿਆ। ਇਸੇ ਤਰ੍ਹਾਂ ਜੀ ਡੀ ਪੀ ਦੇ ਹਿੱਸੇ ਵਜੋਂ ਸਿੱਖਿਆ 'ਤੇ ਖ਼ਰਚ ਪਿਛਲੇ ਸਾਲਾਂ ਵਿੱਚ ਸਿਰਫ਼ 0.50 ਫ਼ੀਸਦੀ ਤੋਂ 0.75 ਫ਼ੀਸਦੀ ਤੱਕ ਹੀ ਰਿਹਾ ਹੈ, ਜੋ ਕਿ ਕੌਮੀ ਸਿੱਖਿਆ ਨੀਤੀ ਅਤੇ ਪਹਿਲੀਆਂ ਕਮੇਟੀਆਂ ਦੁਆਰਾ ਸੁਝਾਏ ਗਏ 6 ਫ਼ੀਸਦੀ ਤੋਂ ਕਾਫ਼ੀ ਘੱਟ ਹੈ।

ਪੰਜਾਬ ਦੇ ਬਜਟ ਵਿੱਚ 2015 'ਚ ਸਿੱਖਿਆ ਲਈ ਬਜਟ ਦਾ 11.20 ਫ਼ੀਸਦੀ ਹਿੱਸਾ ਸੀ ਜਦੋਂਕਿ ਉੱਚ ਸਿੱਖਿਆ ਨੂੰ ਮਹਿਜ਼ 0.75 ਫ਼ੀਸਦੀ ਮਿਲਿਆ। 2020 ਵਿੱਚ ਇਸ ਵਿੱਚ ਤੇਜ਼ੀ ਨਾਲ ਗਿਰਾਵਟ ਆਈ, ਜਦੋਂ ਸਿੱਖਿਆ ਦਾ ਹਿੱਸਾ ਘਟ ਕੇ 8.06 ਫ਼ੀਸਦੀ ਰਹਿ ਗਿਆ ਅਤੇ ਉੱਚ ਸਿੱਖਿਆ ਦਾ ਹਿੱਸਾ ਹੋਰ ਘਟ ਕੇ 0.55 ਫ਼ੀਸਦੀ ਤੱਕ ਆ ਗਿਆ। ਹਾਲਾਂਕਿ 2025 ਵਿੱਚ ਸਿੱਖਿਆ ਲਈ ਵੰਡ ਮੁੜ ਵਧ ਕੇ ਕੁੱਲ ਰਾਜ ਖਰਚ ਦਾ 12.3 ਫ਼ੀਸਦੀ ਹੋ ਗਈ, ਪਰ ਉੱਚ ਸਿੱਖਿਆ ਦਾ ਹਿੱਸਾ ਸਿਰਫ਼ 0.25 ਫ਼ੀਸਦੀ ਤੱਕ ਸਿਮਟ ਗਿਆ। ਇਸ ਦੌਰਾਨ ਲਗਾਤਾਰ ਅਸਮਾਨਤਾ ਵੇਖੀ ਗਈ ਹੈ ਕਿਉਂਕਿ ਉੱਚ ਸਿੱਖਿਆ ਲਈ ਹਮੇਸ਼ਾ ਘੱਟ ਹਿੱਸਾ ਮਿਲਿਆ ਜਦੋਂਕਿ ਵੱਡਾ ਹਿੱਸਾ ਸਕੂਲੀ ਪੱਧਰ ਦੇ ਵਿਕਾਸ ਕਾਰਜਾਂ ਵੱਲ ਗਿਆ। ਇਹ ਗੱਲ ਸਪੱਸ਼ਟ ਕਰਦੀ ਹੈ ਕਿ ਭਾਰਤ ਵਿੱਚ ਉਚੇਰੀ ਸਿੱਖਿਆ ਖੇਤਰ ਹਾਲੇ ਤੱਕ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਿਲ ਨਹੀਂ ਹੋ ਸਕਿਆ। ਘਟਦੀਆਂ ਵਿੱਤੀ ਵੰਡਾਂ ਦਾ ਸਭ ਤੋਂ ਸਿੱਧਾ ਅਤੇ ਗੰਭੀਰ ਅਸਰ ਸਕਾਲਰਸ਼ਿਪਾਂ ਅਤੇ ਫੈਲੋਸ਼ਿਪਾਂ ਦੇ ਲਾਭਪਾਤਰੀਆਂ ਦੀ ਘਟਦੀ ਗਿਣਤੀ ਵਜੋਂ ਸਾਹਮਣੇ ਆਇਆ ਹੈ। ਕੇਂਦਰੀ ਬਜਟ 2025-26 ਵਿੱਚ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀਆਂ ਲਈ ਕੌਮੀ ਫੈਲੋਸ਼ਿਪ ਅਤੇ ਸਕਾਲਰਸ਼ਿਪ ਯੋਜਨਾ ਨੂੰ ਲਗਪਗ ਖ਼ਤਮ ਕਰ ਦਿੱਤਾ ਗਿਆ ਕਿਉਂਕਿ ਇਸ ਦੀ ਵੰਡ 165 ਕਰੋੜ ਰੁਪਏ ਤੋਂ ਘਟਾ ਕੇ ਸਿਰਫ਼ 0.02 ਕਰੋੜ ਰੁਪਏ ਕਰ ਦਿੱਤੀ ਗਈ। ਇਹ ਤਕਰੀਬਨ 99.9 ਫ਼ੀਸਦੀ ਦੀ ਕਟੌਤੀ ਹੈ। ਇਸੇ ਰੁਝਾਨ ਅਨੁਸਾਰ, ਹੋਰ ਪੱਛੜੇ ਵਰਗਾਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਕੌਮੀ ਫੈਲੋਸ਼ਿਪ ਵੰਡ ਵਿੱਚ ਵੀ ਕਮੀ ਕੀਤੀ ਗਈ ਹੈ। ਨਤੀਜੇ ਵਜੋਂ ਸਮਾਜ ਦੇ ਸਮਰੱਥ ਅਤੇ ਗ਼ਰੀਬ ਵਰਗਾਂ ਵਿਚਕਾਰ ਪਾੜਾ ਹੋਰ ਵੀ ਵਧ ਰਿਹਾ ਹੈ।

ਇੱਕ ਅੰਗਰੇਜ਼ੀ ਅਖ਼ਬਾਰ ਵਿੱਚ ਛਾਪੀ ਗਈ ਰਿਪੋਰਟ ਅਨੁਸਾਰ, ਪਿਛਲੇ ਪੰਜ ਸਾਲਾਂ ਵਿੱਚ ਓ ਬੀ ਸੀ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਦੇ ਲਾਭਪਾਤਰੀਆਂ ਦੀ ਗਿਣਤੀ 77 ਫ਼ੀਸਦੀ ਘਟ ਗਈ ਹੈ। ਗਿਣਤੀ ਵਿੱਚ ਆਈ ਇਹ ਗਿਰਾਵਟ ਮਹਿਜ਼ ਚਾਰ ਸਾਲਾਂ ਵਿੱਚ 94 ਫ਼ੀਸਦੀ ਤੱਕ ਪਹੁੰਚ ਗਈ ਹੈ ਜਦੋਂਕਿ ਐੱਸ ਸੀ ਵਿਦਿਆਰਥੀਆਂ ਲਈ ਸਕਾਲਰਸ਼ਿਪਾਂ ਵਿੱਚ 57 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਲਗਾਤਾਰ ਘਟਦੀ ਵਿੱਤੀ ਸਹਾਇਤਾ ਦਰਸਾਉਂਦੀ ਹੈ ਕਿ ਵਿਦਿਆਰਥੀ ਸਹਾਇਤਾ ਪ੍ਰਣਾਲੀ ਨੂੰ ਤਰਤੀਬਵਾਰ ਢੰਗ ਨਾਲ ਸੀਮਿਤ ਕੀਤਾ ਜਾ ਰਿਹਾ ਹੈ। ਇਹ ਰੁਝਾਨ ਨੀਤੀਘਾੜਿਆਂ ਅਤੇ ਸਿਆਸੀ ਅਗਵਾਈ ਦੀ ਸਾਂਝੀ ਨਾਕਾਮੀ ਨੂੰ ਬੇਨਕਾਬ ਕਰਦਾ ਹੈ, ਜਿੱਥੇ ਉੱਚ ਸਿੱਖਿਆ ਵਿੱਚ ਸਮਾਨਤਾ ਦੇ ਮੂਲ ਸਿਧਾਂਤ ਨੂੰ ਕਾਇਮ ਰੱਖਣ ਵਿੱਚ ਅਸਫਲਤਾ ਦਿਖਾਈ ਦਿੰਦੀ ਹੈ। ਸਕਾਲਰਸ਼ਿਪਾਂ ਨੂੰ ਮੰਗ-ਆਧਾਰਿਤ ਨਹੀਂ, ਸਗੋਂ ਫੰਡ-ਆਧਾਰਿਤ ਦੱਸਣ ਦੀ ਤਰਕਸ਼ੀਲਤਾ ਉਸ ਵੇਲੇ ਖੋਖਲੀ ਲੱਗਦੀ ਹੈ, ਜਦੋਂ ਉਪਲਬਧ ਫੰਡਾਂ ਦੀ ਵਰਤੋਂ ਨਾ ਹੋਣ ਦੇ ਮਾਮਲੇ ਸਾਹਮਣੇ ਆਉਂਦੇ ਹਨ।

ਸੀ ਏ ਜੀ ਦੀ 2017-18 ਦੀ ਰਿਪੋਰਟ ਮੁਤਾਬਿਕ 2006-07 ਤੋਂ ਲੈ ਕੇ 94,036 ਕਰੋੜ ਰੁਪਏ ਦੀ ਰਕਮ ਸੈਕੰਡਰੀ ਅਤੇ ਹਾਇਰ ਐਜੂਕੇਸ਼ਨ ਸੈੱਸ ਵਜੋਂ ਇਕੱਠੀ ਕੀਤੀ ਗਈ, ਪਰ ਇਸ ਦਾ ਵੱਡਾ ਹਿੱਸਾ ਭਾਰਤ ਦੇ ਸੰਯੁਕਤ ਫੰਡ ਵਿੱਚ ਹੀ ਪਿਆ ਰਿਹਾ ਅਤੇ ਇਸ ਦਾ ਪੂਰਾ ਲਾਭ ਸਿੱਖਿਆ ਖੇਤਰ ਤੱਕ ਨਹੀਂ ਪਹੁੰਚਿਆ। ਪਹਿਲੀ ਅਪਰੈਲ 2018 ਤੋਂ ਸਰਕਾਰ ਨੇ ਇਨ੍ਹਾਂ ਦੋ ਸੈੱਸਾਂ ਨੂੰ ਮਿਲਾ ਕੇ 4 ਫ਼ੀਸਦੀ ਦਾ ਹੈਲਥ ਅਤੇ ਐਜੂਕੇਸ਼ਨ ਸੈੱਸ ਲਾਗੂ ਕੀਤਾ, ਪਰ ਮੁੱਖ ਸਵਾਲ ਹਾਲੇ ਵੀ ਕਾਇਮ ਹੈ; ਜਦੋਂ ਸਰੋਤ ਮੌਜੂਦ ਹਨ ਤਾਂ ਫਿਰ ਸਿੱਖਿਆ ਬੱਜਟ ਵਿੱਚ ਘਾਟਾ ਕਿਉਂ ?

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਿੱਤੀ ਸੰਕਟ ਦੀ ਦਲੀਲ ਸਿੱਖਿਆ ਵਿੱਚ ਘੱਟ ਨਿਵੇਸ਼ ਅਤੇ ਵਜ਼ੀਫ਼ਿਆਂ 'ਚ ਕਟੌਤੀਆਂ ਨੂੰ ਵਾਜਬ ਠਹਿਰਾਉਣ ਲਈ ਵਰਤੀ ਜਾਂਦੀ ਹੈ। ਲਗਾਤਾਰ ਸੈੱਸ ਦੀ ਰਕਮ ਦਾ ਅਣਵਰਤਿਆ ਰਹਿ ਜਾਣਾ ਇਸ ਗੱਲ ਨੂੰ ਵੀ ਉਜਾਗਰ ਕਰਦਾ ਹੈ ਕਿ ਪੈਸਾ ਹੋਣ ਦੇ ਬਾਵਜੂਦ ਸਮਾਜਿਕ ਖੇਤਰਾਂ 'ਤੇ ਖਰਚ ਕਰਨ ਤੋਂ ਜਾਣਬੁੱਝ ਕੇ ਕਿਨਾਰਾ ਕੀਤਾ ਜਾ ਰਿਹਾ ਹੈ। ਇਹ ਰੁਝਾਨ ਉੱਚ ਸਿੱਖਿਆ ਵਿੱਚ ਨਿੱਜੀ ਖੇਤਰ ਨੂੰ ਉਤਸ਼ਾਹਿਤ ਕਰਨ ਨਾਲ ਹੋਰ ਮਜ਼ਬੂਤ ਹੋ ਰਿਹਾ ਹੈ। 2010-11 ਵਿੱਚ ਦੇਸ਼ ਵਿੱਚ ਕੁੱਲ 523 ਯੂਨੀਵਰਸਿਟੀਆਂ ਸਨ, ਜਿਨ੍ਹਾਂ ਵਿੱਚੋਂ ਸਿਰਫ਼ 80 ਨਿੱਜੀ ਸਨ। ਜੁਲਾਈ 2025 ਤੱਕ ਇਹ ਗਿਣਤੀ ਵਧ ਕੇ 1,213 ਹੋ ਗਈ, ਜਿਨ੍ਹਾਂ ਵਿੱਚ 546 ਨਿੱਜੀ ਯੂਨੀਵਰਸਿਟੀਆਂ ਹਨ। ਨਿੱਜੀ ਖੇਤਰ ਦਾ ਤੇਜ਼ੀ ਨਾਲ ਫੈਲਾਅ ਦਰਸਾਉਂਦਾ ਹੈ ਕਿ ਉੱਚ ਸਿੱਖਿਆ ਹੌਲੀ-ਹੌਲੀ ਜਨਤਕ ਪ੍ਰਬੰਧ ਤੋਂ ਦੂਰ ਹੋ ਰਹੀ ਹੈ।

ਨਵੀਆਂ ਨਿੱਜੀ ਯੂਨੀਵਰਸਿਟੀਆਂ ਦੀ ਸਥਾਪਨਾ ਲਈ ਕਾਨੂੰਨ ਸੂਬਾਈ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਜਾਂਦੇ ਹਨ। ਫੀਸਾਂ ਤੈਅ ਕਰਨ ਵਿੱਚ ਨਿੱਜੀ ਯੂਨੀਵਰਸਿਟੀਆਂ ਦੀ ਖ਼ੁਦਮੁਖਤਿਆਰੀ ਹੁੰਦੀ ਹੈ, ਜਿਸ ਕਾਰਨ ਆਮ ਤੌਰ 'ਤੇ ਫੀਸਾਂ ਕਾਫ਼ੀ ਹੁੰਦੀਆਂ ਹਨ। ਇਹ ਨਿੱਜੀ ਸੰਸਥਾਵਾਂ ਵਿਆਪਕ ਰਾਖਵਾਂਕਰਨ ਨੀਤੀਆਂ ਨਾਲ ਬੱਝੀਆਂ ਨਹੀਂ ਹੁੰਦੀਆਂ, ਖ਼ਾਸਕਰ ਆਰਥਿਕ ਅਤੇ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਲਈ। ਇਸ ਨਾਲ ਜ਼ਰੂਰਤਮੰਦ ਵਿਦਿਆਰਥੀਆਂ ਦੀ ਪਹੁੰਚ ਸੀਮਿਤ ਹੋ ਜਾਂਦੀ ਹੈ। ਜੇ ਨਿੱਜੀ ਯੂਨੀਵਰਸਿਟੀਆਂ ਦਾ ਇਹ ਰੁਝਾਨ ਅਗਲੇ ਦਹਾਕੇ ਤੱਕ ਬਰਕਰਾਰ ਰਹਿੰਦਾ ਹੈ ਤਾਂ ਢਾਂਚਾਗਤ ਤੌਰ 'ਤੇ ਪੱਛੜੇ ਵਿਦਿਆਰਥੀਆਂ ਨੂੰ ਇੰਜੀਨੀਅਰਿੰਗ, ਚਿਕਿਤਸਾ ਅਤੇ ਅਧਿਆਪਨ ਵਰਗੇ ਉੱਚ-ਕੁਸ਼ਲ ਤੇ ਉੱਚ-ਤਨਖ਼ਾਹ ਵਾਲੇ ਖੇਤਰਾਂ ਤੋਂ ਸਿਲਸਿਲੇਵਾਰ ਢੰਗ ਨਾਲ ਹਾਸ਼ੀਏ 'ਤੇ ਧੱਕ ਦਿੱਤਾ ਜਾਵੇਗਾ।ਇਹ ਹਾਲਾਤ ਸਿਰਫ਼ ਪਹੁੰਚ ਦੇ ਮਸਲੇ ਤੱਕ ਹੀ ਸੀਮਿਤ ਨਹੀਂ ਰਹਿੰਦੇ, ਸਗੋਂ ਪੂਰੀ ਸਿੱਖਿਆ ਪ੍ਰਣਾਲੀ ਦੀ ਬਣਤਰ ਅਤੇ ਦਿਸ਼ਾ 'ਤੇ ਵੀ ਅਸਰ ਪਾਉਂਦੇ ਹਨ। ਜਦੋਂ ਉੱਚ ਸਿੱਖਿਆ ਤੱਕ ਪਹੁੰਚ ਹੀ ਅਸਮਾਨ ਹੋ ਜਾਵੇ ਤਾਂ ਨੀਤੀਆਂ ਅਤੇ ਨਿਯੰਤਰਣ ਦੇ ਤਰੀਕੇ ਇਸ ਨਾਬਰਾਬਰੀ ਨੂੰ ਹੋਰ ਗਹਿਰਾ ਕਰ ਸਕਦੇ ਹਨ। ਇਸ ਤਰ੍ਹਾਂ ਪ੍ਰਬੰਧਕੀ ਢਾਂਚੇ ਵਿੱਚ ਹੋ ਰਹੇ ਬਦਲਾਅ ਆਪਸ ਵਿੱਚ ਜੁੜ ਕੇ ਇੱਕ ਵੱਡੀ ਚੁਣੌਤੀ ਬਣ ਜਾਂਦੇ ਹਨ।

ਇੱਕ ਸਵਾਲ ਉੱਠਦਾ ਹੈ: ਕੀ ਚੁਣੇ ਹੋਏ ਪ੍ਰਤੀਨਿਧੀ ਅਸਲ ਵਿੱਚ ਬਰਾਬਰ, ਸਸਤੀ ਅਤੇ ਸਭ ਲਈ ਪਹੁੰਚਯੋਗ ਉੱਚ ਸਿੱਖਿਆ ਯਕੀਨੀ ਬਣਾਉਣ ਦੀ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ? ਇਸ ਦੇ ਨਾਲ ਹੀ, ਉੱਚ ਸਿੱਖਿਆ ਪ੍ਰਣਾਲੀ 'ਤੇ ਨਿਯੰਤਰਣ ਨੂੰ ਕੇਂਦਰਿਤ ਕਰਨ ਦੀਆਂ ਕਈ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਅਸਲ ਵਿੱਚ ਕੰਟਰੋਲ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਪਾਠਕ੍ਰਮ ਨੂੰ ਮੁੜ ਤਿਆਰ ਕਰਨ, ਡਿਜ਼ਾਈਨ ਕਰਨ ਅਤੇ ਨਿਰਧਾਰਤ ਕਰਨ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਭਾਸ਼ਾ, ਖੇਤਰ, ਸੰਸਕ੍ਰਿਤੀ ਅਤੇ ਸਥਾਨਕ ਲੋੜਾਂ ਦੀ ਵਿਭਿੰਨਤਾ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਮਸੌਦਾ ਸਿੱਖਿਆ ਬਿੱਲ (VBSAB) 2025 ਇੱਕ ਵੱਡੇ ਬਦਲਾਅ ਦੀ ਨਿਸ਼ਾਨਦੇਹੀ ਕਰਦਾ ਹੈ, ਜਿੱਥੇ ਸਿੱਖਿਆ ਨੂੰ ਜਨਹਿਤ ਦੇ ਸਰੋਤ ਤੋਂ ਬਦਲ ਕੇ ਇੱਕ ਨਿਯੰਤਰਿਤ ਬਾਜ਼ਾਰ ਵਜੋਂ ਦੇਖਿਆ ਜਾ ਰਿਹਾ ਹੈ। ਇਹ ਕੇਂਦਰੀਕਰਨ, ਸੰਸਥਾਗਤ ਆਤਮ-ਨਿਰਭਰਤਾ ਅਤੇ ਨਿੱਜੀ ਭਾਗੀਦਾਰੀ ਨੂੰ ਤਰਜੀਹ ਦਿੰਦਾ ਹੈ। ਇਸ ਦਾ ਕੇਂਦਰੀ ਉਦੇਸ਼ ਪ੍ਰਣਾਲੀ ਨੂੰ ਇਕਸਾਰ ਅਤੇ ਕੇਂਦਰਿਤ ਬਣਾਉਣਾ ਹੈ, ਜਿੱਥੇ ਕੰਟਰੋਲ ਕਰਨ ਵਾਲੀਆਂ ਸੰਸਥਾਵਾਂ ਨੂੰ ਵਧੇਰੇ ਅਧਿਕਾਰ ਮਿਲਦੇ ਹਨ। ਉੱਪਰੋਂ ਇਹ ਗੁਣਵੱਤਾ ਅਤੇ ਸੁਧਾਰ ਦੀ ਪਹਿਲ ਵਾਂਗ ਦਿਸਦਾ ਹੈ, ਪਰ ਅੰਦਰੂਨੀ ਤੌਰ 'ਤੇ ਇਹ ਸਿੱਖਿਆ ਨੂੰ ਜਨਹਿਤ ਸੇਵਾ ਤੋਂ ਹਟਾ ਕੇ ਇੱਕ ਨਿਯੰਤਰਿਤ ਬਾਜ਼ਾਰ ਦੇ ਢਾਂਚੇ ਵੱਲ ਮੋੜਦਾ ਹੈ।

ਇਸ ਸੰਦਰਭ ਵਿੱਚ ਮੁੱਖ ਸਵਾਲ ਇਹ ਉੱਠਦਾ ਹੈ ਕਿ ਕੀ ਅਸੀਂ ਸਿੱਖਿਆ ਨੂੰ ਸੱਚਮੁੱਚ ਇੱਕ ਅਧਿਕਾਰ ਵਜੋਂ ਬਰਕਰਾਰ ਰੱਖ ਰਹੇ ਹਾਂ ਜਾਂ ਇਸ ਨੂੰ ਹੌਲੀ-ਹੌਲੀ ਬਾਜ਼ਾਰ ਦੇ ਹਵਾਲੇ ਕਰ ਰਹੇ ਹਾਂ? ਨਾਲ ਹੀ, ਇਹ ਵੀ ਸੋਚਣ ਦੀ ਲੋੜ ਹੈ ਕਿ ਰਾਜਨੀਤਿਕ ਪਾਰਟੀਆਂ ਇਸ ਮੁੱਦੇ 'ਤੇ ਖ਼ਾਮੋਸ਼ ਕਿਉਂ ਹਨ? ਕੀ ਇਹ ਚੁੱਪ ਸਿਰਫ਼ ਇਤਫ਼ਾਕ ਹੈ ਜਾਂ ਫਿਰ ਨੀਤੀਗਤ ਤਰਜੀਹਾਂ ਅਤੇ ਆਰਥਿਕ ਹਿੱਤਾਂ ਨਾਲ ਜੁੜੀ ਹੋਈ ਹੈ?

ਇਨ੍ਹਾਂ ਚੁਣੌਤੀਆਂ ਨੂੰ ਹੱਲ ਕਰਨ ਦੀ ਫੌਰੀ ਲੋੜ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਹ ਚੁਣੌਤੀਆਂ ਸਮਾਂਬੱਧ ਢੰਗ ਨਾਲ ਦੂਰ ਕਰਨ ਲਈ ਖਾਕਾ ਉਲੀਕਣਾ ਚਾਹੀਦਾ ਹੈ, ਜਿਸ ਰਾਹੀਂ ਸਿੱਖਿਆ 'ਤੇ ਖ਼ਰਚਾ ਜੀ ਡੀ ਪੀ ਦੇ 6 ਫ਼ੀਸਦੀ ਤੱਕ ਵਧਾਇਆ ਜਾਵੇ ਅਤੇ ਉੱਚ ਸਿੱਖਿਆ ਲਈ ਸਪੱਸ਼ਟ ਤੌਰ 'ਤੇ ਹਿੱਸਾ ਨਿਰਧਾਰਤ ਕੀਤਾ ਜਾਵੇ। ਐੱਸ ਸੀ/ਐੱਸ ਟੀ/ ਓ ਬੀ ਸੀ, ਘੱਟ ਗਿਣਤੀਆਂ, ਮਹਿਲਾਵਾਂ ਅਤੇ ਪਹਿਲੀ ਪੀੜ੍ਹੀ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਅਤੇ ਫੈਲੋਸ਼ਿਪ ਮੰਗ-ਆਧਾਰਿਤ ਅਤੇ ਪੂਰੀ ਤਰ੍ਹਾਂ ਫੰਡ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਿੱਖਿਆ ਸੈੱਸ ਦੀ ਰਕਮ ਪਈ ਹੋਣ ਦੇ ਬਾਵਜੂਦ ਵਿੱਤੀ ਸਹਾਇਤਾ 'ਚ ਕਟੌਤੀ ਕਰਨਾ ਵਿੱਤੀ ਤੌਰ 'ਤੇ ਜਾਇਜ਼ ਨਹੀਂ ਹੈ। ਨਿੱਜੀ ਉੱਚ ਸਿੱਖਿਆ ਨੂੰ ਸਰਕਾਰੀ ਪ੍ਰਬੰਧ ਦੇ ਬਦਲ ਵਜੋਂ ਉਤਸ਼ਾਹਿਤ ਕਰਨ ਦੀ ਥਾਂ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਕਦਮਾਂ ਲਈ ਸਿਆਸੀ ਪੱਧਰ 'ਤੇ ਇੱਛਾ-ਸ਼ਕਤੀ ਦੀ ਲੋੜ ਹੈ। ਜੇਕਰ ਇਹ ਸੁਧਾਰਾਤਮਕ ਕਦਮ ਨਾ ਚੁੱਕੇ ਗਏ ਤਾਂ ਮੌਜੂਦਾ ਨੀਤੀਆਂ ਸਰਕਾਰੀ ਉੱਚ ਸਿੱਖਿਆ ਨੂੰ ਕਮਜ਼ੋਰ ਕਰਦੀਆਂ ਰਹਿਣਗੀਆਂ ਅਤੇ ਨਿਗਰਾਨੀ ਦੀ ਬਜਾਏ ਬਜਟ 'ਚ ਕੀਤੀ ਗਈ ਵੰਡ ਰਾਹੀਂ ਅਸਮਾਨਤਾ ਨੂੰ ਹੋਰ ਮਜ਼ਬੂਤ ਕਰਨਗੀਆਂ।

# ਪੰਜਾਬ 'ਚ ਪਾਣੀ ਦਾ ਸੰਕਟ

ਵਿਸ਼ੇਸ਼ ਰਿਪੋਰਟ

ਇਹ ਪਹਿਲੀ ਵਾਰ ਨਹੀਂ ਜਦੋਂ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦੀ ਨਿੱਘਰ ਰਹੀ ਸਤਹਿ ਅਤੇ ਇਸ ਦੀ ਗੁਣਵੱਤਾ ਨੂੰ ਲੈ ਕੇ ਖ਼ਬਰਦਾਰ ਕਰਨ ਵਾਲੀ ਕੋਈ ਰਿਪੋਰਟ ਆਈ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਸੰਕਟ ਵੱਲ ਅਜੇ ਤੱਕ ਕਿਸੇ ਵੀ ਧਿਰ ਨੇ ਤਵੱਜੋ ਨਹੀਂ ਦਿੱਤੀ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸੂਬੇ ਅੰਦਰ ਮਾਨਵੀ ਤੇ ਮਵੇਸ਼ੀ ਸਿਹਤ ਅਤੇ ਬਨਸਪਤੀ ਦਾ ਸੰਕਟ ਦਿਨੋ-ਦਿਨ ਗਹਿਰਾ ਹੋ ਰਿਹਾ ਹੈ। ਹਾਲ ਹੀ ਵਿੱਚ ਜਲ ਸਰੋਤਾਂ ਬਾਰੇ ਸਥਾਈ ਸੰਸਦੀ ਕਮੇਟੀ ਨੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਵਧ ਰਹੇ ਰੇਡੀਐਕਟਿਵ ਅਤੇ ਜ਼ਹਿਰੀਲੇ ਮਾਦਿਆਂ ਦੀ ਭਰਮਾਰ ਵੱਲ ਧਿਆਨ ਦਿਵਾਉਂਦਿਆਂ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਪ੍ਰਭਾਵਿਤ ਖੇਤਰਾਂ ਵਿੱਚ ਸਾਫ਼ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਦੀ ਸਿਫ਼ਾਰਸ਼ ਕੀਤੀ ਹੈ।

ਸੰਸਦੀ ਕਮੇਟੀ ਦੀ ਰਿਪੋਰਟ ਵਿੱਚ ਇਹ ਗੱਲ ਉਭਾਰੀ ਗਈ ਹੈ ਕਿ ਫਤਹਿਗੜ੍ਹ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ, ਮੋਗਾ, ਪਟਿਆਲਾ ਅਤੇ ਰੂਪਨਗਰ ਸਣੇ ਪੰਜਾਬ ਦੇ ਨੌਂ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਇਰਨ, ਖਾਰੇ, ਨਾਈਟ੍ਰੇਟ ਅਤੇ ਭਾਰੀਆਂ ਧਾਤਾਂ ਦੇ ਕਣਾਂ ਦਾ ਪੱਧਰ ਕਾਫ਼ੀ ਉੱਚਾ ਹੈ। ਇਨ੍ਹਾਂ ਜ਼ਿਲ੍ਹਿਆਂ ਦੇ ਲੋਕਾਂ ਅੰਦਰ ਮਾੜੇ ਪਾਣੀ ਦੀ ਵਰਤੋਂ ਦੇ ਅਸਰ ਸਾਹਮਣੇ ਆਉਣ ਲੱਗ ਪਏ ਹਨ। ਯੂਰੇਨੀਅਮ ਜਿਹੇ ਰੇਡੀਓਐਕਟਿਵ ਤੱਤਾਂ ਦੇ ਰਲਾਅ ਵਾਲਾ ਪਾਣੀ ਲਗਾਤਾਰ ਪੀਣ ਕਰ ਕੇ ਗੁਰਦਿਆਂ, ਜਿਗਰ, ਹੱਡੀਆਂ ਅਤੇ ਚਮੜੀ ਦੇ ਘਾਤਕ ਰੋਗ ਹੋ ਸਕਦੇ ਹਨ। ਕਮੇਟੀ ਦੀਆਂ ਲੱਭਤਾਂ ਅਨੁਸਾਰ ਇਨ੍ਹਾਂ ਜ਼ਿਲ੍ਹਿਆਂ ਦੀਆਂ 32 ਥਾਵਾਂ ਵਿੱਚ ਅਜਿਹੇ ਖ਼ਤਰਨਾਕ ਤੱਤ ਨਿੱਕਲੇ ਹਨ ਜਿਨ੍ਹਾਂ 'ਚੋਂ ਸਿਰਫ਼ 22 ਨੂੰ ਹੀ ਸਮੂਹਿਕ ਜਲ ਸ਼ੁੱਧੀਕਰਨ ਪਲਾਂਟਾਂ (ਸੀਡਬਲਿਊਪੀਪੀ) ਅਤੇ ਵਿਅਕਤੀਗਤ ਘਰੇਲੂ ਸ਼ੁੱਧੀਕਰਨ ਦੀ ਸਹੂਲਤ ਪਹੁੰਚਾਈ ਜਾ ਸਕੀ ਹੈ; ਬਾਕੀ ਦਸ ਥਾਵਾਂ ਤੱਕ ਇਹੋ ਜਿਹੀ ਸਹੂਲਤ ਨਹੀਂ ਪਹੁੰਚਾਈ ਜਾ ਸਕੀ। ਕੁਝ ਸਮਾਂ ਪਹਿਲਾਂ ਕੇਂਦਰੀ ਜ਼ਮੀਨੀ ਜਲ ਬੋਰਡ (ਸੀਜੀਡਬਲਿਊਬੀ) ਦੀ ਸਾਲ 2024 ਦੀ ਰਿਪੋਰਟ ਵਿੱਚ ਇਹ ਦਰਜ ਕੀਤਾ ਗਿਆ ਸੀ ਕਿ ਪੰਜਾਬ 20 ਜ਼ਿਲ੍ਹਿਆਂ ਅਤੇ ਹਰਿਆਣਾ ਦੇ 16 ਜ਼ਿਲ੍ਹਿਆਂ ਦੇ ਜ਼ਮੀਨੀ ਪਾਣੀ ਵਿੱਚ ਯੂਰੇਨੀਅਮ, ਨਾਈਟ੍ਰੇਟਸ, ਆਰਸੈਨਿਕ, ਕਲੋਰਾਈਡ ਅਤੇ ਫਲੋਰਾਈਡ ਜਿਹੇ ਖ਼ਤਰਨਾਕ ਤੱਤਾਂ ਦੀ ਮੌਜੂਦਗੀ ਪ੍ਰਵਾਨਿਤ ਹੱਦ ਤੋਂ ਕਿਤੇ ਵੱਧ ਨਿੱਕਲੀ ਹੈ। ਕੁਝ ਅਧਿਐਨਾਂ ਵਿੱਚ ਭਾਵੇਂ ਯੂਰੇਨੀਅਮ ਦੀ ਮਾਤਰਾ ਵਧਣ ਲਈ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਹੈ ਪਰ ਇਸ ਤੱਥ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ, ਦੋਵੇਂ ਖੇਤਰਾਂ ਵਿੱਚ ਖੇਤੀ, ਰਿਹਾਇਸ਼ੀ ਤੇ ਸਨਅਤੀ ਮੰਤਵਾਂ ਲਈ ਜ਼ਮੀਨੀ ਪਾਣੀ ਕੱਢਣ ਲਈ ਬਹੁਤ ਜ਼ਿਆਦਾ ਡੂੰਘੇ ਟਿਊਬਵੈੱਲ ਲਾਏ ਜਾ ਰਹੇ ਹਨ; ਇਸ ਨਾਲ ਜ਼ਮੀਨ ਹੇਠਲੇ ਪਾਣੀ ਦੀ ਸਤਹਿ ਦਾ ਸਮਤੋਲ ਵਿਗੜ ਗਿਆ ਹੈ ਸਗੋਂ ਬਹੁਤ ਡੂੰਘੇ ਪਾਣੀਆਂ ਵਿੱਚ ਅਜਿਹੇ ਘਾਤਕ ਤੱਤਾਂ ਦਾ ਰਲਾਅ ਹੋਣ ਦਾ ਖ਼ਦਸ਼ਾ ਵਧ ਜਾਂਦਾ ਹੈ।

ਇਸ ਅਤਿ ਗੰਭੀਰ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਬੱਝਵੀਂ ਕਾਰਵਾਈ ਦੀ ਲੋੜ ਹੈ ਅਤੇ ਨਾਲ ਹੀ ਆਪਣੇ ਪੱਧਰ 'ਤੇ ਸਥਿਤੀ ਦਾ ਪਤਾ ਲਾਉਣ ਲਈ ਸਬੰਧਿਤ ਏਜੰਸੀਆਂ ਨਾਲ ਰਾਬਤਾ ਕਰਨਾ ਚਾਹੀਦਾ ਹੈ। ਲੰਮੇ ਅਰਸੇ ਤੋਂ ਪਾਣੀ ਪਲੀਤ ਹੋ ਰਿਹਾ ਹੈ ਅਤੇ ਇਸ ਦੀ ਬੇਪ੍ਰਤੀਤੀ ਵੀ ਹੋਈ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਨਾਗਰਿਕ ਸਮਾਜ ਦੀ ਕੋਈ ਧਿਰ ਇਸ ਮੁੱਦੇ 'ਤੇ ਨਿੱਠ ਕੇ ਕੰਮ ਕਰਦੀ ਦਿਖਾਈ ਨਹੀਂ ਦੇ ਰਹੀ। ਇਸ ਕਰ ਕੇ ਮਸਲਾ ਹੱਲ ਹੋਣ ਦੀ ਥਾਂ ਵਿਗੜਨ ਵੱਲ ਵਧ ਰਿਹਾ ਹੈ। ਪੰਜਾਬ ਦੇ ਪਾਣੀਆਂ ਦੀ ਉਪਲੱਬਧਤਾ ਅਤੇ ਗੁਣਵੱਤਾ ਬਾਰੇ ਆ ਰਹੇ ਅੰਕੜਿਆਂ ਤੋਂ ਜਾਗਣ ਦਾ ਵੇਲਾ ਹੈ।

# ਦੇਸੀ ਤੜਕਾ

## ਘਰ 'ਚ ਇੰਝ ਬਣਾਓ ਤਰਬੂਜ਼ ਦੀ ਕੁਲਫੀ



**ਸਮੱਗਰੀ**

| | |
|---|---|
| ਤਰਬੂਜ – 1 ਕੱਪ ਕੱਟਿਆ ਹੋਇਆ | ਨਿੰਬੂ ਦਾ ਰਸ – 3 ਚਮਚ |
| ਖੰਡ – ਸੁਆਦ ਅਨੁਸਾਰ | ਕੁਲਫੀ ਮੋਲਡ – 2 ਤੋਂ 3 |

**ਬਣਾਉਣ ਦਾ ਤਰੀਕਾ :** ਤਰਬੂਜ ਦੀ ਕੁਲਫੀ ਬਣਾਉਣ ਲਈ ਸਭ ਤੋਂ ਪਹਿਲਾਂ ਤਰਬੂਜ ਨੂੰ ਕੱਟ ਲਓ ਅਤੇ ਉਸ ਦੇ ਸਾਰੇ ਬੀਜ ਕੱਢ ਲਓ। ਹੁਣ ਸਾਰੇ ਬੀਜ ਕੱਢਣ ਤੋਂ ਬਾਅਦ ਇਸ ਨੂੰ ਛੋਟੇ-ਛੋਟੇ ਟੁਕੜਿਆਂ 'ਚ ਕੱਟ ਲਓ। ਹੁਣ ਇਨ੍ਹਾਂ ਛੋਟੇ-ਛੋਟੇ ਟੁਕੜਿਆਂ ਨੂੰ ਮਿਕਸਰ ਜਾਰ 'ਚ ਪਾਓ ਅਤੇ ਸੁਆਦ ਮੁਤਾਬਕ ਚੀਨੀ ਪਾ ਕੇ ਮਿਸ਼ਰਣ ਦੀ ਗਾੜ੍ਹੀ ਸਮੂਦੀ ਬਣਾਓ । ਇਹ ਮਿਸ਼ਰਣ ਜਿੰਨਾ ਗਾੜ੍ਹਾ ਹੋਵੇਗਾ, ਓਨਾ ਹੀ ਸੁਆਦ ਹੋਵੇਗਾ। ਹੁਣ ਤੁਸੀਂ ਚਾਹੋ ਤਾਂ ਇਸ ਨੂੰ ਫਿਲਟਰ ਵੀ ਕਰ ਸਕਦੇ ਹੋ ਜਾਂ ਪਲਪ ਰੱਖ ਸਕਦੇ ਹੋ। ਦੋਵੇਂ ਵੱਖ-ਵੱਖ ਟੈਕਸਟ ਦੇ ਬਣਗੇ ।

ਹੁਣ ਇਸ ਤਰਬੂਜ ਦੀ ਇਸ ਸਮੂਦੀ 'ਚ 3 ਚਮਚ ਨਿੰਬੂ ਦਾ ਰਸ ਮਿਲਾਓ ਅਤੇ ਕੁਝ ਸਮੇਂ ਲਈ ਇਸ ਤਰ੍ਹਾਂ ਹੀ ਰਹਿਣ ਦਿਓ। ਤਿਆਰ ਸਮੂਦੀ ਨੂੰ ਕੁਲਫੀ ਦੇ ਮੋਲਡ ਵਿੱਚ ਪਾਓ ਅਤੇ ਇਸ ਨੂੰ 3 ਤੋਂ 4 ਘੰਟੇ ਜਾਂ ਰਾਤ ਭਰ ਲਈ ਫ੍ਰੀਜ਼ਰ ਵਿੱਚ ਸੈੱਟ ਹੋਣ ਲਈ ਛੱਡ ਦਿਓ। ਦੂਜੇ ਦਿਨ ਜਦੋਂ ਵੀ ਸਰਵ ਕਰਨਾ ਹੋਵੇ ਤਾਂ ਕੁਲਫੀ ਦੇ ਮੋਲਡ ਨੂੰ ਫ੍ਰੀਜ਼ਰ ਤੋਂ ਕੱਢ ਕੇ ਠੰਡਾ ਸਰਵ ਕਰੋ।

## ਛੋਲਿਆਂ ਨੂੰ ਪਕਾਉਣ ਲਈ ਆਸਾਨ ਘਰੇਲੂ ਤਰੀਕੇ



**ਜੇਕਰ ਤੁਸੀਂ ਵੀ ਰਾਜਮਾਂਹ ਦਾ ਸਵਾਦ ਪਸੰਦ ਕਰਦੇ ਹੋ ਅਤੇ ਘਰ 'ਚ ਪੰਜਾਬੀ ਸਟਾਈਲ ਦਾ ਰਾਜਮਾਂਹ ਬਣਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦਾ ਆਸਾਨ ਤਰੀਕਾ ਦੱਸਣ ਜਾ ਰਹੇ ਹਾਂ। ਤੁਸੀਂ ਸਾਡੀ ਦਿੱਤੀ ਗਈ ਰੈਸਿਪੀ ਨੂੰ ਅਪਣਾ ਕੇ ਸੁਆਦੀ ਰਾਜਮਾਂਹ ਤਿਆਰ ਕਰ ਸਕਦੇ ਹੋ।**

**ਫੋਇਲ ਪੇਪਰ :** ਛੋਲੇ ਜਾਂ ਰਾਜਮਾ ਨੂੰ ਉਬਾਲਣ ਲਈ ਐਲੂਮੀਨੀਅਮ ਫੁਆਇਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਦੀ ਵਰਤੋਂ ਕਰਨ ਦਾ ਇੱਕ ਖਾਸ ਤਰੀਕਾ ਹੈ। ਇਸ ਦੇ ਲਈ ਸਭ ਤੋਂ ਪਹਿਲਾਂ ਛੋਲਿਆਂ ਨੂੰ ਗੈਸ 'ਤੇ ਪਾਣੀ ਵਾਲੇ ਭਾਂਡੇ 'ਚ ਰੱਖੋ। ਜਿਵੇਂ ਹੀ ਇਹ ਉਬਲਦਾ ਹੈ, ਇਸ ਨੂੰ ਫੋਇਲ ਪੇਪਰ ਨਾਲ ਚੰਗੀ ਤਰ੍ਹਾਂ ਢੱਕ ਦਿਓ ਅਤੇ ਉੱਪਰ ਕਿਸੇ ਚੀਜ਼ ਨਾਲ ਢੱਕ ਦਿਓ। ਇਸ ਨਾਲ ਛੋਲੇ ਬਿਲਕੁਲ ਪ੍ਰੈਸ਼ਰ ਕੁੱਕਰ ਵਾਂਗ ਪਕ ਜਾਣਗੇ।

**ਸਟੀਮਰ :** ਤੁਸੀਂ ਸਟੀਮਰ ਦੀ ਮਦਦ ਨਾਲ ਵੀ ਛੋਲੇ ਆਸਾਨੀ ਨਾਲ ਪਕਾ ਸਕਦੇ ਹੋ। ਹਾਲਾਂਕਿ ਇਸ ਵਿੱਚ ਥੋੜ੍ਹਾ ਹੋਰ ਸਮਾਂ ਲੱਗਦਾ ਹੈ। ਸਟੀਮਰ ਦੀ ਮਦਦ ਨਾਲ ਛੋਲਿਆਂ ਨੂੰ ਸਟੀਮ 'ਚ ਚੰਗੀ ਤਰ੍ਹਾਂ ਪਕਾਇਆ ਜਾ ਸਕਦਾ ਹੈ, ਜਿਸ ਤੋਂ ਬਾਅਦ ਤੁਸੀਂ ਆਪਣੀ ਪਸੰਦ ਦੀ ਰੈਸਿਪੀ ਬਣਾ ਸਕਦੇ ਹੋ।

**ਦਮ ਸਟਾਈਲ :** ਜੇਕਰ ਤੁਸੀਂ ਛੋਲੇ ਹੋਰ ਸਵਾਦ ਬਣਾਉਣਾ ਚਾਹੁੰਦੇ ਹੋ ਤਾਂ ਇਸ ਨੂੰ ਦਮ ਸਟਾਈਲ 'ਚ ਪਕਾ ਸਕਦੇ ਹੋ। ਇਸ ਵਿੱਚ ਹੋਰ ਸਮਾਂ ਲੱਗੇਗਾ ਪਰ ਸਵਾਦ ਲਾਜਵਾਬ ਹੋਵੇਗਾ। ਛੋਲਿਆਂ ਨੂੰ ਦਮ ਸਟਾਈਲ 'ਚ ਪਕਾਉਣ ਲਈ ਤੁਹਾਨੂੰ ਛੋਲਿਆਂ ਨੂੰ ਢੱਕ ਕੇ ਘੱਟ ਅੱਗ 'ਤੇ ਲੰਬੇ ਸਮੇਂ ਤੱਕ ਪਕਾਉਣਾ ਹੋਵੇਗਾ।

# ਤਕਨਾਲੋਜੀ ਟਾਈਮਜ਼

## ਸੋਸ਼ਲ ਮੀਡੀਆ ਅਤੇ AI ਲਈ ਸਪੇਨ ਲਿਆ ਰਿਹਾ ਸਖ਼ਤ ਕਾਨੂੰਨ

ਸਰੀ, (ਦਿਵਰੂਪ ਕੌਰ): ਸਪੇਨ ਦੇ ਡਿਜੀਟਲ ਪਰਿਵਰਤਨ ਮੰਤਰੀ ਆਸਕਰ ਲੋਪੇਜ਼ ਨੇ ਹਾਲ ਹੀ ਵਿੱਚ ਰਾਇਟਰਜ਼ ਨਾਲ ਗੱਲਬਾਤ ਕਰਦਿਆਂ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਸਖ਼ਤ ਬਿਆਨ ਦਿੱਤਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਤਕਨੀਕੀ ਉਦਯੋਗ ਦੇ ਭਾਰੀ ਦਬਾਅ ਅਤੇ ਤਕਨੀਕੀ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲਾਬਿੰਗ ਦੇ ਬਾਵਜੂਦ, ਸਪੇਨ ਸਰਕਾਰ ਸੋਸ਼ਲ ਮੀਡੀਆ ਨੈੱਟਵਰਕਾਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਨੂੰ ਸੁਰੱਖਿਅਤ ਬਣਾਉਣ ਲਈ ਨਵੇਂ ਨਿਯਮਾਂ ਨੂੰ ਲਾਗੂ ਕਰਨ ਦੀ ਦਿਸ਼ਾ ਵਿੱਚ ਦ੍ਰਿੜਤਾ ਨਾਲ ਅੱਗੇ ਵਧੇਗੀ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕੁਝ ਮੁੱਠੀ ਭਰ ਵੱਡੀਆਂ ਤਕਨੀਕੀ ਕੰਪਨੀਆਂ ਦਾ ਮੁਨਾਫਾ ਕਰੋੜਾਂ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਕੀਮਤ 'ਤੇ ਨਹੀਂ ਹੋ ਸਕਦਾ। ਉਨ੍ਹਾਂ ਅਨੁਸਾਰ, ਕਈ ਸ਼ਕਤੀਸ਼ਾਲੀ ਆਵਾਜ਼ਾਂ ਪ੍ਰਸਤਾਵਿਤ ਨਿਯਮਾਂ ਦੇ ਵਿਰੁੱਧ ਲਾਬਿੰਗ ਕਰ ਰਹੀਆਂ ਹਨ, ਜੋ ਕਿ ਖਾਸ ਤੌਰ 'ਤੇ ਉੱਚ-ਜੋਖਮ ਵਾਲੇ AI ਸਿਸਟਮਾਂ 'ਤੇ ਰੋਕ ਲਗਾਉਣ ਜਾਂ ਕੰਪਨੀਆਂ ਨੂੰ ਇਹ ਦੱਸਣ ਲਈ ਮਜਬੂਰ ਕਰਨਗੀਆਂ ਕਿ ਉਨ੍ਹਾਂ ਦੇ ਸੋਸ਼ਲ ਮੀਡੀਆ ਐਲਗੋਰਿਦਮ ਅਸਲ ਵਿੱਚ ਕਿਵੇਂ ਕੰਮ ਕਰਦੇ ਹਨ।

ਆਸਕਰ ਲੋਪੇਜ਼ ਦੀਆਂ ਇਹ ਟਿੱਪਣੀਆਂ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਦੁਆਰਾ ਦਿੱਤੇ ਗਏ ਬਿਆਨਾਂ ਦੀ ਹੀ ਪੁਸ਼ਟੀ ਕਰਦੀਆਂ ਹਨ। ਵਾਨ ਡੇਰ ਲੇਅਨ ਨੇ ਵੀ ਮੰਗਲਵਾਰ ਨੂੰ ਕਿਹਾ ਸੀ ਕਿ ਕਮਿਸ਼ਨ ਆਪਣੇ ਆਉਣ ਵਾਲੇ ਡਿਜੀਟਲ ਫੇਅਰਨੈੱਸ ਐਕਟ ਰਾਹੀਂ ਸੋਸ਼ਲ ਮੀਡੀਆ ਕੰਪਨੀਆਂ ਦੁਆਰਾ ਵਰਤੀਆਂ ਜਾਂਦੀਆਂ ਨਸ਼ੀਲੀਆਂ




ਅਤੇ ਨੁਕਸਾਨਦੇਹ ਡਿਜ਼ਾਈਨ ਪ੍ਰਥਾਵਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਸਪੇਨ ਦਾ ਇਹ ਕਦਮ ਆਸਟ੍ਰੇਲੀਆ, ਫਰਾਂਸ ਅਤੇ ਗ੍ਰੀਸ ਵਰਗੇ ਦੇਸ਼ਾਂ ਦੁਆਰਾ ਚੁੱਕੇ ਗਏ ਸਮਾਨ ਕਦਮਾਂ ਦੀ ਲੜੀ ਵਿੱਚ ਆਉਂਦਾ ਹੈ। ਫਰਵਰੀ ਵਿੱਚ, ਸਪੇਨ ਨੇ ਕਿਸ਼ੋਰਾਂ ਦੁਆਰਾ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ ਅਤੇ ਇਸ ਸਬੰਧੀ ਇੱਕ ਬਿੱਲ ਪਹਿਲਾਂ ਹੀ ਸੰਸਦ ਵਿੱਚ ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ, ਸਰਕਾਰ ਅਜਿਹੀ ਕਾਨੂੰਨ ਬਣਾਉਣ ਦੀ ਤਿਆਰੀ ਵਿੱਚ ਹੈ ਜੋ ਕੰਪਨੀ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਪਲੇਟਫਾਰਮਾਂ 'ਤੇ ਫੈਲਣ ਵਾਲੇ ਨਫ਼ਰਤ ਭਰੇ ਭਾਸ਼ਣ ਲਈ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾਏਗਾ।

ਸਪੇਨ ਸਰਕਾਰ ਦੇ ਇਸ ਫੈਸਲੇ ਕਾਰਨ ਤਕਨੀਕੀ ਜਗਤ ਵਿੱਚ ਕਾਫੀ ਹਲਚਲ ਦੇਖਣ ਨੂੰ ਮਿਲ ਰਹੀ ਹੈ। X ਪਲੇਟਫਾਰਮ ਦੇ ਮਾਲਕ ਐਲਨ ਮਸਕ ਨੇ ਇਸ ਕਦਮ ਦੀ ਤਿੱਖੀ ਆਲੋਚਨਾ ਕੀਤੀ ਹੈ ਅਤੇ ਸਪੇਨ ਦੇ ਸਮਾਜਵਾਦੀ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੂੰ ਇੱਕ ਤਾਨਾਸ਼ਾਹ ਕਰਾਰ ਦਿੱਤਾ ਹੈ। ਹਾਲਾਂਕਿ, ਲੋਪੇਜ਼ ਨੇ ਇਨ੍ਹਾਂ ਆਲੋਚਨਾਵਾਂ ਨੂੰ ਦਰਕਿਨਾ ਕਰਦਿਆਂ ਕਿਹਾ ਕਿ ਸਪੇਨ ਇੱਕ ਸਾਂਝਾ ਯੂਰਪੀਅਨ ਦ੍ਰਿਸ਼ਟੀਕੋਣ ਚਾਹੁੰਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ 400 ਮਿਲੀਅਨ ਤੋਂ ਵੱਧ ਨਾਗਰਿਕਾਂ ਦੇ ਪੂਰੇ ਬਲਾਕ ਵਿੱਚ ਨਿਯਮਾਂ ਨੂੰ ਲਾਗੂ ਕਰਨਾ ਦੇਸ਼-ਦਰ-ਦੇਸ਼ ਨਿਯਮ ਬਣਾਉਣ ਨਾਲੋਂ ਕਿਤੇ ਜ਼ਿਆਦਾ ਸੌਖਾ ਅਤੇ ਪ੍ਰਭਾਵਸ਼ਾਲੀ ਹੈ। ਉਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਜੋ ਨਿਯਮਾਂ ਦੀ ਘਾਟ ਜਾਂ ਖੁੱਲ੍ਹੇ ਬਾਜ਼ਾਰ ਦੀ ਵਕਾਲਤ ਕਰਦੇ ਹਨ, ਕਿ ਇੱਕ ਦਿਨ ਉਹ 'ਜੰਗਲ ਦੇ ਕਾਨੂੰਨ' ਦਾ ਬਚਾਅ ਕਰਨ 'ਤੇ ਪਛਤਾਉਣਗੇ।

ਇਸ ਨਿਯਮ ਦੀ ਲੋੜ ਨੂੰ ਸਾਈਬਰ ਬੁਲਿੰਗ, ਜਿਨਸੀ ਸ਼ੋਸ਼ਣ ਅਤੇ ਬੱਚਿਆਂ, ਖਾਸ ਕਰਕੇ ਲੜਕੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ AI-ਜਨਰੇਟਿਡ ਜਿਨਸੀ ਡੀਪਫੇਕਸ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਮੰਤਰੀ ਨੇ ਨਾਬਾਲਗਾਂ 'ਤੇ ਪੈਣ ਵਾਲੇ ਇਨ੍ਹਾਂ ਪ੍ਰਭਾਵਾਂ ਨੂੰ ਮਾਨਸਿਕ ਸਿਹਤ ਦੀ ਮਹਾਂਮਾਰੀ ਵਜੋਂ ਦੱਸਿਆ ਹੈ। ਸਪੇਨ ਨੇ ਆਪਣੇ ਆਪ ਨੂੰ ਯੂਰਪ ਵਿੱਚ 'ਭਰੋਸੇਮੰਦ AI' ਦੇ ਸਭ ਤੋਂ ਵੱਡੇ ਸਮਰਥਕਾਂ ਵਜੋਂ ਸਥਾਪਿਤ ਕੀਤਾ ਹੈ। ਲੋਪੇਜ਼ ਅਨੁਸਾਰ ਇਹ ਇੱਕ ਅਜਿਹਾ ਮਾਡਲ ਹੈ ਜੋ ਸਪੀਡ ਜਾਂ ਮੁਨਾਫੇ ਨੂੰ ਤਰਜੀਹ ਦੇਣ ਦੀ ਬਜਾਏ ਨਿੱਜਤਾ, ਲੋਕਤੰਤਰ, ਨਾਬਾਲਗਾਂ ਅਤੇ ਜਨਤਕ ਸੁਰੱਖਿਆ ਦੀ ਰੱਖਿਆ ਕਰਦਾ ਹੈ।

ਆਨਲਾਈਨ ਗੁਮਨਾਮਤਾ ਬਾਰੇ ਪੁੱਛੇ ਜਾਣ 'ਤੇ ਮੰਤਰੀ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਵਿਅਕਤੀ ਅਪਰਾਧ ਕਰਦਾ ਹੈ, ਤਾਂ ਗੁਮਨਾਮਤਾ ਉਸ ਲਈ ਬਚਾਅ ਦਾ ਕਵਚ ਨਹੀਂ ਬਣਨੀ ਚਾਹੀਦੀ। ਉਨ੍ਹਾਂ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੂੰ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜੋ ਅਪਰਾਧਿਕ ਗਤੀਵਿਧੀਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਉਨ੍ਹਾਂ ਨੇ ਆਪਣੇ ਬਿਆਨ ਦੇ ਅਖੀਰ ਵਿੱਚ ਕਿਹਾ ਕਿ ਜੋ ਅਸਲ ਦੁਨੀਆ ਵਿੱਚ ਕਾਨੂੰਨੀ ਨਹੀਂ ਹੈ, ਉਹ ਵਰਚੁਅਲ ਦੁਨੀਆ ਵਿੱਚ ਵੀ ਕਾਨੂੰਨੀ ਨਹੀਂ ਹੋ ਸਕਦਾ। ਇਹ ਸਪੱਸ਼ਟ ਸੰਦੇਸ਼ ਹੈ ਕਿ ਸਪੇਨ ਹੁਣ ਡਿਜੀਟਲ ਪਲੇਟਫਾਰਮਾਂ 'ਤੇ ਬਿਨਾਂ ਕਿਸੇ ਜਵਾਬਦੇਹੀ ਦੇ ਚੱਲ ਰਹੀਆਂ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਸਰਕਾਰ ਦੀ ਇਸ ਪਹਿਲਕਦਮੀ ਦਾ ਉਦੇਸ਼ ਡਿਜੀਟਲ ਸਪੇਸ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਬਣਾਉਣਾ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ।

ਸੁਖਮੰਦਰ ਸਿੰਘ ਬਰਾੜ
604) 751-1113

# ਬਹਾਨਾ



ਪਿੰਡ ਦੀ ਸੱਥ ਵਿੱਚੋਂ

ਜਿਉਂ ਹੀ ਨਾਥਾ ਅਮਲੀ ਸੱਥ 'ਚ ਆਇਆ ਤਾਂ ਬਾਬੇ ਸੰਧੂਰਾ ਸਿਉਂ ਨੇ ਅਮਲੀ ਨੂੰ ਪੁੱਛਿਆ,

"ਕੀ ਗੱਲ ਬਈ ਨਾਥਾ ਸਿਆਂ ਅੱਜ ਗੱਡੀ ਲੇਟ ਫੇਟ ਹੋਈ ਫਿਰਦੀ ਐ, ਸੁੱਖ ਐ। ਅੱਜ ਕਿਹੜਿਆਂ ਕੰਮਾਂ 'ਚ ਰੁੱਝਿਆ ਵਿਐਂ?"

ਅਮਲੀ ਵੱਲ ਵੇਖ ਕੇ ਸੀਤੇ ਮਰਾਸੀ ਨੇ ਬਾਬੇ ਦੀ ਗੱਲ ਦਾ ਟਿੱਚਰ 'ਚ ਜਵਾਬ ਦਿੱਤਾ,

"ਦੁੱਧਾ ਕਾਸਣੀ ਪੱਗ ਨੂੰ ਮਾਵਾ ਲਵਾਉਣ ਗਿਆ ਸੀ, ਤਾਂ ਪਛੜ ਕੇ ਆਇਆ ਬਾਬਾ। ਨਾਹ ਮੈਨੂੰ ਤੂੰ ਬਾਬਾ ਇਉਂ ਦੱਸ ਬਈ ਅੱਗੇ ਕਿਹੜਾ ਇਹ ਪਹਿ ਪਾਟਦੀ ਨਾਲ ਸੱਥ 'ਚ ਆ ਜਾਂਦੈ। ਅੱਜ ਤਾਂ ਹਜੇ ਭੋਰਾ ਪਹਿਲਾਂ ਆ ਈ ਗਿਆ, ਅੱਗੇ ਤਾਂ ਜਦੋਂ ਸੱਥ ਉੱਠਣ ਦਾ ਟੈਮ ਹੋ ਜਾਂਦਾ ਉਦੋਂ ਆਉਂਦੈ ਇਹੇ। ਨਾਲੇ ਅਮਲੀ, ਕੋਹੜੀ ਤੇ ਬੁੜ੍ਹੇ ਬੰਦੇ ਦਾ ਕਾਹਦਾ ਜਿਉਣ ਹੁੰਦੈ ਬਾਬਾ।"

ਮਰਾਸੀ ਦੀ ਗੱਲ ਸੁਣ ਕੇ ਅਮਲੀ ਮਰਾਸੀ ਨੂੰ ਇਉਂ ਭੱਜ ਕੇ ਪੈ ਗਿਆ ਜਿਵੇਂ ਭੁੱਖੀ ਬੱਕਰੀ ਛਾਬੇ 'ਚ ਪਈਆਂ ਰੋਟੀਆਂ ਨੂੰ ਪੈ ਗਈ ਹੋਵੇ। ਮਰਾਸੀ ਨੂੰ ਕਹਿੰਦਾ,

"ਤੂੰ ਬਾਹਲ਼ਾ ਸਿਆਣਾ ਓਏ ਹੋਰਾਂ ਤੋਂ। ਹੁਣ ਤੱਕ ਤਾਂ ਸੋਡੇ ਬੁੜ੍ਹੇ ਤੋਂ ਨਲੀ ਮਨ੍ਹੀ ਪੂੰਝੀ ਗਈ ਸੀ। ਮਰਨੀ ਮਰ ਗਿਆ ਨੱਕ ਪੂੰਝਣ ਨੂੰ ਭੋਰਾ ਗਿੱਠ ਦੀ ਲੀਰ ਮਨ੍ਹੀ ਜੁੜੀ ਓਹਨੂੰ। ਸੱਥ 'ਚ ਆ ਕੇ ਗੱਲਾਂ ਤੂੰ ਇਉਂ ਕਰਦੈਂ ਜਿਮੇਂ ਗਾਹਾਂ ਦਿੜਬੇ ਆਲੇ ਵੱਡੇ ਸਲੋਤਰੀ ਦਾ ਸਾਲਾ ਹੁੰਨੈ। ਹਰੇਕ ਨੂੰ ਈਂ ਇਉਂ ਭੱਜ ਕੇ ਪਊ ਜਿਮੇਂ ਚੰਨਣ ਬੁੜ੍ਹਾ ਸੜਕ 'ਤੇ ਡਿਗਿਆ ਪਿਆ ਬਟੂਆ ਚੱਕਣ ਨੂੰ ਪੈ ਗਿਆ ਸੀ। ਸਾਲੀ ਮੰਗ ਖਾਣੀ ਜਾਤ ਨਾ ਹੋਵੇ ਤਾਂ।"

ਨਾਥੇ ਅਮਲੀ ਨੂੰ ਹਰਖਿਆ ਵੇਖ ਕੇ ਬਾਬੇ ਸੰਧੂਰਾ ਸਿਉਂ ਨੇ ਅਮਲੀ ਨੂੰ ਦੱਬਕਾ ਮਾਰ ਕੇ ਘੂਰਿਆ, "ਚੁੱਪ ਨ੍ਹੀ ਕਰਦਾ ਓਏ ਬਿੰਗੜਾ ਜਿਆ। ਸੋਨੂੰ ਕਿੰਨੇ ਵਾਰੀ ਕਿਹਾ ਬਈ ਸੱਥ 'ਚ ਘਰ ਦੀਆਂ ਗੱਲਾਂ ਪਿੱਛੇ ਨਾ ਬੋਲਿਆ ਕਰੋ। ਉਹੋ ਜਾ ਇਹੇ ਐ ਮਰਾਸੀ। ਗੱਲ ਸੁਣ ਲੋ ਓਏ ਕੰਨ ਖੋਲ੍ਹਕੇ ਸਾਰੇ, ਜੀਹਨੇ ਸੱਥ 'ਚ ਆ ਕੇ ਮੁੜ ਕੇ ਕੋਈ ਘਰ ਦੀ ਗੱਲ ਕੀਤੀ ਐ ਤਾਂ ਮੈਥੋਂ ਬੁਰਾ ਕੋਈ ਨ੍ਹੀ। ਜੇ ਸੱਥ 'ਚ ਆ ਕੇ ਇੱਕ ਦੂਜੇ ਦੇ ਘਰਾਂ ਤੱਕ ਅੱਪੜਣਾ ਤਾਂ ਨਾ ਆਇਆ ਕਰੋ। ਘਰੇ ਰਿਹਾ ਕਰੋ।"

ਬਾਬੇ ਦਾ ਦੱਬਕਾ ਸੁਣਕੇ ਸਾਰੀ ਸੱਥ ਇਉਂ ਚੁੱਪ ਕਰ ਗੀ ਜਿਮੇਂ ਵਿਆਹ ਵਾਲੇ ਘਰੇ ਸਪੀਕਰ ਵੱਜੀ ਜਾਂਦੇ ਦੀਆਂ ਤਾਰਾਂ ਵੱਢੀਆਂ ਤੋਂ ਸਪੀਕਰ ਬੰਦ ਹੋਏ ਤੋਂ ਘਰ 'ਚ ਚੁੱਪ ਜੀ ਵਰਤ ਗਈ ਹੋਵੇ।

ਮਾਹਲਾ ਨੰਬਰਦਾਰ ਨਾਥੇ ਅਮਲੀ ਨੂੰ ਕਹਿੰਦਾ, "ਛੱਡ ਯਾਰ ਨਾਥਾ ਸਿਆਂ ਇਹ ਗੱਲਾਂ। ਹੁਣ ਤੂੰ ਇਉਂ ਦੱਸ ਬਈ ਆਹ ਚੰਨਣ ਬੁੜ੍ਹੇ ਦੀ ਬਟੂਏ ਆਲੀ ਕੀ ਗੱਲ ਐ ਜਿਹੜੀ ਸੜਕ 'ਤੇ ਡਿੱਗਿਆ ਪਿਆ ਬਟੂਆ ਚੱਕਣ ਆਲੀ ਕਹਿ ਕੇ ਹਟਿਐਂ?"

ਬੁੱਘਰ ਦਖਾਣ ਕਹਿੰਦਾ, "ਸੜਕ 'ਤੇ ਕਿਸੇ ਨਾ ਕਿਸੇ ਦਾ ਬਟੂਆ ਬੂਟੂਆ ਡਿੱਗ ਪਿਆ ਹੋਣਾ, ਜਦੋਂ ਉਹ ਕੋਡਾ ਹੋ ਕੇ ਚੱਕਣ ਲੱਗਿਆ ਹੋਣਾ ਉਦੋਂ ਉਹਦੇ 'ਚ ਪਿੱਛੋਂ ਆਉਂਦਾ ਕੋਈ ਸ਼ੈਂਕਲ ਸ਼ੂੰਕਲ ਵੱਜ ਗਿਆ ਹੋਊ। ਹੋਰ ਚੰਨਣ ਕਿਤੇ ਚੋਰ ਤਾਂ ਨ੍ਹੀ ਬਈ ਲੋਕਾਂ ਦੀਆਂ ਜੇਬ੍ਹਾਂ ਫਰੋਲਦਾ ਫਿਰਦੈ। ਜਿਹੜੀ ਗੱਲ ਦੇ ਪਤੰਦਰੋ ਮਗਰ ਪੈ ਜਾਨੇ ਐਂ, ਛੱਤਣੀ ਚਾੜ੍ਹਕੇ ਹਟਦੇ ਐਂ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਨਹੀਂ ਬਈ ਇਹ ਗੱਲ ਤਾਂ ਨ੍ਹੀ ਹੋਣੀ। ਗੱਲ ਤਾਂ ਕੋਈ ਹੋਰ ਐ। ਨਾਥਾ ਸਿਉਂ ਈਂ ਦੱਸੂ। ਨਾਲੇ ਉਹ ਤਾਂ ਕਿੰਨੇ ਈਂ ਦਿਨਾਂ ਦਾ ਹੱਥਪਤਾਲ 'ਚ ਬੰਬਾਰ ਪਿਆ। ਸੈਂਕਲ ਓਹਦੇ 'ਚ ਕਿੱਥੋਂ ਵੱਜ ਗਿਆ ਬਈ? ਤੂੰ ਦੱਸ ਯਾਰ ਅਮਲੀਆ ਗੱਲ ਕੀਅ੍ਹੈ ਇਹੇ?"

ਬਾਬੇ ਦਾ ਪਲੋਸਿਆ ਨਾਥਾ ਅਮਲੀ ਟੇਪ ਰਿਕਾਰਡ ਵਾਂਗੂੰ ਚੱਲ ਪਿਆ। ਬਾਬੇ ਸੰਧੂਰਾ ਸਿਉਂ ਦੇ ਹੁੱਜ ਮਾਰ ਕੇ ਕਹਿੰਦਾ, "ਲੈ ਚੰਨਣ ਬੁੜ੍ਹੇ ਦੀ ਸੁਣ ਲਾ। ਚੰਨਣ ਕਿਤੇ ਆਵਦੇ ਪੋਤੇ ਨਾਲ ਸ਼ੈਂਕਲ 'ਤੇ ਬਹਿ ਕੇ ਦਾਣਾ ਮੰਡੀ 'ਚੋਂ ਘਰ ਨੂੰ ਆਉਂਦਾ ਸੀ। ਤਾਰੇ ਮਿਸਤਰੀ ਕੇ ਸ਼ਰਾਰਤੀ ਜੁਆਕਾਂ ਨੇ ਕੀ ਕੀਤਾ ਬਾਬਾ, ਪਰਾਣਾ ਜਾ ਲੈ ਕੇ ਬਟੂਆ, ਉਹਨੂੰ ਧਾਗਾ ਪਾਕੇ ਸੜਕ 'ਤੇ ਰੱਖ 'ਤਾ। ਜੁਆਕ ਆਪ ਬਹਿ ਗੇ ਛੋਟੂ ਚੌਧਰੀ ਕੀ ਬੈਠਕ 'ਚ। ਜਦੋਂ ਚੰਨਣ ਬੁੜ੍ਹੇ ਦੀ ਨਿਗ੍ਹਾ ਬਟੂਏ 'ਤੇ ਪਈ ਤਾਂ ਉਹ ਸ਼ੈਂਕਲ ਤੋਂ ਉੱਤਰ ਕੇ ਬਟੂਆ ਚੱਕਣ ਪੈ ਗਿਆ। ਜਦੋਂ ਚੰਨਣ ਬਟੂਆ ਚੱਕਣ ਨੂੰ ਕੋਡਾ ਹੋਇਆ ਜੁਆਕਾਂ ਨੇ ਧਾਗਾ ਖਿੱਚ ਲਿਆ। ਜੁਆਕ ਧਾਗਾ ਖਿੱਚੀ ਗਏ ਚੰਨਣ ਬਟੂਏ ਦੇ ਮਗਰ ਮਗਰ ਇਉਂ ਕੋਡਾ ਕੋਡਾ ਭੱਜਿਆ ਜਾਵੇ ਜਿਮੇਂ ਦਮਦਮੇ ਦੀ ਵਸਾਖੀ 'ਤੇ ਗੋਲੀ ਚੱਲੀ ਤੋਂ ਸਰੋਵਰ 'ਤੇ 'ਸ਼ਨਾਨ ਕਰਦੇ-ਕਰਦੇ ਲੋਕ ਲੰਗੂਰਾਂ ਆਂਗੂੰ ਕੋਡੇ ਕੋਡੇ ਆਵਦੇ ਲੀੜੇ ਛੱਡ ਕੇ ਭੱਜ ਗੇ ਸੀ। ਜੁਆਕ ਬਟੂਏ ਨੂੰ ਬੰਨ੍ਹਿਆਂ ਧਾਗਾ ਖਿੱਚੀ ਗਏ ਚੰਨਣ ਬੁੜ੍ਹਾ ਬਟੂਏ ਮਗਰ ਕੋਡਾ ਕੋਡਾ ਭੱਜਿਆ ਜਾਂਦਾ ਗੰਦੇ ਨਾਲੇ 'ਚ ਤੁਰੇ ਫਿਰਦੇ ਲਿਬੜੇ ਵੇ ਸੂਰ 'ਚ ਜਾ ਵੱਜਿਆ॥

ਚੰਨਣ ਲਿਬੜੇ ਵੇ ਸੂਰ 'ਚ ਵੱਜਣ ਸਾਰ ਤਿੰਨ ਲੋਟਣੀਆਂ ਖਾ ਕੇ ਗੰਦੇ ਨਾਲੇ 'ਚ ਜਾ ਡਿਗਿਆ। ਗਾਰੇ 'ਚ ਲਿਬੜਿਆ ਵਿਆ ਚੰਨਣ ਇਉਂ ਲੱਗੇ ਜਿਮੇਂ ਛੱਪੜ 'ਚੋਂ ਭਿੱਜੇ ਵੇ ਗਰਨ੍ਹੇ ਕੱਢੇ ਹੁੰਦੇ ਐ। ਜਦੋਂ ਚੰਨਣ ਨਾਲੇ 'ਚੋਂ ਬਾਹਰ ਨਿੱਕਲਿਆ ਤਾਂ ਓੱਥੇ ਫਿਰਦੇ ਸੜੇ ਜੇ ਬੋਕ ਨੇ ਚੰਨਣ 'ਚ ਆ ਢੁੱਡ ਮਾਰੀ। ਚੰਨਣ ਫੇਰ ਚੱਕ ਕੇ ਨਾਲੇ 'ਚ ਇਉਂ ਠੋਕਿਆ ਜਿਮੇਂ ਟਰੈਲੀ ਤੋਂ ਤੂੜੀ ਦੀ ਪੰਡ ਸਿੱਟੀ ਦੀ ਹੁੰਦੀ ਐ। ਚੰਨਣ ਤਾਂ ਬਾਬਾ ਨਾਲੇ 'ਚ ਡਿੱਗਿਆ ਪਿਆ ਚੀਕਾਂ ਮਾਰੇ, ਬੋਕ ਚੰਨਣ ਦੇ ਸਰ੍ਹਾਣੇ ਖੜ੍ਹਾ ਬਈ ਜੇ ਨਾਲੇ 'ਚੋਂ ਨਿੱਕਲਿਆ ਤਾਂ ਫੇਰ ਢੁੱਡ ਮਾਰੂੰ। ਚੰਨਣ ਬੋਕ ਤੋਂ ਡਰਦਾ ਨਾਲੇ 'ਚੋਂ ਬਾਹਰ ਨਾ ਨਿੱਕਲੇ ਬਈ ਇਹ ਤਾਂ ਫੇਰ ਮੇਰੇ ਆਲੀ ਕੱਤਣੀ ਬਣਾ ਦੂ। ਓਧਰੋਂ ਕਿਤੇ ਚੰਨਣ ਦਾ ਪੋਤਾ ਘੀਚਰ ਬੁੜ੍ਹੇ ਦੇ ਮੁੰਡਿਆਂ ਨੂੰ ਭੱਜ ਕੇ ਘਰੋਂ ਸੱਦ ਕੇ ਲਿਆਇਆ। ਘੀਚਰ ਦੇ ਮੁੰਡਿਆਂ ਨੇ ਦਬੱਲਿਆ ਬੋਕ, ਫੇਰ ਕਿਤੇ ਜਾ ਕੇ ਚੰਨਣ ਨਾਲੇ 'ਚੋਂ ਬਾਹਰ ਕੱਢਿਆ। ਇੱਕ ਤਾਂ ਚੰਨਣ ਮੋਟਾ ਬਹੁਤ ਐ। ਫੇਰ ਵੇਖ ਲਾ ਕੱਦ ਵੀ ਬੁੜ੍ਹੇ ਦਾ ਸੁੱਖ ਨਾਲ ਛੋਟਾ ਜਾ ਈ ਐ ਜਿਮੇਂ ਕੁਐਂਟਲ ਆਲੀ ਬੋਰੀ ਝੋਨੇ ਦੀ ਪਰਾਲੀ ਨਾਲ ਭਰੀ ਹੁੰਦੀ ਐ। ਜਦੋਂ ਚੰਨਣ ਨੂੰ ਗਾਰੇ ਨਾਲ ਲਿਬੜੇ ਵੇ ਨੂੰ ਨਾਲੇ 'ਚੋਂ ਬਾਹਰ ਕੱਢਿਆ ਤਾਂ ਲਿਬੜੇ ਵੇ ਸੂਰ ਤੋਂ ਵੀ ਭੈੜੀ ਹਾਲਤ ਹੋਈ ਵੀ ਸੀ ਚੰਨਣ ਦੀ। ਜਦੋਂ ਬੁੜ੍ਹੇ ਨੂੰ ਨਾਲੇ 'ਚੋਂ ਬਾਹਰ ਕੱਢਦੇ ਸੀ ਤਾਂ ਓੱਥੇ ਕਿਤੇ ਸੌਲ ਪੱਤੀ ਆਲਾ ਰੇਖੀ ਪੰਡਤ ਵੀ ਖੜ੍ਹਾ ਵੇਖੀ ਜਾਂਦਾ ਸੀ। ਰੇਖੀ ਪੰਡਤ ਚੰਨਣ ਬੁੜ੍ਹੇ ਨੂੰ ਲਿਬੜੇ ਵੇ ਨੂੰ ਵੇਖ ਕੇ ਕਹਿੰਦਾ 'ਓਏ ਇਹੇ ਤਾਇਆ ਚੰਨਣ ਸਿਉਂ ਈਂ ਐਂ ਕਿਤੇ ਭਲੇਖੇ ਨਾਲ ਸੂਰ ਨੂੰ ਤਾਂ ਨ੍ਹੀ ਹੱਥ ਪੈ ਗਿਆ'?"

ਚਲਦੀ ਗੱਲ ਨੂੰ ਟੋਕ ਕੇ ਪ੍ਰੀਤੇ ਕਾ ਕੈਂਟਾ ਕਹਿੰਦਾ, "ਤਾਹੀਂ ਤਾਇਆ ਚੰਨਣ ਹੱਥਪਤਾਲ 'ਚ ਪਿਆ ਬੋਕ ਦਾ ਢਾਹਿਆ ਵਿਆ। ਮੈਂ ਵੀ ਕਿਹਾ ਬਈ ਤਾਈ ਮਕੰਦ ਕੁਰ ਨਿੱਤ ਈ ਝੋਲਾ ਚੱਕੀ ਮੰਡੀ ਕੀ ਕਰਨ ਜਾਂਦੀ ਐ। ਹੂੰ-ਹੂੰ। ਹੁਣ ਆਈ ਗੱਲ ਦੀ ਸਮਝ।"

ਬਾਬੇ ਸੰਧੂਰਾ ਸਿਉਂ ਨੇ ਪੁੱਛਿਆ, "ਕਿੰਨੀਆਂ ਕੁ ਸੱਟਾਂ ਸੁੱਟਾਂ ਵੱਜੀਆਂ ਬਈ ਚੰਨਣ ਸਿਉਂ ਦੇ?"

ਨਾਥਾ ਅਮਲੀ ਹੱਸ ਕੇ ਕਹਿੰਦਾ, "ਚਿੱਕੜ ਗਾਰੇ ਨਾਲ ਕਾਹਦੀ ਸੱਟ ਵੱਜਣੀ ਸੀ ਬਾਬਾ। ਹੁਣ ਬੁੜ੍ਹਾ ਊਈਂ ਛਾਪਲਿਆ ਪਿਆ ਪਊਆ ਪਰੇਟ ਕਰਨ ਦਾ ਮਾਰਾ। ਅੱਗੇ ਤਾਂ ਬੁੜ੍ਹੇ ਨਾਲ ਸਾਰਾ ਟੱਬਰ ਲੜਦਾ ਹੁੰਦਾ ਸੀ ਬਈ ਇਹ ਸ਼ਰਾਬ ਕਿਉਂ ਪੀਂਦਾ। ਨਾਲੇ ਪੀਣੀ ਵੀ ਕਿਤੇ ਦੋ ਚਾਰ ਮਹੀਨਿਆਂ ਪਿੱਛੋਂ। ਹੁਣ ਬੁੜ੍ਹੇ ਦੇ ਗੁੱਲੀ ਦਣ ਪੈ ਗਿਆ। ਹੁਣ ਮੁੰਡਿਆਂ ਤੋਂ ਨਿੱਤ ਪਊਆ ਮੰਗਵਾ ਕੇ ਪੀਆ ਕਰੂ।"

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਬੁੜ੍ਹੇ ਦੇ ਦੋ ਤਿੰਨ ਮਹੀਨੇ ਤਾਂ ਹੁਣ ਨਿੱਤ ਦੇ ਪਊਏ ਨਾਲ ਵਧੀਆਂ ਨੰਘਣਗੇ। ਹੁਣ ਇਉਂ ਕਰੇ ਬੁੜ੍ਹਾ, ਬੋਕ ਦੀ ਨਿਗ੍ਹਾ ਰੱਖੇ। ਉਹਨੂੰ ਰੁੱਗ ਪੱਠੇ ਪਾ ਛੱਡਿਆ ਕਰੇ। ਏਨੇ ਨੂੰ ਪੰਜਾਂ ਚਾਰਾਂ ਮਹੀਨਿਆਂ ਪਿੱਛੋਂ ਫੇਰ ਬੋਕ ਦੇ ਨੇੜੇ ਹੋ ਜੇ। ਬੋਕ ਨੇ ਫੇਰ ਢਾਹ ਲੈਣਾ, ਬੁੜ੍ਹੇ ਦੀ ਫੇਰ ਪਊਏ ਪਰੇਡ ਸਰਵਸ ਸ਼ੁਰੂ ਹੋ ਜੂ। ਪੰਜ ਸੱਤ ਮਹੀਨੇ ਫੇਰ ਨੰਘ ਜਾਣਗੇ।"

ਨਾਥਾ ਅਮਲੀ ਹੱਸ ਕੇ ਕਹਿੰਦਾ, "ਬੁੜ੍ਹੇ ਦੇ ਮੁੰਡਿਆਂ ਨੇ ਚੱਕ ਕੇ ਬੋਕ ਝੜਕਈ ਨੂੰ ਵੇਚ ਦੇਣਾ। ਫੇਰ ਚੰਨਣ ਦਾ ਠੇਕਾ ਈ ਲੁੱਟਿਆ ਜਾਊ।

ਮਾਹਲਾ ਨੰਬਰਦਾਰ ਕਹਿੰਦਾ, "ਚਾਰ ਪੰਜ ਸਾਲ ਹੋ ਗੇ ਉਦੋਂ ਚੰਨਣ ਨੂੰ ਆਪਣੇ ਪਿੰਡ ਆਲੇ ਮੀਣੇ ਜੇ ਸਾਨ੍ਹ ਨੇ ਢਾਹ ਲਿਆ ਸੀ। ਉਦੋਂ ਮਸਾਂ ਬਚਿਆ ਸੀ।"

ਨਾਥਾ ਅਮਲੀ ਮਖੌਲ 'ਚ ਕਹਿੰਦਾ, "ਉਦੋਂ ਤਾਂ ਨੰਬਰਦਾਰਾ ਫਿਰ ਬੋਤਲ ਮਿਲਦੀ ਹੋਊ ਚੰਨਣ ਨੂੰ ਹੈਂਅ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਨਾਹ ਉਦੋਂ ਕੀ ਚੰਨਣ ਦੇ ਬਾਹਲ਼ੀਆਂ ਸੱਟਾਂ ਵੱਜਗੀਆਂ ਸੀ ਜਿਹੜੀ ਬੋਤਲ ਮਿਲਦੀ ਸੀ?"

ਨਾਥਾ ਅਮਲੀ ਬਾਬੇ ਨੂੰ ਕਹਿੰਦਾ, "ਸੱਟਾਂ ਬਾਹਲ਼ੀਆਂ ਦੀ ਗੱਲ ਨ੍ਹੀ ਬਾਬਾ। ਗੱਲ ਤਾਂ ਵੱਡੇ ਛੋਟੇ ਪਸ਼ੂ ਡੰਗਰ ਦੀ ਐ। ਜਦੋਂ ਤਾਂ ਚੰਨਣ ਨੂੰ ਬੋਕ ਨੇ ਢਾਹਿਆ। ਉਦੋਂ ਤਾਂ ਚੰਨਣ ਨੂੰ ਹੁਣ ਪਊਆ ਮਿਲਦਾ। ਜਦੋਂ ਸਾਨ੍ਹ ਨੇ ਢਾਹਿਆ ਸੀ, ਵੱਡਾ ਸੀ ਪਸ਼ੂ। ਉਦੋਂ ਤਾਂ ਹੱਕ ਹੀ ਬੋਤਲ ਦਾ ਸੀ ਚੰਨਣ ਦਾ। ਵੱਡੇ ਡੰਗਰ ਨੇ ਢਾਹਿਆ ਕਰਕੇ ਚੰਨਣ ਨੂੰ ਬੋਤਲ ਮਿਲਣ ਲੱਗ ਗੀ ਹੋਣੀ ਐਂ ਘਰੋਂ।"

ਸੀਤਾ ਮਰਾਸੀ ਕਹਿੰਦਾ, "ਬਈ ਗੱਲ ਤਾਂ ਹੁਣ ਇਉਂ ਐਂ। ਜੇ ਚੰਨਣ ਨੂੰ ਪਊਏ ਨਾਲ ਨਾ ਸਰੇ ਤੇ ਬੋਤਲ ਚੰਨਣ ਲਈ ਬਾਹਲ਼ੀ ਹੋਵੇ, ਫੇਰ ਕੀ ਕਰੇ ਚੰਨਣ?"

ਨਾਥਾ ਅਮਲੀ ਕਹਿੰਦਾ, "ਫੇਰ ਬੋਕ ਤੇ ਸਾਨ੍ਹ ਦੇ ਵਚਾਲੜੇ ਜੇ ਮੇਲ ਦੇ ਕਿਸੇ ਡੰਗਰ ਪਸ਼ੂ ਨੂੰ ਛੇੜ ਲੇ। ਖੱਚਰ ਜੀ ਨੂੰ ਛੇੜ ਲੇ। ਜਾਂ ਫਿਰ ਵੇੜ੍ਹਕੇ ਦੀ ਪੂਛ ਨੂੰ ਹੱਥ ਲਾ ਕੇ ਵੇਖ ਲੇ। ਫੇਰ ਅਧੀਆ ਵੱਟ 'ਤੇ ਪਿਆ। ਅਧੀਏ ਨਾਲ ਬੁੜ੍ਹੇ ਦਾ ਸਰ ਈ ਜਾਇਆ ਕਰੂ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਜੇ ਮੁੰਡਿਆਂ ਨੇ ਚੰਨਣ ਨੂੰ ਘਰੋਂ ਈ ਨਾ ਨਿੱਕਲਣ ਦਿੱਤਾ ਫੇਰ ਕੀ ਬਣੂ ਚੰਨਣ ਦਾ?"

ਨਾਥਾ ਅਮਲੀ ਕਹਿੰਦਾ, "ਫੇਰ ਮੈਂ ਦੱਸ ਦਿੰਨਾਂ ਜੁਗਤ। ਘਰੇ ਵੀ ਤਾਂ ਚੰਨਣ ਕੇ ਡੰਗਰ ਪਸ਼ੂ ਖੜ੍ਹੇ ਈ ਐ। ਜੇ ਤਾਂ ਚੰਨਣ ਨੂੰ ਪਊਏ ਦੀ ਲੋੜ ਐ, ਫੇਰ ਤਾਂ ਕਿਸੇ ਕੱਟੇ ਬੱਛੇ ਨਾਲ ਹੱਥ ਜੋੜ ਲੇ। ਜੇ ਅਧੀਏ ਦੀ ਲੋੜ ਐ, ਫੇਰ ਜਿਹੜਾ ਉਨ੍ਹਾਂ ਦੇ ਮਰੀਕੀ ਜਾ ਵਹਿੜਕਾ ਪੱਠਿਆਂ ਆਲੀ ਗੱਡੀ ਜੀ ਨੂੰ ਜੋੜਿਆ ਹੁੰਦਾ, ਉਹਦੇ ਨਾਲ ਪੰਗਾ ਲੈ ਲੇ। ਬੋਤਲ ਵਾਸਤੇ ਤਾਂ ਕਿਸੇ ਬੁੱਢੀ ਜੀ ਖੋਲੜ ਨੂੰ ਢੁੱਡ ਮਾਰਨੀ ਪਊ, ਫੇਰ ਬਣੂ ਗੱਲ।"

ਸੀਤਾ ਮਰਾਸੀ ਕਹਿੰਦਾ, "ਐਮੇਂ ਨਾ ਯਾਰ ਪੁੱਠੀ ਸਲਾਹ ਦੇ ਕੇ ਉਨ੍ਹਾਂ ਦੇ ਸਾਰੇ ਈ ਡੰਗਰ ਪਸ਼ੂ ਵਕਾ ਦਿਉ ਕਿਤੇ।"

ਅਮਲੀ ਕਹਿੰਦਾ, "ਅਸੀ ਪਸ਼ੂ ਵੇਚਣ ਨੂੰ ਤਾਂ ਕਹਿੰਦੇ। ਅਸੀਂ ਤਾਂ ਸ਼ਰਾਬ ਦੇ ਅਧੀਆ ਪਊਆ ਬੋਤਲ ਮੰਗਵਾਉਣ ਬਾਰੇ ਮੁਖਤ ਸਲਾਹ ਦਿੱਤੀ ਐ ਬਈ ਐਹ ਪਸ਼ੂ ਦਾ ਪਊਆ ਐਹੋ ਜੇ ਦਾ ਅਧੀਆ ਤੇ ਐਹੋ ਜੇ ਦੀ ਬੋਤਲ ਐ। ਇਹਦੇ 'ਚ ਪਸ਼ੂ ਵੇਚਣ ਆਲੀ ਕਿਹੜੀ ਗੱਲ ਐ ਬਈ?" ਮਰਾਸੀ ਕਹਿੰਦਾ, "ਜਦੋਂ ਸ਼ਰਾਬ ਪੀਣ ਦਾ ਮਾਰਾ ਨਿੱਤ ਈ ਕਿਸੇ ਨਾ ਕਿਸੇ ਪਸ਼ੂ ਨਾਲ ਪੰਗੇ ਲਊਗਾ ਤਾਂ ਘਰਦੇ ਪਸ਼ੂ ਵੇਚਣਗੇ ਈ ਹੋਰ ਕੀ ਕਰਨਗੇ?"

ਬਾਬਾ ਸੰਧੂਰਾ ਸਿਉਂ ਕਹਿੰਦਾ, "ਛੱਡੋ ਯਾਰ ਇਹ ਗੱਲਾਂ। ਹੁਣ ਤੁਸੀਂ ਇਹ ਦੱਸੋ ਬਈ ਚੰਨਣ ਦੇ ਬੋਕ ਨੇ ਕਿੰਨੀਆਂ ਕੁ ਸੱਟਾਂ ਮਾਰੀਆਂ। ਨਾਲੇ ਕਿਹੜੇ ਹੱਥਪਤਾਲ 'ਚ ਐ?"

ਪਾਠੀਆਂ ਦਾ ਜੈਲਾ ਕਹਿੰਦਾ, "ਹੱਥਪਤਾਲ ਤੋਂ ਤਾਂ ਆ ਗਿਆ ਰਾਤ। ਘਰੇ ਐ ਹੁਣ।"

ਬਾਬਾ ਸੰਧੂਰਾ ਸਿਉਂ ਕਹਿੰਦਾ, "ਚੱਲੋ ਯਾਰ ਫੇਰ ਤਾਂ ਪਤਾ ਈ ਲਿਆਈਏ ਜਾ ਕੇ। ਆਉ ਚੱਲੀਏ ਉੱਠੋ।"

ਬਾਬੇ ਦਾ ਹੁਕਮ ਪਾ ਕੇ ਕੁਝ ਸੱਥ ਵਾਲੇ ਤਾਂ ਚੰਨਣ ਬੁੜ੍ਹੇ ਦਾ ਪਤਾ ਲੈਣ ਬਾਬੇ ਦੇ ਨਾਲ ਚੰਨਣ ਦੇ ਘਰ ਨੂੰ ਤੁਰ ਪਏ। ਬਾਕੀ ਦੀ ਸੱਥ ਆਲੇ ਆਪੋ ਆਪਣੇ ਘਰਾਂ ਨੂੰ ਚੱਲ ਪਏ ਤੇ ਸੱਥ ਖਾਲੀ ਹੋ ਗਈ।

# ਸਿਹਤ ਸੰਸਾਰ



## ਸਿਹਤ ਲਈ ਹਾਨੀਕਾਰਕ ਹਨ ਐਲੂਮੀਨੀਅਮ ਦੇ ਭਾਂਡੇ

ਲੇਖਕ : ਰਾਜੇਂਦਰ ਚਤੁਰਵੈਦੀ

ਬਹੁਤੇ ਘਰਾਂ ਵਿਚ ਭੋਜਨ ਪਕਾਉਣ ਲਈ ਐਲੂਮੀਨੀਅਮ ਦੇ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਗਰਮੀ ਦੇ ਬਹੁਤ ਚੰਗੇ ਸੁਚਾਲਕ ਹੋਣ ਦੇ ਨਾਲ ਹੀ ਨਾਲ ਹਲਕੇ ਅਤੇ ਸਸਤੇ ਵੀ ਹੁੰਦੇ ਹਨ। ਟੁੱਟਣ ਤੋਂ ਬਾਅਦ ਇਹ ਭਾਂਡੇ ਅੱਧੀ ਕੀਮਤ 'ਤੇ ਵਿਕ ਵੀ ਜਾਂਦੇ ਹਨ। ਐਲੂਮੀਨੀਅਮ ਦੇ ਭਾਂਡੇ ਵਿਚ 'ਜੇਕਰ ਫਲੋਰਾਈਡ ਵਾਲਾ ਪਾਣੀ ਉਬਾਲਿਆ ਜਾਵੇ ਤਾਂ ਉਸ ਵਿਚ ਐਲੂਮੀਨੀਅਮ ਦੀ ਮਾਤਰਾ ਹੋਰ ਜ਼ਿਆਦਾ ਘੁਲ ਜਾਂਦੀ ਹੈ। ਪੱਤ੍ਰਿਕਾ 'ਨੇਚਰ' ਅਨੁਸਾਰ ਇਕ ਪੀ.ਪੀ.ਐਮ. ਮਾਤਰਾ ਵਾਲੇ ਫਲੋਰਾਈਡ ਵਾਲੇ ਪਾਣੀ ਨੂੰ ਵੀ ਜੇਕਰ ਐਲੂਮੀਨੀਅਮ ਦੇ ਭਾਂਡੇ ਵਿਚ ਉਬਾਲਿਆ ਜਾਵੇ ਤਾਂ ਉਸ ਵਿਚ 220 ਪੀ.ਪੀ.ਐਮ. ਤੱਕ ਐਲੂਮੀਨੀਅਮ ਘੁਲ ਜਾਂਦਾ ਹੈ। ਜ਼ਿਆਦਾ ਸਮੇਂ ਤੱਕ ਉਬਾਲਣ 'ਤੇ ਇਹ ਮਾਤਰਾ ਵਧ ਕੇ 600 ਪੀ.ਪੀ.ਐਮ. ਤੱਕ ਹੋ ਜਾਂਦੀ ਹੈ।

ਆਪਣੇ ਦੇਸ਼ ਵਿਚ ਹਮੇਸ਼ਾ ਫਲੋਰਾਈਡ ਵਾਲਾ ਪਾਣੀ ਹੀ ਪਾਇਆ ਜਾਂਦਾ ਹੈ। ਦੇਸ਼ ਦੇ ਓੜੀਸਾ, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ, ਗੁਜਰਾਤ ਤੇ ਹਰਿਆਣਾ ਦੇ ਕੁਝ ਹਿੱਸਿਆਂ ਦੇ ਪਾਣੀ ਵਿਚ ਤਾਂ 2 ਤੋਂ 30 ਪੀ.ਪੀ.ਐਮ. ਤੱਕ ਫਲੋਰਾਈਡ ਪਾਇਆ ਜਾਂਦਾ ਹੈ, ਇਸ ਲਈ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਖ਼ਾਸ ਤੌਰ 'ਤੇ ਇਸ ਲਈ ਵੀ ਕਿਉਂਕਿ ਆਪਣੇ ਦੇਸ਼ ਵਿਚ ਚਾਹ, ਕੌਫ਼ੀ ਪੀਣ ਦਾ ਰਿਵਾਜ ਬਹੁਤ ਹੈ ਅਤੇ ਚਾਹ ਤੇ ਕੌਫ਼ੀ ਐਲੂਮੀਨੀਅਮ ਦੇ ਭਾਂਡਿਆਂ ਵਿਚ ਹੀ ਜ਼ਿਆਦਾਤਰ ਬਣਾਈ ਜਾਂਦੀ ਹੈ।

ਭਾਵ ਸਪੱਸ਼ਟ ਹੈ ਕਿ ਅਸੀਂ ਰੋਜ਼ ਚਾਹ, ਕੌਫ਼ੀ ਦੇ ਰੂਪ ਵਿਚ ਅਲੂਮੀਨੀਅਮ ਦੇ ਭਾਂਡਿਆਂ ਵਿਚ ਉੱਬਲਿਆ ਹੋਇਆ ਪਾਣੀ ਹੀ ਪੀ ਰਹੇ ਹਾਂ ਜੋ ਦਿਮਾਗ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਵਿਗਿਆਨੀਆਂ ਅਨੁਸਾਰ ਐਲੂਮੀਨੀਅਮ ਦੀ ਜ਼ਿਆਦਾ ਮਾਤਰਾ ਸਾਡੀ ਵਿਚਾਰ ਸ਼ਕਤੀ ਅਤੇ ਯਾਦ ਸ਼ਕਤੀ ਨੂੰ ਖ਼ਤਮ ਕਰਦੀ ਹੈ।

ਐਲੂਮੀਨੀਅਮ ਇਕ ਕਿਰਿਆਸ਼ੀਲ ਧਾਤੂ ਹੈ ਅਤੇ ਇਸ ਦੇ ਭਾਂਡੇ ਹਵਾ ਦੇ ਸੰਪਰਕ ਨਾਲ ਆਪਣੇ ਉੱਪਰ ਆਕਸਾਈਡ ਦੀ ਪਰਤ ਵੀ ਜਮਾ ਲੈਂਦੇ ਹਨ। ਅਮਲ ਵਾਲੀਆਂ ਚੀਜ਼ਾਂ ਜਿਵੇਂ ਨਿੰਬੂ, ਟਮਾਟਰ, ਦਹੀਂ ਆਦਿ ਨਾਲ ਕਿਰਿਆ ਕਰ ਕੇ ਆਕਸਾਈਡ ਅਤੇ ਐਲੂਮੀਨੀਅਮ ਇਨ੍ਹਾਂ ਤੋਂ ਬਣੇ ਖਾਣ ਵਾਲੇ ਪਦਾਰਥਾਂ ਵਿਚ ਘੁਲ ਜਾਂਦਾ ਹੈ ਜੋ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ। ਇਹ ਹਾਜ਼ਮੇ, ਦਿਮਾਗ ਅਤੇ ਦਿਲ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਇਨ੍ਹਾਂ ਤੱਤਾਂ ਨਾਲ ਕਿਰਿਆ ਹੋਣ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਅਸਰਹੀਣ ਜਾਂ ਘੱਟ ਅਸਰਦਾਰ ਹੋ ਜਾਂਦੇ ਹਨ।

ਲੰਡਨ ਦੇ ਡਾਕਟਰਾਂ ਨੇ ਵੀ ਇਸ ਤਰ੍ਹਾਂ ਹੀ ਨਤੀਜਾ ਕੱਢਿਆ ਸੀ ਕਿ ਐਲੂਮੀਨੀਅਮ ਦੇ ਲਵਣਾਂ ਨੂੰ ਖ਼ਤਮ ਸਮਝਣਾ ਅਤੇ ਇਨ੍ਹਾਂ ਨੂੰ ਸਾਡੇ ਹਾਜ਼ਮੇ ਵਲੋਂ ਨਾ ਸੋਖੇ ਜਾਣ ਲਾਇਕ ਸਮਝਣਾ ਬਹੁਤ ਵੱਡੀ ਭੁੱਲ ਹੈ। ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਐਲੂਮੀਨੀਅਮ ਦੇ ਭਾਂਡੇ ਵਿਚ ਅਮਲ ਵਾਲਾ ਨਮਕੀਨ ਭੋਜਨ ਪਕਾਉਣਾ ਤਾਂ ਦੂਰ, ਪਕਾ ਕੇ ਰੱਖਣਾ ਵੀ ਨਹੀਂ ਚਾਹੀਦਾ।

ਸਾਨੂੰ ਧਿਆਨ ਰੱਖਣਾ ਚਾਹੀਦਾ ਕਿ ਸਾਡੀ ਰਸੋਈ ਵਿਚ ਐਲੂਮੀਨੀਅਮ ਦੇ ਭਾਂਡਿਆਂ ਦੀ ਮੌਜੂਦਗੀ ਘੱਟ ਤੋਂ ਘੱਟ ਹੋਵੇ। ਸਬਜ਼ੀਆਂ ਲਈ ਲੋਹੇ ਦੀ ਕੜਾਹੀ ਅਤੇ ਚਾਹ, ਕੌਫ਼ੀ ਲਈ ਸਟੀਲ ਦੇ ਭਾਂਡੇ ਹੀ ਠੀਕ ਰਹਿੰਦੇ ਹਨ। ਇਨ੍ਹਾਂ ਨਾਲ ਸਾਡੀ ਸਿਹਤ 'ਤੇ ਬੁਰਾ ਪ੍ਰਭਾਵ ਨਹੀਂ ਪੈਂਦਾ। ਲੋਹਾ ਤਾਂ ਸਿਹਤ ਲਈ ਲਾਭਕਾਰੀ ਹੁੰਦਾ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਅ ਵਿਚ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪਵੇਗੀ।

ਫਿਲਹਾਲ, ਇਹ ਧਿਆਨ ਤਾਂ ਰੱਖਿਆ ਹੀ ਜਾਣਾ ਚਾਹੀਦਾ ਹੈ ਕਿ ਐਲੂਮੀਨੀਅਮ ਦੇ ਭਾਂਡਿਆਂ ਵਿਚ ਟਮਾਟਰ, ਇਮਲੀ, ਅੰਬਚੂਰ, ਅੰਬ, ਦਹੀਂ ਆਦਿ ਅਮਲ ਕਾਰਨ ਖਾਣ ਵਾਲੇ ਪਦਾਰਥ ਨਾ ਬਣਾਓ ਅਤੇ ਨਾ ਹੀ ਉਨ੍ਹਾਂ ਵਿਚ ਚਾਹ ਅਤੇ ਕੌਫ਼ੀ ਹੀ ਪੀਓ। ਇਹ ਸਿਹਤ ਦੀ ਰੱਖਿਆ ਲਈ ਬਹੁਤ ਹੀ ਜ਼ਰੂਰੀ ਹੈ।

## ਜੈਤੂਨ ਦੇ ਤੇਲ ਦੀ ਵਰਤੋਂ ਸਿਹਤ ਲਈ ਲਾਭਕਾਰੀ



ਜੈਤੂਨ ਦਾ ਤੇਲ ਜਿਥੇ ਸਰੀਰ ਨੂੰ ਕੈਲੋਰੀ ਦਿੰਦਾ ਹੈ, ਉਥੇ ਇਸ ਵਿਚ ਵਿਟਾਮਿਨ 'ਈ' ਅਤੇ 'ਐਂਟੀਆਕਸੀਡੈਂਟ' ਦੀ ਮਾਤਰਾ ਕਾਫੀ ਮਾਤਰਾ ਵਿਚ ਹੁੰਦੀ ਹੈ। ਇਸ ਦੀ ਵਰਤੋਂ ਖ਼ੂਨ ਵਿਚਲੇ ਕੋਲੈਸਟ੍ਰੋਲ ਦੇ ਪੱਧਰ ਨੂੰ ਵੀ ਪ੍ਰਭਾਵਿਤ ਕਰਦੀ ਹੈ, ਕਿਉਂਕਿ ਜਿਥੇ ਇਹ ਬੁਰੇ ਕੋਲੈਸਟ੍ਰੋਲ ਐਲ. ਡੀ. ਐਲ. ਦੀ ਮਾਤਰਾ ਨੂੰ ਘੱਟ ਕਰਦਾ ਹੈ, ਉਥੇ ਚੰਗੇ ਕੋਲੈਕਟ੍ਰੋਲ ਐਚ. ਡੀ. ਐਲ. ਨੂੰ ਵਧਾਉਂਦਾ ਵੀ ਹੈ। ਜੈਤੂਨ ਦਾ ਤੇਲ ਮੋਨੋਸੈਚੂਰੇਟਿਡ ਹੁੰਦਾ ਹੈ। ਜੈਤੂਨ ਬਾਰੇ ਹੋਈਆਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਜੈਤੂਨ ਦੇ ਤੇਲ ਦੀ ਵਰਤੋਂ ਕਈ ਤਰ੍ਹਾਂ ਦੇ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦੀ ਹੈ। ਇਸ ਤੋਂ ਇਲਾਵਾ ਜੈਤੂਨ ਦਾ ਤੇਲ ਗਠੀਏ ਭਾਵ ਆਰਥਾਟਾਈਸ ਦੀ ਸੰਭਾਵਨਾ ਨੂੰ ਵੀ ਘੱਟ ਕਰਦੀ ਹੈ।

## ਜਿਗਰ ਰੋਗਾਂ ਨੂੰ ਦੂਰ ਕਰੇ ਹਲਦੀ



ਹਲਦੀ ਦੀ ਗੰਢੀ ਅਤੇ ਹਲਦੀ ਪਾਊਡਰ ਤੋਂ ਸਾਰੇ ਜਾਣੂ ਹਨ। ਇਹ ਪਾਊਡਰ ਦੇ ਰੂਪ ਵਿਚ ਰਸੋਈ ਘਰ ਵਿਚ ਜ਼ਰੂਰ ਮਿਲ ਜਾਂਦੀ ਹੈ। ਦਾਲ ਤੇ ਸਬਜ਼ੀਆਂ ਵਿਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਅਚਾਰ ਵਿਚ ਵੀ ਪਾਈ ਜਾਂਦੀ ਹੈ। ਇਹ ਵਟਣੇ ਅਤੇ ਕ੍ਰੀਮ ਵਿਚ ਵੀ ਕੰਮ ਆਉਂਦੀ ਹੈ। ਇਹ ਐਂਟੀਬਾਇਓਟਿਕ ਦਾ ਕੰਮ ਕਰਦੀ ਹੈ। ਇਸ ਦੀ ਗਿੱਲੀ ਪੱਟੀ ਦਰਦ ਤੇ ਸੋਜ਼ ਦੂਰ ਕਰਦੀ ਹੈ। ਗਰਮ ਦੁੱਧ ਵਿਚ ਹਲਦੀ ਮਿਲਾ ਕੇ ਪੀਣ ਨਾਲ ਸਰਦੀ, ਖੰਘ, ਬੁਖਾਰ ਵਿਚ ਅਰਾਮ ਮਿਲਦਾ ਹੈ। ਸੌਣ ਤੋਂ ਪਹਿਲਾਂ ਇਸ ਨੂੰ ਪੀਣ ਨਾਲ ਗੂੜ੍ਹੀ ਨੀਂਦ ਆਉਂਦੀ ਹੈ। ਹਾਲ ਹੀ ਵਿਚ ਹੋਈ ਖੋਜ ਵਿਚ ਇਸ ਦੇ ਹੋਰ ਲਾਭ ਵੀ ਸਾਹਮਣੇ ਆਏ ਹਨ। ਲਿਵਰ ਦੇ ਰੋਗਾਂ ਨੂੰ ਦੂਰ ਕਰਨ ਦੇ ਵੀ ਇਹ ਕੰਮ ਕਰਦੀ ਹੈ। ਆਯੁਰਵੈਦ ਨੇ ਇਸ ਗੱਲ ਨੂੰ ਬਹੁਤ ਪਹਿਲਾਂ ਹੀ ਦੱਸ ਦਿੱਤਾ ਸੀ। ਡਾਕਟਰਾਂ ਅਨੁਸਾਰ ਵੀ ਹੁਣ ਇਸ ਦੀ ਪੂਰੀ ਤਰ੍ਹਾਂ ਪੁਸ਼ਟੀ ਹੋ ਚੁੱਕੀ ਹੈ। ਲਿਵਰ ਦੇ ਕਿਸੇ ਵੀ ਤਰ੍ਹਾਂ ਦਾ ਰੋਗੀ ਜੇਕਰ ਸਵੇਰੇ ਖਾਲੀ ਪੇਟ ਇਕ ਚਮਚ ਹਲਦੀ ਪਾਊਡਰ ਖਾ ਲਵੇ ਅਤੇ ਉੱਪਰ ਤੋਂ ਪਾਣੀ ਪੀ ਲਵੇ ਜਾਂ ਦੁੱਧ ਦੇ ਨਾਲ ਲੈ ਲਵੇ ਤਾਂ ਲਾਭ ਜ਼ਰੂਰ ਮਿਲੇਗਾ।

## ਨੀਂਦ ਨਾ ਆਉਣ ਦੀ ਬਿਮਾਰੀ



ਸੁਰਿੰਦਰਪਾਲ ਸਿੰਘ ਪੰਜਾਬ।

ਅਨਿੱਦਰਾ ਇੱਕ ਐਸੀ ਹਾਲਤ ਹੈ ਜਿਸ ਵਿੱਚ ਵਿਅਕਤੀ ਨੂੰ ਨੀਂਦ ਆਉਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਲੋੜੀਂਦੇ ਸਮੇਂ ਲਈ ਨਹੀਂ ਸੌਂਦਾ, ਜਿਸ ਨਾਲ ਸਰੀਰ ਨੂੰ ਤਾਜ਼ਗੀ ਮਿਲ ਸਕੇ। ਨੀਂਦ ਦਾ ਚੱਕਰ ਲਗਾਤਾਰ ਨਹੀਂ ਹੁੰਦਾ ਅਤੇ ਵਿਅਕਤੀ ਰਾਤ ਨੂੰ ਵਾਰ-ਵਾਰ ਜਾਗਦਾ ਹੈ।

ਇਸ ਨਾਲ ਵਿਅਕਤੀ ਦਿਨ ਦੇ ਸਮੇਂ ਥੱਕਿਆ ਥੱਕਿਆ ਮਹਿਸੂਸ ਕਰਦਾ ਹੈ, ਭਾਵੇਂ ਉਹ ਸੋ ਕੇ ਉੱਠਿਆ ਹੀ ਹੋਵੇ। ਇਹ ਸਿਰਫ ਘੱਟ ਨੀਂਦ ਬਾਰੇ ਨਹੀਂ ਹੈ—ਇਹ ਗੁਣਵੱਤਾ ਵਾਲੀ ਨੀਂਦ ਬਾਰੇ ਹੈ ਜੋ ਮਨੁੱਖ ਦੀ ਜ਼ਿੰਦਗੀ, ਸਰੀਰਕ ਅਤੇ ਮਾਨਸਿਕ ਸਿਹਤ 'ਤੇ ਪ੍ਰਭਾਵ ਪਾਉਂਦੀ ਹੈ।

### ਨੀਂਦ ਨਾ ਆਉਣ ਦੇ ਮੁੱਖ ਕਾਰਨ

**ਤਣਾਅ ਅਤੇ ਜ਼ਿਆਦਾ ਸੋਚਣਾ**

ਜਦੋਂ ਮਨ ਸਮੱਸਿਆਵਾਂ, ਕੰਮ ਜਾਂ ਚਿੰਤਾਵਾਂ ਬਾਰੇ ਸੋਚਦਾ ਰਹਿੰਦਾ ਹੈ, ਤਾਂ ਆਰਾਮ ਕਰਨਾ ਅਤੇ ਸੌਂਣਾ ਮੁਸ਼ਕਿਲ ਹੋ ਜਾਂਦਾ ਹੈ।

**ਜੀਵਨ ਸ਼ੈਲੀ ਦੀਆਂ ਆਦਤਾਂ**

ਰਾਤ ਦੇ ਵੇਲੇ ਮੋਬਾਈਲ ਫੋਨ ਦੀ ਵਰਤੋਂ ਅਤੇ ਸੋਸ਼ਲ ਮੀਡੀਆ 'ਤੇ ਲੰਬੇ ਸਮੇਂ ਤੱਕ ਵੇਖਣਾ ਨੀਂਦ ਨਾ ਆਉਣ ਦਾ ਮੁੱਖ ਕਾਰਨ ਹੈ। ਰਾਤ ਨੂੰ ਚਾਹ/ਕੋਫੀ ਪੀਣਾ ਵੀ ਨੀਂਦ ਦੇ ਸਮੇਂ ਨੂੰ ਅਨਿਯਮਿਤ ਕਰਦਾ ਹੈ। ਇਹ ਆਦਤਾਂ ਸਰੀਰ ਦੇ ਕੁਦਰਤੀ ਨੀਂਦ ਦੇ ਚੱਕਰ ਨੂੰ ਖ਼ਰਾਬ ਕਰ ਦਿੰਦੀਆਂ ਹਨ।

**ਸਿਹਤ ਦੀਆਂ ਸਮੱਸਿਆਵਾਂ**

ਦੁੱਖ, ਬਿਮਾਰੀ ਜਾਂ ਕੁਝ ਦਵਾਈਆਂ ਵੀ ਨੀਂਦ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

**ਵਾਤਾਵਰਨ**

ਸ਼ੋਰ, ਰੋਸ਼ਨੀ ਜਾਂ ਅਣਸੁਖਾਵਾਂ ਸੌਣ ਦਾ ਸਥਾਨ ਵੀ ਨੀਂਦ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

ਅਜੋਕਾ ਜੀਵਨਸ਼ੈਲੀ ਚੱਕਰ ਨੀਂਦ ਨਾ ਆਉਣ ਦੇ ਮਾਮਲਿਆਂ ਵਿੱਚ ਵਾਧਾ ਕਰਨ ਦਾ ਇੱਕ ਵੱਡਾ ਕਾਰਨ ਹੈ। ਲੋਕ ਹਮੇਸ਼ਾ ਵਿਅਸਤ ਅਤੇ ਤਣਾਅ ਵਿੱਚ ਰਹਿੰਦੇ ਹਨ ਕਿਉਂਕਿ ਸੋਸ਼ਲ ਮੀਡੀਆ ਰਾਤ ਦੇ ਸਮੇਂ ਵੀ ਮਨ ਨੂੰ ਸਰਗਰਮ ਰੱਖਦਾ ਹੈ। ਵਧੇਰੇ ਕਮਾਈ ਕਰਨ ਅਤੇ ਵਧੀਆ ਪ੍ਰਾਪਤੀਆਂ ਦੇ ਲਈ ਸਥਿਰ ਦਬਾਅ ਹੁੰਦਾ ਹੈ। ਇਸ ਤੋਂ ਇਲਾਵਾ, ਲੋਕ ਆਪਣੀ ਜਿੰਦਗੀ ਦੀ ਤੁਲਨਾ ਹੋਰਾਂ ਨਾਲ ਕਰਦੇ ਹਨ, ਜੋ ਤਣਾਅ ਅਤੇ ਖਰਾਬ ਰਿਸ਼ਤਿਆਂ ਦਾ ਕਾਰਨ ਬਣਦਾ ਹੈ। ਇਹ ਸਭ ਕੁਝ ਚਿੰਤਾ ਦਾ ਸਬੱਬ ਬਣਾਉਂਦਾ ਹੈ, ਜਿਸ ਨਾਲ ਨੀਂਦ ਲੈਣਾ ਮੁਸ਼ਕਿਲ ਹੋ ਜਾਂਦਾ ਹੈ।

ਕੀ ਨੀਂਦ ਨਾ ਆਉਣ ਦੀ ਸੰਭਾਵਨਾ ਡਿਪ੍ਰੈਸ਼ਨ ਨਾਲ ਜੁੜੀ ਹੋਈ ਹੈ?

ਹਾਂ, ਨੀਂਦ ਨਾ ਆਉਣਾ ਅਤੇ ਡਿਪ੍ਰੈਸ਼ਨ ਨੇੜੇ-ਨੇੜੇ ਜੁੜੇ ਹੋਏ ਹਨ। ਡਿਪ੍ਰੈਸ਼ਨ ਵਾਲੇ ਲੋਕ ਅਕਸਰ ਠੀਕ ਤਰੀਕੇ ਨਾਲ ਨਹੀਂ ਨੀਂਦ ਦਾ ਅਨੁਭਵ ਕਰ ਸਕਦੇ। ਨੀਂਦ ਦੀ ਘਾਟ ਵੀ ਡਿਪ੍ਰੈਸ਼ਨ ਦਾ ਕਾਰਨ ਬਣ ਸਕਦੀ ਹੈ ਅਤੇ ਇਹ ਇੱਕ ਚੱਕਰ ਬਣ ਜਾਂਦਾ ਹੈ ਕਿਉਂਕਿ ਖਰਾਬ ਨੀਂਦ ਮਨੁੱਖ ਦੇ ਵਿਉਹਾਰ'ਤੇ ਪ੍ਰਭਾਵ ਪਾਉਂਦੀ ਹੈ ਅਤੇ ਖਰਾਬ ਮਾਨਸਿਕ ਸਿਹਤ ਨੀਂਦ 'ਤੇ ਪ੍ਰਭਾਵ ਪਾਉਂਦੀ ਹੈ।

**ਧਿਆਨ ਨੀਂਦ ਨਾ ਆਉਣ ਦੀ ਬਿਮਾਰੀ ਵਿੱਚ ਕਿਵੇਂ ਮਦਦ ਕਰਦਾ ਹੈ?**

ਧਿਆਨ ਦਾ ਅਰਥ ਹੁੰਦਾ ਹੈ ਵਰਤਮਾਨ ਪਲ ਵਿੱਚ ਸ਼ਾਂਤ ਰਹਿਣਾ ਬਿਨਾਂ ਜ਼ਿਆਦਾ ਸੋਚਣ ਦੇ।

**ਨੀਂਦ ਲਈ ਧਿਆਨ ਦੇ ਫਾਇਦੇ:**

- ਜ਼ਿਆਦਾ ਸੋਚਣ ਨੂੰ ਘਟਾਉਂਦੀ ਹੈ: ਇਹ ਮਨ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦੀ ਹੈ।
- ਤਣਾਅ ਘਟਾਉਂਦੀ ਹੈ: ਸਰੀਰ ਨੂੰ ਆਰਾਮ ਦਿੰਦੀ ਹੈ।
- ਨਾ ਸੋਣ ਦੇ ਡਰ ਨੂੰ ਹਟਾਉਂਦੀ ਹੈ: ਨੀਂਦ ਦੀ ਚਿੰਤਾ ਨੂੰ ਘਟਾਉਂਦੀ ਹੈ।



- ਨੀਂਦ ਦੀ ਗੁਣਵੱਤਾ ਨੂੰ ਸੁਧਾਰਦੀ ਹੈ: ਡੂੰਘੀ ਅਤੇ ਸ਼ਾਂਤ ਨੀਂਦ ਵਿੱਚ ਮਦਦ ਕਰਦੀ ਹੈ।

ਸਾਦੇ ਅਭਿਆਸ:

- ਸੌਣ ਤੋਂ ਪਹਿਲਾਂ ਲੰਬੇ ਲੰਬੇ ਸਾਹ ਲੈਣ ਦੀ ਕਿਰਿਆ ਨੀਂਦ ਲਿਆਉਣ ਵਿੱਚ ਸਹਾਇਤਾ ਕਰਦੀ ਹੈ।
- ਕੁਝ ਮਿੰਟਾਂ ਲਈ ਧਿਆਨ ਵੀ ਕਾਫੀ ਫਾਇਦੇਮੰਦ ਹੁੰਦਾ ਹੈ।
- ਵਰਤਮਾਨ ਪਲ 'ਤੇ ਧਿਆਨ ਕੇਂਦ੍ਰਿਤ ਕਰਨਾ ਮਨ ਦੀ ਭਟਕਣਾ ਨੂੰ ਵਿਰਾਮ ਦਿੰਦਾ ਹੈ।

ਅਨਿੱਦਰਾ ਸਿਰਫ ਇੱਕ ਨੀਂਦ ਦੀ ਸਮੱਸਿਆ ਨਹੀਂ—ਇਹ ਇੱਕ ਜੀਵਨਸ਼ੈਲੀ ਦੀ ਸਮੱਸਿਆ ਹੈ।

### ਅੱਜ ਦੀ ਦੁਨੀਆ ਵਿੱਚ:

ਅਸੀਂ ਆਪਣੇ ਕੰਮ ਦਾ ਧਿਆਨ ਰੱਖਦੇ ਹਾਂ, ਪਰ ਆਪਣੇ ਮਨ ਦਾ ਨਹੀਂ।

ਅਸੀਂ ਸਫਲਤਾ ਦੇ ਪਿੱਛੇ ਭੱਜਦੇ ਹਾਂ, ਪਰ ਸ਼ਾਂਤੀ ਗੁਆ ਲੈਂਦੇ ਹਾਂ।

ਚੰਗੀ ਨੀਂਦ ਕੁਦਰਤੀ ਤੌਰ 'ਤੇ ਆਉਂਦੀ ਹੈ ਜਦੋਂ ਮਨ ਸ਼ਾਂਤ ਹੁੰਦਾ ਹੈ।

ਤਣਾਅ ਘਟਾਉਣ, ਸਕ੍ਰੀਨ ਸਮੇਂ ਨੂੰ ਸੀਮਿਤ ਕਰਨ ਅਤੇ ਧਿਆਨ ਦਾ ਅਭਿਆਸ ਕਰਨ ਵਰਗੀਆਂ ਸਾਦੀਆਂ ਆਦਤਾਂ ਸਿਹਤਮੰਦ ਨੀਂਦ ਨਾ ਆਉਣ ਦੀ ਸੰਭਾਵਨਾ ਤੋਂ ਛੁਟਕਾਰਾ ਦਿਵਾਉਣ ਵਿੱਚ ਮਦਦ ਕਰ ਸਕਦੀਆਂ ਹਨ।

# ਕਾਵਿ ਕਿਆਰੀ

## ਪੰਡ ਯਾਦਾਂ ਦੀ

ਤੇਰੇ ਘਰ ਕੋਲੋਂ ਮਾਏ ਅੱਜ ਹੋ ਕੇ ਆਈਂ ਆਂ।
ਸੱਚ ਜਾਣੀ ਮਾਏਂ ਪੰਡ, ਯਾਦਾਂ ਦੀ ਲਿਆਈ ਆਂ।

ਚੱਕੀ ਨਈਂ ਸੀ ਜਾਂਦੀ, ਬਾਹਲੀ ਭਾਰੀ ਹੋ ਗਈ।
ਯਾਦਾਂ ਦੇ ਝਰੋਖਿਆਂ 'ਚ ਜਦੋਂ ਖੋਹ ਗਈ
ਚਾਹਕੇ ਵੀ ਜਾਂਦੀ ਕੋਈ, ਗੱਲ ਨਾ ਭੁਲਾਈ ਆ।
ਸੱਚ ਜਾਣੀ ਮਾਏਂ ਪੰਡ, ਯਾਦਾਂ ਦੀ ਲਿਆਈ ਆਂ।

ਮੁੜੀ ਸੀਗੀ ਜਦੋਂ ਮਾਏਂ ਫਿਰਨੀ ਦਾ ਮੋੜ ਨੀ।
ਤੱਕਿਆ ਉਦਾਸ ਹੋਇਆ, ਸੱਥ ਵਾਲ ਬੋਹੜ ਨੀ
ਜਿਹਦੇ ਹੇਠ ਹੁੰਦੀ ਸੀ ਪੀਂਘ ਪਾਈ ਆ।
ਸੱਚ ਜਾਣੀ ਮਾਏਂ ਪੰਡ, ਯਾਦਾਂ ਦੀ ਲਿਆਈ ਆਂ।

ਦਰਾਂ ਵਿੱਚ ਖੜ੍ਹ ਜਦ ਝਾਤੀ ਵਿਹੜੇ ਮਾਰੀ ਮੈਂ।
ਚੌਂਕੇ ਵਾਲੀ ਕੰਧ ਢੱਠੀ ਵੇਖੀ ਉਹ ਸਾਰੀ ਮੈਂ।
ਚਾਟੀ ਤੇ ਮਧਾਣੀ ਤੇਰੀ, ਦਿੱਤੀ ਨਾ ਦਿਖਾਈ ਆ।
ਸੱਚ ਜਾਣੀ ਮਾਏਂ ਪੰਡ, ਯਾਦਾਂ ਦੀ ਲਿਆਈ ਆਂ।

ਛੋਟਾ ਜਿਹਾ ਘਰ ਸਾਡਾ ਫੁੱਲਾਂ ਦੀ ਕਿਆਰੀ ਸੀ।
ਸਾਰਿਆਂ 'ਚ ਬੈਠੀ ਮਾਏ, ਲੱਗਦੀ ਪਿਆਰੀ ਸੀ।
ਉਹੀ ਘਰ 'ਪ੍ਰੀਤ' ਹੁਣ ਦਿੰਦਾ ਦੁਹਾਈ ਆ।
ਸੱਚ ਜਾਣੀ ਮਾਏਂ ਪੰਡ, ਯਾਦਾਂ ਦੀ ਲਿਆਈ ਆਂ।

**ਲੇਖਕ : ਹਰਪ੍ਰੀਤ ਕੌਰ 604-442-7619**

## ਬਰਾਬਰ ਵੰਡ

ਪਾ ਆਪਣਾ ਹੀ ਗਿਆ ਕਿੱਕਲੀ,
ਜਦ ਭਾਂਡੇ ਕਰ ਗਿਆ ਅੱਡ ਬੇਲੀ।
ਚੜ੍ਹਿਆ ਵੇਖ ਸ਼ਰੀਕ ਮਣ੍ਹੇ ਉੱਤੇ,
ਵੰਡ ਬਰਾਬਰ ਲਿਆ ਗੱਡ ਬੇਲੀ।

ਜਦ ਪਿਆ ਧਮੱਚੜ ਹਿੱਕ ਉੱਤੇ,
ਸਮਝੋ ਨੱਕ ਹੀ ਗਿਆ ਵੱਢ ਬੇਲੀ।
ਵਾਂਗ ਤੁਫ਼ਾਨ ਹਨੇਰੀ ਵੇਖ ਝੁੱਲੀ,
ਜਾਪੇ ਦਿਲ ਹੀ ਗਿਆ ਛੱਡ ਬੇਲੀ।

ਕਿਹੜੀ ਨਿੱਤਰੂ ਵੜੇਵੇਂ ਖਾਣੀਆਂ 'ਚੋਂ,
ਕਿਹੜਾ ਜਾਊ ਚੁਗਾਨ ਛੱਡ ਬੇਲੀ।
ਘਰ ਦਾ ਘਰ ਹੀ ਇਉਂ ਖੜਕ ਬੈਠਾ,
ਜਿਉਂ ਖੜਕਦੀ ਹੋਵੇ ਢੱਡ ਬੇਲੀ।

ਲਾਹੇ ਲੈਣ ਨੂੰ ਐਰ ਗ਼ੈਰ 'ਭਗਤਾ',
ਆ ਗਏ ਨਿਕਲ ਵਿੱਚੋਂ ਖੱਡ ਬੇਲੀ।
ਵਿੱਚ ਭਰਾਵਾਂ ਹੋਈ ਵੇਖ ਬਗਾਵਤ,
ਫਿਰਨ ਆਫਰੇ ਵਾਂਗ ਡੱਡ ਬੇਲੀ।

**ਲੇਖਕ : ਬਰਾੜ-ਭਗਤਾ ਭਾਈ ਕਾ 1-604-751-1113**

## ਪਰਮਾਤਮਾ ਦਾ ਹੁਕਮ

ਪਰਮਾਤਮਾ ਦੇ ਹੁਕਮ ਵਿੱਚ ਰਹਿਣ ਦਾ ਆਨੰਦ ਹੀ ਆਨੰਦ,
ਭੋਰਾ ਵੀ ਗਿਲਾ ਨ੍ਹੀਂ ਹੁੰਦਾ, ਮੀਨ-ਮੇਖ ਵਾਲਾ ਰਹੇ ਆਪਣੀ ਜੇਲ੍ਹ ਵਿੱਚ ਹੀ ਬੰਦ।

ਸੱਚੇ ਮਨੋਂ ਕੀਤੀ ਅਰਦਾਸ ਵਿਅਰਥ ਨਾ ਜਾਵੇ,
ਸ਼ਰਤ ਇਹ ਹੈ ਕਿ ਕਿਸੇ ਦੇ ਵਿਰੁੱਧ ਨਾ ਕੀਤੀ ਜਾਵੇ।

ਜੋ ਸਖਸ਼ ਨਾਮ ਦੇ ਵਿਚ ਆਪਣੀ ਸੋਝੀ ਜੋੜ ਲੈਂਦਾ,
ਸਧਾਰਨ ਬੰਦਾ ਵੀ ਬੇਅੰਤ ਗੁਣਾਂ ਦੀ ਗੁਥਲੀ ਕਹਾਵੇ।

ਜੁੜ ਜਾਉ ਦੋਸਤੋ, ਖੁਸ਼ੀਆਂ ਖੇੜਿਆਂ ਦੇ ਲਈ,
ਚੰਗੇ ਪਾਸੇ ਦਾ ਪੱਲੜਾ ਰਹੇ ਭਾਰੀ, ਜਿੱਤ ਦਾ ਜਸ਼ਨ ਮਨਾਵੇ।

ਕਿਰਤੀ ਸੀ ਬਾਬਾ ਸਾਡਾ, ਪਾਲਦਾ ਸੀ ਟੱਬਰ ਕਰ ਕਰ ਕੱਠਾ ਦਾਣਾ,
ਸਾਰੇ ਸੀ ਕਦਰ ਕਰਦੇ, ਉਸ ਦੀ ਬਦੌਲਤ ਟੀਸੀ ਤੇ ਪਹੁੰਚਿਆ ਲਾਣਾ ।

ਸਿਖਰਲੇ ਬੁਢਾਪੇ ਵਿੱਚ ਵੀ, ਕਰਦਾ ਸੀ ਲੰਮੀ ਸੈਰ,
ਪਤਾ ਵੀ ਨ੍ਹੀਂ ਲੱਗਿਆ, ਕਦੋਂ ਤੁਰ ਗਿਆ ਲੱਭ ਕੇ ਆਪਣਾ ਅਗਲਾ ਟਿਕਾਣਾ।

ਖ਼ੂਬ ਘੁੰਮੋ-ਫਿਰੋ, ਖ਼ੂਬ ਵਧੀਆ ਗਿਆਨ ਦੀਆਂ ਕਿਤਾਬਾਂ ਪੜ੍ਹੋ,
ਪਾਬਲੋ ਨਰੂਦਾ ਕਹਿੰਦਾ, ਨਹੀਂ ਤਾਂ ਫਿਰ ਹੌਲੀ ਹੌਲੀ ਆਪਣੀ ਮੌਤ ਮਰੋ।

ਦੱਸੇ ਸਾਡਾ ਸਿਧਾ ਸਾਧਾ ਫਿਲਾਸਫਰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ,
ਧਾਗਿਆਂ ਤਵੀਤਾਂ ਰਾਹੀਂ ਰੱਬ ਕੋਲੋਂ ਮੰਗਦੇ, ਸੰਤਾਂ ਦੀ ਕ੍ਰਿਪਾ ਦੀ ਝੜੀ।

**ਲੇਖਕ : ਅਮਰਜੀਤ ਸਿੰਘ ਤੂਰ, ਪਿੰਡ ਕੁਲਬੁਰਛਾਂ ਜ਼ਿਲਾ ਪਟਿਆ**

## ਕਰਮਾਂ ਮਾਰੀ

ਪਿੱਛੇ ਰਹਿ ਜਾਏ ਕਰਮਾਂ ਮਾਰੀ ਭੁੱਖ ਤੋਂ ਅੱਗੇ ਲੰਘੋ ।
ਚਾਵਾਂ ਦਾ ਕੋਈ ਸ਼ਹਿਰ ਵਸਾਉ ਦੁਖ ਤੋਂ ਅੱਗੇ ਲੰਘੋ ।

ਖ਼ੁਦਦਾਰੀ ਨਾਲ ਜੀਵਨ ਦਾ ਵੱਲ ਸਿੱਖੋ ਦੁਨੀਆਂ ਉੱਤੇ,
ਪੈਰੀਂ ਪੈਂਖੜ ਪਾਏ ਜੋ ਉਸ ਸੁੱਖ ਤੋਂ ਅੱਗੇ ਲੰਘੋ ।

ਸੈ ਵਰ੍ਹਿਆਂ ਦੇ ਬਾਅਦ ਵੀ ਅੱਜ ਏ ਖ਼ਾਲਮ-ਖ਼ਾਲੀ ਝੋਲੀ,
ਸਮੇਂ ਦੇ ਬਾਂਝਪੁਣੇ ਦੀ ਸੱਖਣੀ ਕੁੱਖ ਤੋਂ ਅੱਗੇ ਲੰਘੋ ।

ਹੰਝੂਆਂ ਦਾ ਦੇ ਦੇ ਕੇ ਪਾਣੀ ਪਾਲਿਆ ਏ ਰੁੱਖ ਜਿਹੜਾ,
ਠੰਢੀ ਛਾਂ ਨਾ ਦੇ ਤਾਂ ਫਿਰ ਉਸ ਰੁੱਖ ਤੋਂ ਅੱਗੇ ਲੰਘੋ ।

ਜਿੱਥੇ ਹਾਸੇ ਕਰਨ ਸਵਾਗਤ ਓਸ ਨਗਰ ਜਾ ਵੱਸੋ,
'ਰਾਹਤ ਜੀ' ਇਸ ਨਫ਼ਰਤ ਦੀ ਦੁਖਦੁਖ ਤੋਂ ਅੱਗੇ ਲੰਘੋ।

**ਲੇਖਕ : ਇਕਬਾਲ ਰਾਹਤ**

## ਵੇਖ ਹਮਾਕਤ ਹਾਕਮ ਦੀ

ਵੇਖ ਹਮਾਕਤ ਹਾਕਮ ਦੀ ਉਹ ਹੁਣ ਐਸਾ ਐਲਾਨ ਕਰੇਗਾ।
ਸਾਡੇ ਘਰ 'ਤੇ ਕਬਜ਼ਾ ਕਰਕੇ ਸਾਨੂੰ ਹੀ ਮਹਿਮਾਨ ਕਰੇਗਾ।

ਜੋ ਫੁੱਲਾਂ ਦੀ ਰਾਖੀ ਖਾਤਿਰ ਆਪ ਬਿਠਾਇਆ ਸੀ ਆਪਾਂ,
ਚਿਤ ਚੇਤੇ ਵੀ ਨਹੀਂ ਸੀ ਮਾਲੀ ਬਾਗਾਂ ਨੂੰ ਵੀਰਾਨ ਕਰੇਗਾ।

ਰੋਜ਼ ਡਰਾਉਨੈਂ ਖ਼ੌਫ਼ ਵਿਖਾਉਨੈਂ ਤੇਜ਼ ਹਨ੍ਹੇਰੀ ਦਾ ਤੂੰ ਕਿਸਨੂੰ,
ਜਿਸ ਦੇ ਦਿਲ ਵਿੱਚ ਰੀਝ ਬਲਣ ਦੀ ਉਸਨੂੰ ਕੀ ਤੂਫ਼ਾਨ ਕਰੇਗਾ।

ਸਮਝ ਲਵੋ ਜੇ ਸਮਝ ਸਕੋ ਤਾਂ ਇਸ ਦੇ ਵਿਚਲੀ ਸ਼ੈਤਾਨੀ ਨੂੰ,
"ਮੈਂ ਸਾਧੂ ਹਾਂ" ਜਦ ਕੋਈ ਨੇਤਾ ਐਦਾਂ ਦਾ ਐਲਾਨ ਕਰੇਗਾ।

ਲੁੱਟੀ ਜਾਂਦੀ ਧਿਰ ਦੇ ਹੱਕ ਵਿੱਚ ਸ਼ਬਦ ਕਦੋਂ ਆਵਾਜ਼ ਬਣਨਗੇ,
ਹਾਕਮ ਦੇ ਗੁਣ ਗਾਉਂਦਾ ਲਾਣਾ,ਕਾਨੀ ਕਦ ਕਿਰਪਾਨ ਕਰੇਗਾ।

ਮੈਂ ਕੀ ਖਾਵਾਂ,ਮੈਂ ਕੀ ਪੀਵਾਂ,ਮੈਂ ਕੀ ਬੋਲਾਂ, ਮੇਰੀ ਮਰਜ਼ੀ,
ਮੇਰੇ ਉੱਪਰ ਆਪਣੀ ਮਰਜ਼ੀ ਕਿਉਂ ਕੋਈ ਸੁਲਤਾਨ ਕਰੇਗਾ।

ਤ੍ਰੌਫ਼ਜ਼ਦਾ ਖ਼ਲਕਤ ਨੂੰ ਕਰਕੇ ਆਪਣੇ ਮਨ ਵਿੱਚ ਇਹ ਨਾ ਸੋਚੇ,
ਬੋਲਣ ਵਾਲ਼ੇ ਲੋਕਾਂ ਦੀ ਉਹ ਐਦਾਂ ਬੰਦ ਜ਼ੁਬਾਨ ਕਰੇਗਾ।

**ਲੇਖਕ : ਰਾਜਦੀਪ ਸਿੰਘ ਤੂਰ**

## ਤੂੰ ਕਿਉਂ ਨਹੀਂ ਬੋਲਦਾ ?

ਰਾਜਾ ਵੀ ਹੈ ਚੋਰ ਤੇ ਵਜ਼ੀਰ ਚੋਰ ਹੈ
ਭਗਵੇਂ ਲਿਬਾਸ 'ਚ ਫ਼ਕੀਰ ਚੋਰ ਹੈ

ਪਰ੍ਹੇ-ਪੰਚਾਇਤਾਂ ਦੀ ਜ਼ਮੀਰ ਚੋਰ ਹੈ
ਸਾਰਾ ਕੁਝ ਜਾਣਦੈਂ ਤੂੰ,

ਭੇਦ ਕਿਉਂ ਨਹੀਂ ਖੋਲ੍ਹਦਾ?
ਤੂੰ ਕਿਉਂ ਨਹੀਂ ਬੋਲਦਾ?

ਧੋਖਾ-ਧੜੀ ਇਥੇ ਸ਼ਰੇਆਮ ਹੋ ਰਹੀ
ਅਬਲਾ ਦੀ ਆਬਰੂ ਨੀਲਾਮ ਹੋ ਰਹੀ

ਕੂੜ ਦੇ ਦਲਾਲਾਂ ਨੂੰ ਸਲਾਮ ਹੋ ਰਹੀ
ਦਿਲ ਵਿਚ ਰਹਿਨਾਂ ਏਂ, ਤੂੰ ਵਿਸ ਘੋਲਦਾ
ਤੂੰ ਕਿਉਂ ਨਹੀਂ ਬੋਲਦਾ?

ਜਾਣਦੈਂ ਤੂੰ ਲੋਕਾਂ ਦਾ ਈਮਾਨ ਹੀ ਨਹੀਂ
ਮੂੰਹ ਵਿਚ ਕਿਸੇ ਦੇ ਜ਼ੁਬਾਨ ਹੀ ਨਹੀਂ

ਚੋਰ ਵੱਲ ਕਿਸੇ ਦਾ ਧਿਆਨ ਹੀ ਨਹੀਂ
ਸਾਡੇ ਵਿਸ਼ਵਾਸ ਦੀ ਜੋ ਪੱਤ ਰੋਲਦਾ
ਤੂੰ ਕਿਉਂ ਨਹੀਂ ਬੋਲਦਾ?

ਲੋਟੂ ਰਾਮ ਗੱਲੀਂ-ਬਾਤੀਂ ਸਾਰੀ ਜਾ ਰਿਹੈ
ਆਪਣੇ ਹੀ ਕੁਨਬੇ ਨੂੰ ਤਾਰੀ ਜਾ ਰਿਹੈ

ਦਿਨ-ਦੀਵੀਂ ਹੱਕ ਤੇਰਾ ਮਾਰੀ ਜਾ ਰਿਹੈ
ਵੱਟਾਂ ਸਾਵੀਂ ਤੱਕੜੀ 'ਚ ਝੂਠ ਤੋਲਦਾ
ਤੂੰ ਕਿਉਂ ਨਹੀਂ ਬੋਲਦਾ?

ਗਭਰੂ ਨੇ ਨਸ਼ਿਆਂ 'ਚ ਰੁੜ੍ਹੀ ਜਾ ਰਹੇ
ਡੇਰਿਆ 'ਤੇ ਧਾਮਾਂ ਨਾਲ ਜੁੜੀ ਜਾ ਰਹੇ

ਪੜ੍ਹ ਕੇ ਵਿਦੇਸ਼ਾਂ ਵੱਲ ਤੁਰੀ ਜਾ ਰਹੇ
ਡੋਲ ਗਿਐ ਸਭ ਕੁਝ ਤਖ਼ਤ ਨਹੀਂ ਡੋਲਦਾ
ਤੂੰ ਕਿਉਂ ਨਹੀਂ ਬੋਲਦਾ?

**ਲੇਖਕ : ਲਖਵਿੰਦਰ ਸਿੰਘ ਗਿੱਲ (ਡਾ.)**

## ਦਿੱਲੀ ਮੌਜ ਕਰਦੀ

ਦਿੱਲੀ ਮੌਜ ਕਰਦੀ
ਓ ਦਿੱਲੀ ਮੌਜ ਕਰਦੀ
ਮਹਿਲਾਂ 'ਚ ਕਿਲਿਆਂ ਚ
ਸੁਕਿਆਂ 'ਚ ਗਿਲਿਆਂ ਚ
ਮੀਂਹ ਜਾਂ ਹਨ੍ਹੇਰੀ ਹੋਵੇ
ਫਸਲ ਘੱਟ ਜਾਂ ਬਥੇਰੀ ਹੋਵੇ
ਦਿੱਲੀ ਮੌਜ ਕਰਦੀ
ਜਿਹਦੀ ਕੋਈ ਬਿਜਾਈ ਨਾ

ਜਿਹਦੀ ਆਪਣੀ ਕਮਾਈ ਨਾ
ਜਿਹਨੂੰ ਕੋਈ ਮਹਿੰਗਾਈ ਨਾ
ਓ ਦਿੱਲੀ ਮੌਜ ਕਰਦੀ

ਹਵਾ ਤੇਰੇ ਸ਼ਹਿਰ ਦੀ
ਮਾਰ ਕਰੇ ਕਹਿਰ ਦੀ
ਸੜਕਾਂ ਤੇ ਬਹਿ ਖਾਂਦੇ ਆਂ
ਰੋਟੀ ਰਾਤ ਦੀ, ਦੁਪਹਿਰ ਦੀ
ਦਿੱਲੀ ਮੌਜ ਕਰਦੀ
ਅਸੀਂ ਕਿੰਨੇ ਹੀ ਗਵਾਏ
ਓਹਨੇ ਕਿੰਨੇ ਹਥਿਆਏ
ਜਿਹਦੇ ਸਾਰੇ ਨੇ ਸਤਾਏ

**ਨਰਿੰਦਰ ਕੁਮਾਰ**

## ਪੈਮਾਨਾ

ਇੱਕ ਦੂਜੇ ਦੀ ਜ਼ਿੰਦਗੀ ਨੂੰ,
ਅਸੀਂ ਜਦ ਵੀ ਤੱਕੀਏ ਪੈਮਾਨੇ ਨਾਲ਼।

ਨਾ ਦੇਖੀਏ ਓਹਦੇ ਵਕਤਾਂ ਮਾੜਿਆਂ ਨੂੰ,
ਨਾ ਦੇਖੀਏ ਓਹਦੇ ਨਾਲ ਜੋ ਹੋਈ ਕਮਾਲ।

ਜੋ ਹੰਢਾਏ ਓਹਨੇ ਨੰਗੇ ਪਿੰਡੇ ਤੇ,
ਲੁਕ ਜਾਣ ਉਹ ਜ਼ਖ਼ਮ, ਅੱਜ ਦੀਆਂ ਚਮਕਾਂ ਨਾਲ।

ਕਈ ਜ਼ਖ਼ਮਾਂ ਓਹਨੂੰ ਤੋੜਿਆ, ਲੁਟਿੱਆ,
ਕਈ ਜ਼ਖ਼ਮਾਂ ਤੋਂ ਓਹਨੇ ਪਾਈ ਪਾਰ।

ਕੁਝ ਦੇ ਗਏ ਓਹਨੂੰ ਯਾਦਾਂ ਮਿੱਠੀਆਂ,
ਕਈਆਂ ਨੇ ਨਾ ਓਹਦੀ ਲਈ ਸਾਰ।

ਉਹ ਫਿਰ ਵੀ ਹੈ ਤੁਰਿਆ ਜਾਂਦਾ,
ਬੱਸ ਮੰਨ ਕੇ ਸਮੇਂ ਦੀ ਖੇਡੀ ਚਾਲ।

ਸਿੱਖਦਾ ਰਹਿ ਬੱਸ ਹਰ ਠੋਕਰ ਤੋਂ,
ਤੂੰ ਜ਼ਿੰਦਾ ਰੱਖ ਅਪਣਾ ਕਲਾਮ।

ਰੋਕੇਂਗਾ ਸਭ; ਜੇ ਰੁਕ ਗਿਆ ਤੂੰ,
ਚਲਦਾ ਰਹਿ ਕੇ, ਚਲਦਾ ਰੱਖ ਇਹ ਬਵਾਲ।

ਛੱਡ ਦੂਜਿਆਂ ਨੂੰ ਨਾਪਣਾ,
ਅਪਣੀ ਨਜ਼ਰਾਂ ਦੇ ਅਧੂਰੇ ਪੈਮਾਨੇ ਨਾਲ਼।

ਸਭ ਦੀ ਜ਼ਿੰਦਗੀ ਦੇਵੇ ਕੁਝ ਚੰਕਮੇਂ,
ਬੱਸ ਦੇਵੇ ਅਪਣੀ ਮਰਜ਼ੀ ਨਾਲ਼।

ਹਰ ਜਗ੍ਹਾ ਜਾਗਦਾ ਰਹਿ ਕੇ,
ਕੈਦ ਕਰ ਇਹ ਪਲ ਪੂਰੇ ਚਾਵਾਂ ਨਾਲ਼।

ਇਹੋ ਤੇਰੇ ਪੱਲੇ ਰਹਿਣੇ,
ਜਦ ਟੁਰਨਾ ਇੱਥੋਂ ਤਜ਼ਰਬੇ ਨਾਲ਼।

**ਲੇਖਕ : ਜਤਿੰਦਰ ਰਾਹੀ**

## ਪੈਲੀਆਂ

ਸਿਲ੍ਹੀਆਂ ਸਿਲ੍ਹੀਆਂ ਧਰਤੀਆਂ, ਪਿੰਡੋਂ ਬਾਹਰਵਾਰ।
ਹਾਲੀਆਂ ਨੇ ਹਲ ਜੋੜ ਲਏ, ਲੀਕਣ ਲਗੇ ਸਿਆੜ।
ਦਾਣਾ ਦਾਣਾ ਕੇਰਿਆ, ਲੈ ਕੇ ਰੱਬ ਦਾ ਨਾਂ।
ਫੁੱਟਣ ਤੂਈਆਂ ਮੋਤੀਆ, ਨਜ਼ਰੀਂ ਪੈਣ ਮਸਾਂ।
ਤੂਈਆਂ ਵਧ ਕੇ ਹੋ ਗਈਆਂ ਉਂਗਲ ਦੋ ਦੋ ਚਾਰ।
ਹਰੀਆਂ ਝਲਕਾਂ ਪੈਂਦੀਆਂ ਫਿਰ ਗਈ ਜਿਵੇਂ ਬਹਾਰ।
ਕਣੀਆਂ ਵਰ੍ਹੀਆਂ ਅੰਬਰੋਂ, ਸੂਰਜ ਡੋਲ੍ਹੀ ਧੁੱਪ।
ਸੰਝਾਂ ਵਾਰਨ ਲਾਲੀਆਂ, ਰਾਤਾਂ ਨ੍ਹੇਰੇ ਘੁੱਪ।
ਚੰਨੇ ਦਿੱਤੀ ਚਾਨਣੀ ਤਾਰਿਆਂ ਦਿੱਤੀ ਲੋਅ।
ਮੋਤੀ ਦਿੱਤੇ ਤ੍ਰੇਲ ਨੇ, ਲੂੰ ਲੂੰ ਵਿਚ ਪਰੋ।
ਪਹੁ-ਫੁਟਾਲੇ ਦੁਧੀਆ ਧੋਵਣ ਆਕੇ ਮੁੱਖ।
ਸੋਨ-ਸਵੇਰਾਂ ਸੁੱਚੀਆਂ ਪੁੱਛਣ ਆ ਕੇ ਦੁੱਖ।
ਸੀਤ ਫਰਾਟੇ ਪੌਣ ਦੇ ਝੱਲਾਂ ਦੇਂਦੇ ਆਣ।
ਗੋਡੇ ਗੋਡੇ ਪੈਲੀਆਂ ਝੂਮ ਹਿਲੋਰੇ ਖਾਣ।
ਗੋਡੇ ਗੋਡੇ ਪੈਲੀਆਂ, ਹੋਰ ਨਿਸਾਰੇ ਲੈਣ।
ਲੱਕਾਂ ਨੂੰ ਜਦ ਛੁੰਹਦੀਆਂ ਬੂਰ ਤਦੋਂ ਆ ਪੈਣ।
ਪੱਕਣ ਦੀ ਰੁਤ ਆ ਗਈ, ਲੈਂਦੀ ਨਿੱਘੇ ਸਾਹ।
ਰੰਗ ਵਟਾਇਆ ਪੈਲੀਆਂ, ਪੀਲੀ ਪੀਲੀ ਭਾਹ।
ਤੁਰੀਆਂ ਦੇ ਵਿਚ ਭਰ ਗਏ ਦਾਣੇ ਮੋਤੀਆਂ ਵਾਂਗ।
ਦਿਲਾਂ ਦਿਲਾਂ 'ਚੋਂ ਲੰਘ ਗਈ ਖ਼ੁਸ਼ੀਆਂ ਦੀ ਇੱਕ ਕਾਂਗ।
ਖੜਕਣ ਸਿੱਟੇ ਝੂਲਦੇ ਪੌਣ-ਹਿਲੋਰਾਂ ਨਾਲ।
ਟਸਰੀ ਟਸਰੀ ਪੈਲੀਆਂ ਪਕ ਪਕ ਹੋਈਆਂ ਲਾਲ।
ਭਰੀਆਂ ਭਰੀਆਂ ਪੈਲੀਆਂ ਲੱਕੋਂ ਮੁਚ ਮੁਚ ਪੈਣ।
ਸਾਗਰ ਠਾਠਾਂ ਮਾਰਦੇ ਹੋ ਹੋ ਕੇ ਬੇ-ਚੈਨ।
ਸੁਣ ਕੁੱਕੜ ਦੀ ਬਾਂਗ ਨੂੰ ਜਾਗ ਪਏ ਕਿਰਸਾਨ।
ਹੱਥੀ ਦੰਦਲ-ਦਾਤੀਆਂ, ਖੇਤਾਂ ਦੇ ਵਲ ਜਾਣ।
ਚਿੜੀ ਚੂਕਦੀ ਟਾਹਣੀਏਂ, ਨੈਣਾਂ ਵਿਚ ਖ਼ੁਮਾਰ।
ਸਾਂ ਸਾਂ ਕਰਦੀ ਸਿਰਾਂ ਤੋਂ ਉਡ ਜਾਂਦੀ ਕੋਈ ਡਾਰ।
ਰਾਹਾਂ ਦੇ ਵਿਚ ਫੁੱਟਿਆ ਸੁੱਚਾ ਸੁੱਚਾ ਨੂਰ।
ਪੈਰਾਂ ਦੇ ਵਿਚ ਉਡਦੀ ਨਿੱਕੀ ਨਿੱਕੀ ਧੂੜ।
ਖੇਤੀਂ ਪਈਆਂ ਦਾਤੀਆਂ ਪਹੁ-ਫੁੱਟਣ ਦੇ ਨਾਲ।
ਵੱਢਾਂ ਦੇ ਵਿਚ ਵਿਛ ਗਈ ਸੱਥਰੀਆਂ ਦੀ ਪਾਲ।
ਸੋਨ-ਸੁਨਹਿਰੀ ਕਰਚਿਆਂ ਦੇ ਵੱਢਾਂ ਵਿਚਕਾਰ।
ਫਲ਼ਿਆਂ ਬੱਲੇ ਟੁੱਟਦੇ ਨਵੀਂ ਫਸਲ ਦੇ ਭਾਰ।

**ਲੇਖਕ : ਸੰਤੋਖ ਸਿੰਘ ਧੀਰ**

# ਨਾਰੀ ਸੰਸਾਰ

## .ਫਜ਼ੂਲ ਖਰਚੀ ਤੋਂ ਕਿਵੇਂ ਬਚੀਏ



ਫ਼ਜ਼ੂਲ ਖਰਚੀ ਦੀ ਪਰਿਭਾਸ਼ਾ ਨਿਸਚਿਤ ਕਰਨ ਲਈ ਨਾਰੀ ਮਨ ਨੂੰ ਥੋੜ੍ਹਾ ਜਿਹਾ ਸਵੈ-ਚਿੰਤਨ ਕਰਨਾ ਪਵੇਗਾ। ਫਜ਼ੂਲ ਖਰਚੀ ਤੋਂ ਭਾਵ ਹੈ ਜਦੋਂ ਸਾਡੇ ਕੋਲ ਜ਼ਰੂਰਤ ਤੋਂ ਵੱਧ ਚੀਜ਼ਾਂ-ਵਸਤਾਂ ਹੋਣ ਪਰ ਫਿਰ ਵੀ ਆਪਣੀ ਤ੍ਰਿਸ਼ਨਾ ਜਾਂ ਲਾਲਸਾ ਨੂੰ ਸ਼ਾਂਤ ਕਰਨ ਲਈ ਹੋਰ ਵਸਤੂਆਂ ਬੇਮਤਲਬ ਹੀ ਖਰੀਦੀ ਜਾਣਾ। ਫਜ਼ੂਲ ਖਰਚੇ ਦੀ ਆਦਤ ਆਮ ਕਰਕੇ ਮਰਦਾਂ ਦੇ ਮੁਕਾਬਲੇ ਔਰਤਾਂ ਵਿਚ ਵਧੇਰੇ ਹੁੰਦੀ ਹੈ, ਖਾਸ ਕਰਕੇ ਜਿਨ੍ਹਾਂ ਔਰਤਾਂ ਨੂੰ ਖਰੀਦਦਾਰੀ ਕਰਨ ਦਾ ਨਸ਼ਾ ਹੁੰਦਾ ਹੈ, ਉਹ ਫਜ਼ੂਲ ਖਰਚੇ ਦਾ ਅਸਾਨੀ ਨਾਲ ਸ਼ਿਕਾਰ ਹੋ ਜਾਂਦੀਆਂ ਹਨ। ਮਨੋਵਿਗਿਆਨਕ ਮੰਨਦੇ ਹਨ ਕਿ ਫਜ਼ੂਲ ਖਰਚੀ ਕਰਨ ਵਾਲੀਆਂ ਔਰਤਾਂ ਇਕ ਤਰ੍ਹਾਂ ਨਾਲ ਹੀਣ ਭਾਵਨਾ ਦਾ ਸ਼ਿਕਾਰ ਹੁੰਦੀਆਂ ਹਨ। ਉਹ ਘਰ-ਪਰਿਵਾਰ ਜਾਂ ਦਫ਼ਤਰ ਆਦਿ ਵਿਖੇ ਆਪਣੇ ਆਤਮਵਿਸ਼ਵਾਸ ਨੂੰ ਵਧਾਉਣ ਲਈ ਫਜ਼ੂਲ ਖਰਚਾ ਕਰਕੇ ਕੱਪੜਾ, ਗਹਿਣਾ ਜਾਂ ਹੋਰ ਸ਼ਿੰਗਾਰ ਦੀਆਂ ਵਸਤੂਆਂ ਖਰੀਦ ਕੇ ਆਪਣੀ ਸਰੀਰਕ ਸੁੰਦਰਤਾ ਵਧਾਉਣਾ ਚਾਹੁੰਦੀਆਂ ਹਨ। ਉਨ੍ਹਾਂ ਲਈ ਫਜ਼ੂਲ ਦੀ ਸ਼ਾਪਿੰਗ ਕਰਨਾ ਮੱਲ੍ਹਮ ਦਾ ਕੰਮ ਕਰਦਾ ਹੈ। ਦੁਕਾਨ 'ਤੇ ਜਾ ਕੇ ਮਨਮਰਜ਼ੀ ਨਾਲ ਖਰੀਦਦਾਰੀ ਕਰਨਾ ਬਿਨਾਂ ਕਿਸੇ ਬਜਟ ਜਾਂ ਸੀਮਾ ਦੇ ਤੇ ਬਿਨਾਂ ਕਿਸੇ ਲੋੜ ਤੋਂ ਸਾਮਾਨ ਖਰੀਦੀ ਜਾਣਾ, ਫਜ਼ੂਲ ਖਰਚਾ ਕਰਨ ਵਾਲੇ ਵਿਅਕਤੀ ਦਾ ਵਿਸ਼ੇਸ਼ ਲੱਛਣ ਹੈ। ਮਹਿੰਗੇ-ਮਹਿੰਗੇ ਕੱਪੜੇ ਜਾਂ ਗਹਿਣੇ, ਖਾਸ ਕਰਕੇ ਆਪਣੇ ਵਿੱਤੋਂ ਬਾਹਰੇ ਜਦ ਅਸੀਂ ਖਰੀਦਦੇ ਹਾਂ ਤਾਂ ਸ਼ਾਇਦ ਅਸੀਂ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਅਜਿਹਾ ਕਰਦੇ ਹਾਂ, ਨਾ ਕਿ ਆਪਣੀ ਲੋੜ ਨੂੰ ਪੂਰਾ ਕਰਨ ਲਈ। ਕਈ ਵਾਰ ਅਜਿਹਾ ਕਰਦਿਆਂ ਹਜ਼ਾਰਾਂ ਰੁਪਏ ਦੀ ਹਾਨੀ ਹੋ ਜਾਂਦੀ ਹੈ ਅਤੇ ਜ਼ਰੂਰੀ ਕੰਮਾਂ ਲਈ ਧਨ ਇਕੱਠਾ ਨਹੀਂ ਹੋ ਸਕਦਾ। ਕੀ ਤੁਸੀਂ ਫਜ਼ੂਲ ਖਰਚਾ ਕਰਦੇ ਹੋ? ਆਓ, ਵਿਚਾਰ ਕਰੀਏ-

1. ਕੀ ਕਿਸੇ ਦੁਕਾਨ ਉੱਪਰ ਤੁਹਾਡਾ ਉਧਾਰ ਚਲਦਾ ਹੈ?
2. ਕੀ ਤੁਸੀਂ ਪਤੀ ਤੋਂ ਲੁਕ ਕੇ ਖਰੀਦਦਾਰੀ ਕਰਦੇ ਹੋ?
3. ਕੀ ਤੁਸੀਂ ਨਵੇਂ ਕੱਪੜੇ ਖਰੀਦ ਲੈਂਦੇ ਹੋ ਪਰ ਉਨ੍ਹਾਂ ਨੂੰ ਪਹਿਨਣ ਦੀ ਵਾਰੀ ਕਦੇ ਆਉਂਦੀ ਹੀ ਨਹੀਂ?
4. ਕੀ ਤੁਸੀਂ ਕਿਸੇ ਦੁਕਾਨ ਵਿਚ ਜਾਣ ਦਾ ਮਤਲਬ ਕੁਝ ਖਰੀਦਣਾ ਹੀ ਸਮਝਦੇ ਹੋ? ਭਾਵੇਂ ਤੁਹਾਨੂੰ ਕਿਸੇ ਵਸਤੂ ਦੀ ਜ਼ਰੂਰਤ ਨਾ ਵੀ ਹੋਵੇ।
5 ਕੀ ਖਰੀਦਦਾਰੀ ਕਰਨ ਦੇ ਚਾਅ ਵਿਚ ਤੁਸੀਂ ਆਪਣੇ ਜ਼ਰੂਰੀ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਨੂੰ ਮਿਲਣਾ ਮੁਲਤਵੀ ਕਰਦੇ ਹੋ?
6. ਕੀ ਖਰੀਦਦਾਰੀ ਕਰਨ ਤੋਂ ਬਿਨਾਂ ਤੁਸੀਂ ਆਪਣੇ-ਆਪ ਨੂੰ ਸੁਸਤ ਮਹਿਸੂਸ ਕਰਦੇ ਹੋ?

ਜੇਕਰ ਉਪਰੋਕਤ ਪ੍ਰਸ਼ਨਾਂ ਵਿਚੋਂ ਤਿੰਨ ਸਵਾਲਾਂ ਦਾ ਜਵਾਬ ਤੁਸੀਂ 'ਹਾਂ' ਵਿਚ ਦਿੰਦੇ ਹੋ ਤਾਂ ਤੁਸੀਂ ਫਜ਼ੂਲ ਖਰਚਾ ਕਰਨ ਵਾਲੇ ਹੋ।

ਫਜ਼ੂਲ ਖਰਚਾ ਕਰਨ ਨਾਲ ਪੂਰੇ ਪਰਿਵਾਰ ਦੇ ਬਜਟ ਉੱਪਰ ਪ੍ਰਭਾਵ ਪੈਂਦਾ ਹੈ, ਇਸ ਲਈ ਔਰਤ ਘਰ ਦੀ ਹੋਮ ਮੈਨੇਜਰ ਹੈ ਤਾਂ ਉਸ ਨੂੰ ਪਤੀ ਦੀ ਕਮਾਈ ਜਾਂ ਜੇਕਰ ਉਹ ਖੁਦ ਕਮਾਉਂਦੀ ਹੈ ਤਾਂ ਆਪਣੀ ਕਮਾਈ ਦੀ ਕਦਰ ਕਰਦਿਆਂ ਹੋਇਆਂ ਹਮੇਸ਼ਾ ਲੋੜ ਮੁਤਾਬਿਕ ਹੀ ਵਸਤੂਆਂ ਦੀ ਖਰੀਦਦਾਰੀ ਕਰਨੀ ਚਾਹੀਦੀ ਹੈ। ਫਜ਼ੂਲ ਖਰਚੇ ਤੋਂ ਕਿਵੇਂ ਬਚੀਏ, ਇਹ ਵੀ ਸੋਚਣ ਦਾ ਵਿਸ਼ਾ ਹੈ-

* ਸਭ ਤੋਂ ਪਹਿਲਾਂ ਤਾਂ ਬਾਜ਼ਾਰ ਜਾਣ ਸਮੇਂ ਇਕ ਸੂਚੀ ਤਿਆਰ ਕਰਨੀ ਚਾਹੀਦੀ ਹੈ ਕਿ ਕਿਹੜੀਆਂ ਚੀਜ਼ਾਂ ਜ਼ਿਆਦਾ ਜ਼ਰੂਰੀ ਹਨ। ਪਹਿਲਾਂ ਉਹ ਖਰੀਦੋ ਤੇ ਫਿਰ ਗ਼ੈਰ-ਜ਼ਰੂਰੀ ਵੱਲ ਧਿਆਨ ਦਿਓ। ਬਾਜ਼ਾਰ ਜਾਣ ਤੋਂ ਪਹਿਲਾਂ ਆਪਣੀ ਅਲਮਾਰੀ ਅਤੇ ਬਕਸਿਆਂ ਵਿਚ ਪਏ ਕੱਪੜੇ ਆਦਿ ਨੂੰ ਕੱਢ ਕੇ ਦੇਖਿਆ ਜਾਵੇ ਕਿ ਕਿੰਨੀ ਕੁ ਹੋਰ ਲੋੜ ਹੈ।
* ਕੋਸ਼ਿਸ਼ ਕਰੋ ਕਿ ਉਧਾਰ ਤੋਂ ਬਚਿਆ ਜਾਵੇ। 'ਹੁਣ ਖਰੀਦ ਲਓ, ਬਾਅਦ ਵਿਚ ਵੇਖੀ ਜਾਵੇਗੀ' ਵਰਗੀ ਭਾਵਨਾ ਕੱਢ ਕੇ ਹੀ ਸਿਆਣਪ ਨਾਲ ਫਜ਼ੂਲ ਖਰਚੀ ਦੇ ਨਸ਼ੇ ਤੋਂ ਬਚਿਆ ਜਾ ਸਕਦਾ ਹੈ।
* ਆਪਣੇ ਤਣਾਅ ਜਾਂ ਗੁੱਸੇ ਨੂੰ ਦੂਰ ਕਰਨ ਲਈ ਕਈ ਔਰਤਾਂ ਬਾਜ਼ਾਰ ਖਰੀਦਦਾਰੀ ਕਰਨ ਚਲੀਆਂ ਜਾਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਅਜਿਹਾ ਕਰਕੇ ਖੁਸ਼ੀ ਮਿਲਦੀ ਹੈ ਪਰ ਅਜਿਹੀ ਸੋਚ ਕੇਵਲ ਵਕਤੀ ਹੈ, ਅਸਲੀ ਖੁਸ਼ੀ ਤਾਂ ਮਨ ਦੀ ਹੈ, ਉਹ ਲੱਭਣੀ ਚਾਹੀਦੀ ਹੈ। ਮੂਲ ਸਮੱਸਿਆ ਵੱਲ ਧਿਆਨ ਦੇ ਕੇ ਉਸ ਦਾ ਹੱਲ ਲੱਭਣਾ ਜ਼ਰੂਰੀ ਹੈ, ਨਾ ਕਿ ਖਰੀਦਦਾਰੀ ਕਰਕੇ ਤਣਾਅ ਦੂਰ ਕਰਨਾ।
* ਕਿਸੇ ਚੰਗੇ ਮੌਕੇ ਦਾ ਇੰਤਜ਼ਾਰ ਕਰਕੇ ਖਰੀਦਦਾਰੀ ਕਰੋ। ਕੋਈ ਵਿਆਹ-ਸ਼ਾਦੀ, ਜਨਮ ਦਿਨ ਉਦੋਂ ਤੁਸੀਂ ਆਪਣੀ ਲੋੜ ਮੁਤਾਬਿਕ ਖੁੱਲ੍ਹ ਕੇ ਖਰੀਦਦਾਰੀ ਕਰੋ। ਪਰ ਨਿੱਕੀਆਂ-ਨਿੱਕੀਆਂ ਵਸਤੂਆਂ ਖਰੀਦ ਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਸੰਕੋਚ ਕਰਨਾ ਜ਼ਰੂਰੀ ਹੈ।
* ਫਜ਼ੂਲ ਖਰਚੇ ਤੋਂ ਬਚਣ ਲਈ ਸਵੈ-ਕਾਬੂ ਬਹੁਤ ਹੀ ਜ਼ਰੂਰੀ ਹੈ। ਬਾਜ਼ਾਰ ਵਿਚ ਪਈਆਂ ਚੀਜ਼ਾਂ, ਕੱਪੜਿਆਂ, ਗਹਿਣਿਆਂ ਆਦਿ ਦੀ ਤਾਂ ਕੋਈ ਸੀਮਾ ਹੀ ਨਹੀਂ। ਉਂਜ ਵੀ ਫੈਸ਼ਨ ਦੇ ਨਾਲ ਚੱਲਣਾ ਸੌਖਾ ਨਹੀਂ। ਆਪਣੀ ਜੇਬ ਦੇਖ ਕੇ ਚੱਲਣਾ ਜ਼ਿਆਦਾ ਜ਼ਰੂਰੀ ਹੈ।

ਇਥੇ ਮੇਰਾ ਭਾਵ ਇਹ ਵੀ ਨਹੀਂ ਕਿ ਕੰਜੂਸੀ ਕਰਕੇ ਜਾਂ ਮਨ ਮਾਰ ਕੇ ਜ਼ਿੰਦਗੀ ਕੱਟੀ ਜਾਵੇ, ਸਗੋਂ ਮੇਰਾ ਸੁਝਾਅ ਹੈ ਕਿ ਆਪਣੀਆਂ ਲੋੜਾਂ ਮੌਕਿਆਂ ਅਤੇ ਜੇਬਾਂ ਦੇ ਅਨੁਸਾਰ ਖਰੀਦਦਾਰੀ ਕਰਨ ਵਿਚ ਹੀ ਸਮਝਦਾਰੀ ਹੈ। ਜ਼ਰੂਰੀ ਵਸਤੂਆਂ ਉੱਪਰ ਕਟੌਤੀ ਕਰਨਾ ਵੀ ਜ਼ਿੰਦਗੀ ਨੂੰ ਨੀਰਸ ਬਣਾ ਦਿੰਦਾ ਹੈ ਪਰ ਫਜ਼ੂਲ ਖਰਚਾ ਵੀ ਜ਼ਿੰਦਗੀ ਵਿਚ ਭਟਕਣਾ ਅਤੇ ਹੋਰ-ਹੋਰ ਦੀ ਲਾਲਸਾ ਵਧਾ ਕੇ ਮਾਨਸਿਕ ਸ਼ਾਂਤੀ ਖ਼ਤਮ ਕਰ ਦਿੰਦਾ ਹੈ। ਜਦੋਂ ਅਸੀਂ ਫਜ਼ੂਲ ਖਰਚੀ ਦੇ ਕਾਰਨ ਅਤੇ ਖ਼ਤਰੇ ਪਛਾਣ ਲਵਾਂਗੇ, ਆਪਣੇ ਘਰ ਦੇ ਬਜਟ ਅਨੁਸਾਰ ਖਰਚਿਆਂ ਵਿਚ ਸੰਤੁਲਨ ਕਰਨਾ ਸਿੱਖ ਜਾਵਾਂਗੇ ਤਾਂ ਜ਼ਿੰਦਗੀ ਹੋਰ ਸੁਖਾਵੀਂ ਹੋ ਜਾਵੇਗੀ।

-ਐੱਚ. ਐੱਮ. ਵੀ., ਜਲੰਧਰ।

## ਨਿੱਕੇ ਬੱਚੇ ਨਾਲ ਲਾਡ ਲਡਾਓ ਪਰ ਸੰਭਲ ਕੇ



**ਜਗਮੋਹਨ ਸਿੰਘ ਲੱਕੀ, ਮੋਬਾ: 94638-19174**

ਜਦੋਂ ਵੀ ਕਿਸੇ ਵਿਆਹੁਤਾ ਜੋੜੇ ਦੇ ਘਰ ਕੋਈ ਬੱਚਾ ਜਨਮ ਲੈਂਦਾ ਹੈ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ। ਅਕਸਰ ਹੀ ਬੱਚੇ ਦੇ ਮਾਪੇ ਅਤੇ ਰਿਸ਼ਤੇਦਾਰ ਲਾਡ-ਲਾਡ ਵਿਚ ਹੀ ਨਿੱਕੇ ਬੱਚੇ ਨੂੰ ਖਿਡਾਉਣ ਦਾ ਯਤਨ ਕਰਦੇ ਰਹਿੰਦੇ ਹਨ ਪਰ ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਨਵਜੰਮੇ ਬਾਲ ਅਤੇ ਨਿੱਕੇ ਬੱਚਿਆਂ ਨੂੰ ਖਿਡਾਉਣ ਅਤੇ ਲਾਡ ਲਡਾਉਣ ਵੇਲੇ ਕੁਝ ਸਾਵਧਾਨੀਆਂ ਵੀ ਰੱਖਣੀਆਂ ਚਾਹੀਦੀਆਂ ਹਨ, ਤਾਂ ਕਿ ਤੁਹਾਡਾ ਬੱਚਾ ਸੁਰੱਖਿਅਤ ਰਹੇ।

ਅਕਸਰ ਹੀ ਵੇਖਿਆ ਜਾਂਦਾ ਹੈ ਕਿ ਨਿੱਕੇ ਬੱਚਿਆਂ ਨੂੰ ਮਾਪੇ ਅਕਸਰ ਹੀ ਹਵਾ ਵਿਚ ਉਛਾਲ-ਉਛਾਲ ਕੇ ਫੜਦੇ ਹਨ। ਇਸ ਤਰ੍ਹਾਂ ਕਰਨ ਨਾਲ ਬੱਚਾ ਵੀ ਖੁਸ਼ੀ ਵਿਚ ਕਿਲਕਾਰੀਆਂ ਮਾਰਦਾ ਹੈ, ਭਾਵੇਂ ਕੁਝ ਬੱਚੇ ਡਰ ਨਾਲ ਰੋਣ ਵੀ ਲੱਗ ਜਾਂਦੇ ਹਨ ਪਰ ਫਿਰ ਵੀ ਵੱਡੀ ਗਿਣਤੀ 'ਚ ਬੱਚੇ ਆਪਣੇ ਮਾਪਿਆਂ ਦੀਆਂ ਮਜ਼ਬੂਤ ਬਾਹਾਂ ਵਿਚ ਖਿਲਖਿਲਾਉਂਦੇ ਹੀ ਹਨ ਪਰ ਬੱਚੇ ਨੂੰ ਹਵਾ ਵਿਚ ਉਛਾਲਣ ਨਾਲ ਬੱਚੇ ਦੀ ਸਿਹਤ ਅਤੇ ਦਿਮਾਗ ਉਪਰ ਬੁਰਾ ਅਸਰ ਪੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਬੱਚੇ ਦੇ ਬਾਲ ਦਿਮਾਗ ਉੱਪਰ ਬਹੁਤ ਬੁਰਾ ਅਸਰ ਪੈਂਦਾ ਹੈ। ਨਿੱਕੇ ਬੱਚਿਆਂ ਦਾ ਸਰੀਰ ਅਤੇ ਦਿਮਾਗ ਬਹੁਤ ਨਾਜ਼ੁਕ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ। ਇਸੇ ਤਰ੍ਹਾਂ ਕਈ ਮਾਪੇ ਆਪਣੇ ਨਿੱਕੇ ਬੱਚੇ ਨੂੰ ਇਕ ਬਾਂਹ ਤੋਂ ਚੁੱਕਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਕਈ ਵਾਰ ਬੱਚੇ ਦੀ ਬਾਂਹ ਹੀ ਨਿਕਲ ਜਾਂਦੀ ਹੈ ਜਾਂ ਉੱਤਰ ਜਾਂਦੀ ਹੈ। ਇਸ ਤੋਂ ਇਲਾਵਾ ਕਈ ਮਾਪੇ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਬੱਚੇ ਨੂੰ ਕਲਾਬਾਜ਼ੀਆਂ ਅਤੇ ਲੋਟਣੀਆਂ ਖਵਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਬੱਚੇ ਵਲੋਂ ਪੀਤਾ ਗਿਆ ਦੁੱਧ ਬਾਹਰ ਆ ਸਕਦਾ ਹੈ ਅਤੇ ਬੱਚੇ ਦਾ ਕੋਈ ਅੰਗ ਮੁੜ ਸਕਦਾ ਹੈ। ਬੱਚੇ ਦੇ ਨੇੜੇ ਕਦੇ ਵੀ ਉੱਚੀ ਆਵਾਜ਼ ਵਿਚ ਨਾ ਬੋਲਿਆ ਜਾਵੇ ਅਤੇ ਟੈਲੀਵਿਜ਼ਨ, ਰੇਡੀਓ, ਟੇਪ ਆਦਿ ਦੀ ਆਵਾਜ਼ ਵੀ ਘੱਟ ਹੀ ਰੱਖੀ ਜਾਵੇ, ਨਹੀਂ ਤਾਂ ਬੱਚੇ ਦੀ ਸੁਣਨ ਸ਼ਕਤੀ ਉੱਪਰ ਤੇਜ਼ ਆਵਾਜ਼ ਦਾ ਮਾੜਾ ਅਸਰ ਪੈਂਦਾ ਹੈ।

ਕਈ ਮਾਪੇ ਨਿੱਕੇ ਬੱਚੇ ਨੂੰ ਹੀ ਉਸ ਦੀਆਂ ਕਮਜ਼ੋਰ ਲੱਤਾਂ ਦੇ ਸਹਾਰੇ ਜ਼ਬਰਦਸਤੀ ਤੋਰਨ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਕਰਨਾ ਵੀ ਠੀਕ ਨਹੀਂ, ਕਿਉਂਕਿ ਬੱਚਾ ਇਕ ਸਾਲ ਦੀ ਉਮਰ ਤੱਕ ਹੀ ਆਪਣੇ-ਆਪ ਤੁਰਨ-ਫਿਰਨ ਦੇ ਯੋਗ ਹੁੰਦਾ ਹੈ। ਹਾਂ, ਇਹ ਜ਼ਰੂਰ ਹੈ ਕਿ ਕਈ ਬੱਚੇ 8-9 ਮਹੀਨੇ ਦੀ ਉਮਰ ਵਿਚ ਹੀ ਰੁੜ੍ਹਦੇ-ਰੁੜ੍ਹਦੇ ਤੁਰਨ ਲੱਗਦੇ ਹਨ, ਜਦੋਂ ਕਿ ਕਈ ਬੱਚੇ ਇਕ ਸਾਲ ਦੇ ਹੋ ਕੇ ਹੀ ਤੁਰਨਾ ਸ਼ੁਰੂ ਕਰਦੇ ਹਨ। ਇਸ ਮਾਮਲੇ ਵਿਚ ਮਾਪਿਆਂ ਨੂੰ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ ਅਤੇ 6 ਮਹੀਨੇ ਦੇ ਜਾਂ ਇਸ ਤੋਂ ਛੋਟੇ ਬੱਚੇ ਨੂੰ ਜ਼ਬਰਦਸਤੀ ਤੋਰਨ ਦਾ ਯਤਨ ਨਹੀਂ ਕਰਨਾ ਚਾਹੀਦਾ। ਨਿੱਕੇ ਬੱਚੇ ਲਈ ਮਾਂ ਦਾ ਦੁੱਧ ਅਤੇ ਨੀਂਦ ਦੋਵੇਂ ਹੀ ਜ਼ਰੂਰੀ ਹਨ, ਇਸ ਲਈ ਜਦੋਂ ਬੱਚਾ ਸੌਂ ਰਿਹਾ ਹੋਵੇ ਤਾਂ ਉਸ ਨੂੰ ਜ਼ਬਰਦਸਤੀ ਨਾ ਉਠਾਇਆ ਜਾਵੇ। ਕੱਚੀ ਨੀਂਦ ਵਿਚੋਂ ਜਾਗਿਆ ਬੱਚਾ ਅਕਸਰ ਹੀ ਰੋਂਦਾ ਰਹਿੰਦਾ ਹੈ। ਬੱਚੇ ਨੂੰ ਸਮੇਂ ਸਿਰ ਹੀ ਮਾਂ ਦਾ ਦੁੱਧ ਪਿਲਾਇਆ ਜਾਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਬੱਚੇ ਨੂੰ ਜ਼ਿਆਦਾ ਸਮਾਂ ਪਾਣੀ ਵਿਚ ਨਾ ਨਹਾਓ। ਇਸ ਤਰ੍ਹਾਂ ਕਰਨ ਨਾਲ ਬੱਚਾ ਬਿਮਾਰ ਪੈ ਸਕਦਾ ਹੈ। ਨਿੱਕੇ ਬੱਚੇ ਨੂੰ ਫੁਹਾਰੇ ਜਾਂ ਝਰਨੇ ਹੇਠਾਂ ਨੁਹਾਉਣ ਤੋਂ ਗੁਰੇਜ਼ ਕਰੋ। ਬੱਚਿਆਂ ਨੂੰ ਬਚਪਨ ਵਿਚ ਹੀ ਚੰਗੀਆਂ ਆਦਤਾਂ ਸਿਖਾਉਣੀਆਂ ਚਾਹੀਦੀਆਂ ਹਨ। ਨਿੱਕੇ ਬੱਚਿਆਂ ਨੂੰ ਗੋਦ ਵਿਚ ਚੁੱਕਣ ਵੇਲੇ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਗੋਦੀ ਚੁੱਕਦੇ ਹੋਏ ਖਿਆਲ ਰੱਖਣਾ ਚਾਹੀਦਾ ਹੈ ਕਿ ਬੱਚਾ ਤੁਹਾਡੇ ਹੱਥਾਂ ਵਿਚੋਂ ਛੁੱਟ ਨਾ ਜਾਵੇ ਅਤੇ ਬੱਚੇ ਨੂੰ ਬਹੁਤ ਕੱਸ ਕੇ ਜਾਂ ਸਖ਼ਤ ਹੱਥਾਂ ਨਾਲ ਨਾ ਫੜਿਆ ਜਾਵੇ। ਨਿੱਕੇ ਬੱਚੇ ਅਕਸਰ ਹੀ ਆਪਣੇ ਖਿਡੌਣਿਆਂ ਨੂੰ ਮੂੰਹ ਵਿਚ ਪਾਉਣ ਦਾ ਯਤਨ ਕਰਦੇ ਹਨ। ਇਸ ਲਈ ਅਜਿਹੇ ਖਿਡੌਣੇ ਹੀ ਦਿਓ, ਜਿਨ੍ਹਾਂ ਉਪਰ ਰਸਾਇਣ ਜਾਂ ਹੋਰ ਖ਼ਤਰਨਾਕ ਪਦਾਰਥ ਨਾ ਲੱਗੇ ਹੋਣ। ਬੱਚਾ ਤਾਂ ਕੌਲੀ-ਚਮਚੇ ਨਾਲ ਵੀ ਖੇਡਣ ਲੱਗ ਪੈਂਦਾ ਹੈ। ਇਸ ਤਰ੍ਹਾਂ ਬੱਚੇ ਨੂੰ ਪਿਆਰਦੇ, ਦੁਲਾਰਦੇ ਅਤੇ ਖਿਡਾਉਂਦੇ ਸਮੇਂ ਉਪਰੋਕਤ ਸਾਵਧਾਨੀਆਂ ਰੱਖਣੀਆਂ ਬਹੁਤ ਜ਼ਰੂਰੀ ਹਨ, ਤਾਂ ਕਿ ਤੁਹਾਡਾ ਬੱਚਾ ਸੁਰੱਖਿਅਤ ਅਤੇ ਤੰਦਰੁਸਤ ਰਹੇ।

## ਸਾਕਾਰਾਤਮਕ ਸੋਚ ਦਾ ਜਾਦੂ

**ਲੇਖਕ : ਮਨਪ੍ਰੀਤ ਕੌਰ ਮਿਨਹਾਸ ਮੋਬਾ: 94643-89293**

ਮਨੁੱਖੀ ਸ਼ਖ਼ਸੀਅਤ ਬੜੀ ਹੀ ਡੂੰਘੀ ਅਤੇ ਰਹੱਸਮਈ ਹੈ। ਜ਼ਿੰਦਗੀ ਦੇ ਇਸ ਦਿਲਚਸਪ ਸਫ਼ਰ ਦੌਰਾਨ ਹਰੇਕ ਮੋੜ 'ਤੇ ਇਸ ਵਿਚ ਬਦਲਾਅ ਆਉਣਾ ਲਾਜ਼ਮੀ ਹੈ। ਹਰੇਕ ਇਨਸਾਨ ਦਾ ਆਪਣਾ ਸੁਭਾਅ ਅਤੇ ਨਜ਼ਰੀਆ ਹੁੰਦਾ ਹੈ, ਜਿਸ ਦੇ ਆਖੇ ਲੱਗ ਉਹ ਦੂਜਿਆਂ ਨਾਲ ਵਿਚਰਦਾ ਹੈ। ਹਜ਼ਾਰਾਂ ਵਿਚਾਰ ਸਾਡੇ ਮਨ ਰੂਪੀ ਸਮੁੰਦਰ ਵਿਚ ਛੱਲਾਂ ਮਾਰਦੇ ਫਿਰਦੇ ਹਨ। ਕਦੇ ਵੀ ਸਾਡਾ ਮਨ ਵਿਚਾਰਾਂ ਤੋਂ ਮੁਕਤ ਹੁੰਦਾ ਹੀ ਨਹੀਂ। ਇਹ ਸਾਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਹੀ ਤਰ੍ਹਾਂ ਦੇ ਹੁੰਦੇ ਹਨ। ਇਹ ਵਿਚਾਰ ਹੀ ਸਾਨੂੰ ਬਣਾਉਂਦੇ ਜਾਂ ਵਿਗਾੜਦੇ ਹਨ। ਸਾਡਾ ਨਜ਼ਰੀਆ ਹੀ ਸਾਡੀ ਸ਼ਖ਼ਸੀਅਤ ਦਾ ਮੁੱਢ ਬੰਨ੍ਹਦਾ ਹੈ। ਜੋ ਵੀ ਅਸੀਂ ਸੋਚਦੇ ਹਾਂ, ਉਹ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ। ਜੇਕਰ ਕਿਸੇ ਇਨਸਾਨ ਬਾਰੇ ਤੁਸੀਂ ਇਹ ਜਾਨਣ ਵਿਚ ਸਫਲ ਹੋ ਗਏ ਕਿ ਉਹ ਕੀ ਸੋਚ ਰੱਖਦਾ ਹੈ ਤਾਂ ਤੁਸੀਂ ਅਸਾਨੀ ਨਾਲ ਉਸ ਦੀ ਸ਼ਖ਼ਸੀਅਤ ਬਾਰੇ ਵੀ ਜਾਣ ਸਕੋਗੇ। ਉਦਾਹਰਨ ਦੇ ਤੌਰ 'ਤੇ ਜੇਕਰ ਕਿਸੇ ਵਿਦਿਆਰਥੀ ਦੀ ਸੋਚ ਆਸ਼ਾਵਾਦੀ ਹੈ ਤਾਂ ਉਹ ਤਮਾਮ ਔਕੜਾਂ ਦੇ ਬਾਵਜੂਦ ਮਿਹਨਤ ਅਤੇ ਸੰਘਰਸ਼ ਕਰਕੇ ਜ਼ਿੰਦਗੀ ਵਿਚ ਕੁਝ ਨਿਵੇਕਲਾ ਕਰਨ ਦੀ ਇੱਛਾ ਰੱਖੇਗਾ, ਉਸ ਦੀ ਸਾਕਾਰਾਤਮਕ ਸੋਚ ਉਸ ਨੂੰ ਜ਼ਰੂਰ ਸਫਲਤਾ ਦੁਆਵੇਗੀ ਅਤੇ ਦੂਜੇ ਪਾਸੇ ਨਿਰਾਸ਼ਾਵਾਦੀ ਸੋਚ ਵਾਲਾ ਵਿਦਿਆਰਥੀ ਇਹੀ ਸੋਚੇਗਾ ਕਿ ਏਨੀਆਂ ਔਕੜਾਂ ਮੇਰਾ ਰਸਤਾ ਮੱਲੀ ਖੜ੍ਹੀਆਂ ਹਨ, ਮੈਂ ਤਾਂ ਸਫਲ ਹੀ ਨਹੀਂ ਹੋ ਸਕਦਾ, ਮੇਰੀ ਤਾਂ ਕਿਸਮਤ ਹੀ ਮਾੜੀ ਹੈ ਅਤੇ ਬਿਨਾਂ ਮਿਹਨਤ ਅਤੇ ਸੰਘਰਸ਼ ਕੀਤਿਆਂ ਸਾਰਾ ਦੋਸ਼ ਕਿਸਮਤ ਦੇ ਮੱਥੇ ਮੜ੍ਹ ਦਿੱਤਾ ਜਾਵੇਗਾ। ਕਿਉਂਕਿ ਸਫਲ ਵਿਅਕਤੀ ਕੋਲ ਹਿੰਮਤ, ਉਦੇਸ਼ ਅਤੇ ਆਦਰਸ਼ ਹੁੰਦੇ ਹਨ ਅਤੇ ਨਾਕਾਰਾਤਮਕ ਸੋਚ ਵਾਲੇ ਕੋਲ ਬਹਾਨੇ, ਸ਼ਿਕਾਇਤਾਂ ਅਤੇ ਸਾੜੇ ਹੁੰਦੇ ਹਨ। ਆਪਣੇ ਵਿਚਾਰ ਬਦਲ ਲਵੋ, ਤੁਹਾਡੀ ਦੁਨੀਆ ਬਦਲ ਜਾਵੇਗੀ। ਉਸਾਰੂ ਵਿਚਾਰਾਂ ਨੂੰ ਆਪਣੀ ਜ਼ਿੰਦਗੀ ਵਿਚ ਸ਼ਾਮਿਲ ਕਰੋ। ਸਾਕਾਰਾਤਮਕ ਸੋਚ ਰੱਖਣਾ ਬਹੁਤ ਵਧੀਆ ਗੱਲ ਹੈ ਪਰ ਸਭ ਤੋਂ ਵੱਡੀ ਗੱਲ ਹੈ ਉਸ ਨੂੰ ਆਪਣੀ ਜ਼ਿੰਦਗੀ ਵਿਚ ਲਾਗੂ ਕਰਨਾ। ਰੁਝੇਵੇਂ ਭਰੀ ਜ਼ਿੰਦਗੀ ਵਿਚ ਕੁਝ ਸਮਾਂ ਆਪਣੇ-ਆਪ ਨੂੰ ਦਿਓ। ਆਤਮ-ਚਿੰਤਨ ਕਰੋ, ਆਪਣੇ-ਆਪ ਨੂੰ ਜਾਨਣ ਦੀ ਕੋਸ਼ਿਸ਼ ਕਰੋ, ਕਿਉਂਕਿ ਹਰੇਕ ਇਨਸਾਨ ਦੀ ਸ਼ਖ਼ਸੀਅਤ ਦੇ ਦੋ ਪੱਖ ਹੁੰਦੇ ਹਨ, ਇਕ ਉਹ ਜੋ ਉਹ ਦੂਜਿਆਂ ਨੂੰ ਦਿਖਾਉਂਦਾ ਹੈ, ਇਕ ਅਜਿਹਾ ਰਹੱਸਮਈ ਪੱਖ ਹੁੰਦਾ ਹੈ, ਜਿਸ ਬਾਰੇ ਸਿਰਫ ਉਸ ਨੂੰ ਹੀ ਪਤਾ ਹੁੰਦਾ ਹੈ। ਸੋ, ਦੂਜਿਆਂ ਦੀ ਫਜ਼ੂਲ ਨਿੰਦਾ ਕਰਨ ਨਾਲੋਂ ਆਪਣੀ ਸ਼ਖ਼ਸੀਅਤ ਨੂੰ ਹੋਰ ਬਿਹਤਰ ਬਣਾਉਣ ਬਾਰੇ ਸੋਚੋ। ਜੇ ਸਾਡੇ ਵਿਚਾਰ ਚੜ੍ਹਦੀ ਕਲਾ ਵਿਚ ਰਹਿਣਗੇ, ਤਾਂ ਅਸੀਂ ਹਮੇਸ਼ਾ ਸੁਖੀ ਰਹਾਂਗੇ, ਪਰ ਜੇਕਰ ਅਸੀਂ ਹਮੇਸ਼ਾ ਅਸਫਲਤਾ ਬਾਰੇ ਸੋਚਾਂਗੇ ਜਾਂ ਢਹਿੰਦੀ ਕਲਾ 'ਚ ਰਹਾਂਗੇ ਤਾਂ ਅਸੀਂ ਦੁਖੀ ਹੀ ਰਹਾਂਗੇ। ਜੇਕਰ ਸਾਡੇ ਵਿਚਾਰਾਂ ਵਿਚ ਦੂਜਿਆਂ ਲਈ ਵੈਰ ਹੈ, ਸਾਡੇ ਵਤੀਰੇ ਵਿਚ ਨਿੱਘ ਨਹੀਂ, ਸਾਨੂੰ ਕਿਸੇ ਨਾਲ ਹਮਦਰਦੀ ਨਹੀਂ, ਹਮੇਸ਼ਾ ਜੋੜਨ ਮੱਲਣ ਦੀ ਲਾਲਸਾ ਹੈ। ਜਿੱਥੇ ਖੁਦਗਰਜ਼ੀ ਹੈ, ਜਿੱਥੇ ਕਿਸੇ ਨੂੰ ਭੰਡਣ ਦਾ ਕੋਈ ਮੌਕਾ ਨਾ ਛੱਡਿਆ ਜਾਵੇ, ਜਿੱਥੇ ਦੂਜੇ ਦੀ ਸਫਲਤਾ ਲਈ ਉਤਸ਼ਾਹ ਨਹੀਂ, ਸਗੋਂ ਉਸ ਨੂੰ ਸਰਾਹੁਣ ਦੀ ਥਾਂ ਮੂੰਹ ਸੀਤੇ ਜਾਣ, ਉੱਥੇ ਵਧੀਆ ਸ਼ਖ਼ਸੀਅਤ ਦਾ ਮੰਦਰ ਨਹੀਂ ਉਸਰ ਸਕਦਾ। ਜਿਹੜਾ ਆਪਣੇ-ਆਪ ਨੂੰ ਪੂਰਨ ਅਤੇ ਦੂਜਿਆਂ ਨੂੰ ਅਧੂਰਾ ਸਮਝਦਾ ਹੈ, ਉਸ ਤੋਂ ਕਦੇ ਵੀ ਉੱਚੀ ਸ਼ਖ਼ਸੀਅਤ ਦੀ ਆਸ ਨਹੀਂ ਰੱਖੀ ਜਾ ਸਕਦੀ। ਵਧੀਆ ਵਿਚਾਰਾਂ ਲਈ ਵਧੀਆ ਕਿਤਾਬਾਂ ਪੜ੍ਹੋ। ਸਾਡੇ ਧਾਰਮਿਕ ਗ੍ਰੰਥ ਇਸ ਖਜ਼ਾਨੇ ਨਾਲ ਭਰਪੂਰ ਹਨ ਪਰ ਅਸੀਂ ਇਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿਚ ਲਾਗੂ ਨਹੀਂ ਕਰਦੇ, ਜਿਸ ਕਾਰਨ ਅਸੀਂ ਦੁਖੀ ਰਹਿੰਦੇ ਹਾਂ। ਇਸ ਜ਼ਿੰਦਗੀ ਰੂਪੀ ਸਫਰ ਵਿਚ ਸਾਡਾ ਕਈ ਇਨਸਾਨਾਂ ਨਾਲ ਵਾਹ ਪੈਂਦਾ ਹੈ ਅਤੇ ਕਈ ਇਨਸਾਨ ਵੀ ਸਾਨੂੰ ਬਹੁਤ ਕੁਝ ਸਿਖਾ ਦਿੰਦੇ ਹਨ। ਜਿਸ ਦਾ ਵੀ ਕੋਈ ਵਧੀਆ ਗੁਣ ਲੱਗੇ, ਉਸ ਨੂੰ ਅਪਣਾ ਲਵੋ। ਘਟੀਆ ਅਤੇ ਮੈਲੇ ਵਿਚਾਰਾਂ ਨੂੰ ਮਨ ਰੂਪੀ ਮਨਮੋਹਕ ਵਿਹੜੇ ਵਿਚ ਦਸਤਕ ਨਾ ਦੇਣ ਦਿਓ, ਕਿਉਂਕਿ ਇਹ ਸ਼ਖਸੀਅਤ ਨੂੰ ਖੋਰਾ ਜ਼ਰੂਰ ਲਾਉਣਗੇ। ਮਨ ਦੇ ਵਿਹੜੇ ਵਿਚ ਵਧੀਆ ਬੀਜ ਬੀਜੋ, ਕੁਦਰਤ ਦਾ ਸ਼ੁਕਰਾਨਾ ਕਰੋ ਅਤੇ ਸਰਬੱਤ ਦਾ ਭਲਾ ਮੰਗੋ।



# CLASSIFIEDS & MATRIMONIALS



## BRIDE WANTED

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 AP 17-04

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

Professionally qualified match from decent Sikh family for our son 30, 5’10 “turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ ‘ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ ‘ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5’3” tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ। 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12

**CLASSIFIED & MATRIMONIAL**

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

# ਨ਼ਫਰਤ ਮਾਨਸਿਕ ਸਿਹਤ ਲਈ ਵੀ ਗੰਭੀਰ ਖ਼ਤਰਾ

ਲੇਖਕ : ਡਾ. ਅਰੁਣ ਮਿੱਤਰਾ, ਸੰਪਰਕ: 94170-00360

12 ਅਪਰੈਲ 2023 ਦੀ ਨਵ ਭਾਰਤ ਟਾਈਮਜ਼ ਵਿੱਚ ਛਪੀ ਖਬਰ ਦੇ ਅਨੁਸਾਰ, ਇੱਕ ਪੋਸਟ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਇੱਕ ਬੱਚੇ ਦੀ ਮਾਂ ਨੇ ਦੱਸਿਆ ਸੀ ਕਿ ਉਸ ਦੀ ਧੀ ਅੱਜ ਰੋਂਦੀ ਹੋਈ ਘਰ ਆਈ ਤੇ ਉਸ ਨੇ ਪੁੱਛਿਆ ਕਿ ‘ਕੀ ਅਸੀਂ ਮੁਸਲਮਾਨ ਇੰਨੇ ਗੰਦੇ ਹਾਂ’ ? ਛੇਵੀਂ ਜਮਾਤ ਵਿੱਚ ਉਸ ਦੀ ਜਮਾਤਣ ਵੱਲੋਂ ਉਸ ਦੇ ਮੂੰਹ ’ਤੇ ਥੁੱਕਣ ਤੋਂ ਬਾਅਦ ਹੋਇਆ, ਜਦੋਂਕਿ ਉਸ ਨੂੰ ਪਤਾ ਲੱਗਿਆ ਕਿ ਉਹ ਮੁਸਲਮਾਨ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਇਹ ਉਸ ਗੱਲ ਦਾ ਪ੍ਰਤੀਬਿੰਬ ਹੈ, ਜੋ ਕੁਝ ਘਰਾਂ ਵਿੱਚ ਲਗਾਤਾਰ ਚਰਚਾ ਕੀਤੀ ਜਾ ਰਹੀ ਹੈ ਅਤੇ ਬੱਚਿਆਂ ਦੇ ਦਿਮਾਗ ਵਿੱਚ ਪਾਈ ਜਾ ਰਹੀ ਹੈ। ਉਸ ਉਮਰ ਦੇ ਬੱਚੇ ਧਾਰਮਿਕ ਵਖਰੇਵਿਆਂ, ਧਰਮ, ਜਾਤ, ਨਸਲ ਜਾਂ ਲਿੰਗ ਦੇ ਆਧਾਰ ’ਤੇ ਕਿਸੇ ਨਾਲ ਨਫ਼ਰਤ ਕਰਨ ਦੀ ਗੱਲ ਨਹੀਂ ਕਰਦੇ ਪਰ ਲਗਾਤਾਰ ਨਕਾਰਾਤਮਕ ਚਰਚਾਵਾਂ ਬੱਚੇ ਦੇ ਵਿਕਾਸਸ਼ੀਲ ਮਨ ’ਤੇ ਲੰਬੇ ਸਮੇਂ ਲਈ ਪ੍ਰਭਾਵ ਪਾਉਂਦੀਆਂ ਹਨ। ਗੁਜਰਾਤ ਵਿੱਚ ਹੋਏ ਦੰਗਿਆਂ ਤੋਂ ਬਾਅਦ 7 ਮਈ, 2002 ਦੇ ਟਾਈਮਜ਼ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਸੀ ਕਿ “ਧਰਮ ਨਿਰਪੱਖਤਾ ਦੀ ਉਮੀਦ ਦੇ ਆਖਰੀ ਸਾਹ ਲੈ ਰਹੀ ਹੈ। ਖਾਸ ਤੌਰ ’ਤੇ ਬੱਚਿਆਂ ਦੇ ਮੂੰਹ ’ਚੋਂ ਅੱਗ ਬਰਸ ਰਹੀ ਹੈ। ਨਫ਼ਰਤ ਦਾ ਬੀਜ ਜਵਾਨੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਬੱਚੇ ਦੇ ਮਨ ਵਿਚ ਬੀਜ ਦਿੱਤਾ ਜਾਂਦਾ ਹੈ।”

ਸਾਡੇ ਸਮਾਜ ਵਿਚ ਜਿੱਥੇ ਜਾਤ-ਪਾਤ ਅਤੇ ਧਰਮ ਦੇ ਆਧਾਰ ’ਤੇ ਭੇਦ-ਭਾਵ ਪਹਿਲਾਂ ਹੀ ਮੌਜੂਦ ਹਨ, ਉੱਥੇ ਦੂਜਿਆਂ ਪ੍ਰਤੀ ਨਫ਼ਰਤ ਦੀਆਂ ਭਾਵਨਾਵਾਂ ਨੂੰ ਜਗਾਉਣਾ ਆਸਾਨ ਹੈ। ਜਰਮਨੀ ਦੇ ਨਾਜ਼ੀ ਸਿਆਸਤਦਾਨ ਪਾਲ ਜੋਸਫ਼ ਗੋਏਬਲਜ਼ ਜੋ ਕਿ ਨਾਜ਼ੀ ਪਾਰਟੀ ਦਾ ਮੁੱਖ ਪ੍ਰਚਾਰਕ ਸੀ ਅਤੇ 1933 ਤੋਂ 1945 ਤੱਕ ਪ੍ਰਚਾਰ ਮੰਤਰੀ ਰਿਹਾ, ਨੇ ਇਸ ਸਿਧਾਂਤ ’ਤੇ ਕੰਮ ਕੀਤਾ ਕਿ ‘ਜੇਕਰ ਤੁਸੀਂ ਇੱਕ ਝੂਠ ਨੂੰ ਅਕਸਰ ਦੁਹਰਾਉਂਦੇ ਹੋ ਤਾਂ ਲੋਕ ਇਸ ’ਤੇ ਵਿਸ਼ਵਾਸ ਕਰਨਗੇ, ਇਥੋਂ ਤੱਕ ਕਿ ਤੁਸੀਂ ਆਪ ਵੀ ਇਸ ਨੂੰ ਸੱਚ ਮੰਨਣ ਲਗ ਜਾਓਗੇ। ਇੱਕ ਵਾਰ ਬੋਲਿਆ ਗਿਆ ਝੂਠ, ਝੂਠ ਹੀ ਰਹਿੰਦਾ ਹੈ ਪਰ ਹਜ਼ਾਰ ਵਾਰ ਬੋਲਿਆ ਗਿਆ ਝੂਠ ਸੱਚ ਬਣ ਜਾਂਦਾ ਹੈ।”

ਉਸ ਨੇ ਯਹੂਦੀਆਂ ਦੇ ਵਿਰੁੱਧ ਇੱਕ ਯੋਜਨਾਬੱਧ ਪ੍ਰਚਾਰ ਕੀਤਾ। ਇਹ ਪ੍ਰਚਾਰਿਆ ਗਿਆ ਕਿ ਯਹੂਦੀ ਖੁੰਬਾਂ ਵਾਂਗ ਵਧਦੇ ਹਨ ਅਤੇ ਉਹ ਜਰਮਨੀ ਦੀਆਂ ਸਮੱਸਿਆਵਾਂ ਦਾ ਕਾਰਨ ਹਨ। ਉਸ ਤੋਂ ਬਾਅਦ ਨਾਜ਼ੀਆਂ ਨੇ ਯਹੂਦੀਆਂ ਦੀ ਨਸਲਕੁਸ਼ੀ ਕੀਤੀ। ਨਾਜ਼ੀ ਦੌਰ ਵਿੱਚ 60 ਲੱਖ ਯਹੂਦੀ ਮਾਰੇ ਗਏ ਸਨ। ਇਨ੍ਹਾਂ ਵਿਚੋਂ 30 ਲੱਖ ਯਹੂਦੀ ਪੋਲੈਂਡ ਵਿੱਚ ਕਤਲ ਕੀਤੇ ਗਏ। ਯੂਰਪ ਤੇ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਯਹੂਦੀ-ਵਿਰੋਧ (ਅਨਟਿ-ਸਈਮਿਟਿਸਮ) ਅਜੇ ਵੀ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਹੈ। ਹੁਟੂਸ ਦੁਆਰਾ ਤੂਤਸੀਆਂ ਦੇ ਵਿਰੁੱਧ ਪ੍ਰਚਾਰ ਦੇ ਕਾਰਨ 1994 ਵਿੱਚ ਰਾਵਾਂਡਾ ਵਿੱਚ ਕਬਾਇਲੀ ਯੁੱਧ ਹੋਇਆ, ਜਿਸ ਵਿੱਚ ਸਿਰਫ 100 ਦਿਨਾਂ ਦੇ ਅੰਤਰਾਲ ਵਿੱਚ 8,00,000 ਤੋਂ ਵੱਧ ਲੋਕ ਮਾਰੇ ਗਏ ਸਨ। ਭਾਰਤ ਦੀ ਵੰਡ ਦੌਰਾਨ 10 ਲੱਖ ਲੋਕ ਮਾਰੇ ਗਏ ਸਨ। ਮਨੀਪੁਰ ਵਿੱਚ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਆਉਣ ਵਾਲੇ ਦਹਾਕਿਆਂ ਤੱਕ ਕੂਕੀ ਅਤੇ ਮਿਤਈ ਲੋਕਾਂ ਨੂੰ ਇੱਕ ਦੂਜੇ ਤੋਂ ਦੂਰ ਕਰ ਦੇਣਗੀਆਂ।

ਇਹ ਨੋਟ ਕਰਨਾ ਸਭ ਤੋਂ ਘਿਣਾਉਣੀ ਗੱਲ ਸੀ ਕਿ ਮਹਾਮਾਰੀ ਦੌਰਾਨ ਵੀ ਜਦੋਂ ਲੋਕਾਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਸੀ, ਤਬਲੀਗੀਆਂ ਦੇ ਵਿਰੁੱਧ ਇੱਕ ਝੂਠਾ ਪ੍ਰਚਾਰ ਸ਼ੁਰੂ ਕੀਤਾ ਗਿਆ ਅਤੇ ਬਿਨਾਂ ਕਿਸੇ ਸਬੂਤ ਦੇ ਕੋਵਿਡ ਫੈਲਾਉਣ ਦਾ ਦੋਸ਼ ਲਗਾ ਕੇ ਉਨ੍ਹਾਂ ਨੂੰ ਫੜ ਲਿਆ ਗਿਆ ਸੀ। ਹਾਲਾਂਕਿ ਬਾਅਦ ਵਿਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ।

ਜਦੋਂ ਕੁਝ ਔਰਤਾਂ ਨਾਗਰਿਕ ਸੋਧ ਬਿੱਲ ਵਿਰੁੱਧ ਸ਼ਾਹੀਨ ਬਾਗ ਵਿੱਚ ਧਰਨੇ ’ਤੇ ਬੈਠੀਆਂ ਤਾਂ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਕੁਝ ਮਹੀਨੇ ਪਹਿਲਾਂ ਹੀ ਗੁਜਰਾਤ ਸਰਕਾਰ ਵੱਲੋਂ ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਅਤੇ ਬਲਾਤਕਾਰੀਆਂ ਨੂੰ ਉਸੇ ਸਮੇਂ ਰਿਹਾਅ ਕਰ ਦਿੱਤਾ ਗਿਆ, ਜਦੋਂ ਪ੍ਰਧਾਨ ਮੰਤਰੀ 15 ਅਗਸਤ 2022 ਨੂੰ ਲਾਲ ਕਿਲ੍ਹੇ ਤੋਂ ਔਰਤਾਂ ਦੀ ਇੱਜ਼ਤ ਬਚਾਉਣ ਦੀ ਆਪਣੀ ਵਚਨਬੱਧਤਾ ਬਾਰੇ ਗੱਲ ਕਰ ਰਹੇ ਸਨ। ਹੁਣ ਅਸੀਂ ਦੇਖ ਰਹੇ ਹਾਂ ਕਿ ਜੰਤਰ-ਮੰਤਰ ਨਵੀਂ ਦਿੱਲੀ ਵਿੱਚ ਧਰਨੇ ’ਤੇ ਬੈਠੀਆਂ ਔਰਤਾਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੀਆਂ ਹਨ, ਜਿਸ ’ਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਜਾ ਰਹੀ ਹਨ। ਇਹ ਔਰਤਾਂ ਕਿਸੇ ਵੀ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਨਹੀਂ ਹਨ। ਉਹ ਜਾਟ ਭਾਈਚਾਰੇ ਤੋਂ ਆਉਂਦੀਆਂ ਹਨ। ਇਹ ਇੱਕ ਸਪੱਸ਼ਟ ਸੰਦੇਸ਼ ਹੈ ਕਿ ਨਫ਼ਰਤ ਦੇ ਬਿਰਤਾਂਤ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਂਦਾ।

ਇਹ ਸਮਝਣ ਦਾ ਸਮਾਂ ਹੈ ਕਿ ਨਫ਼ਰਤ ਦਾ ਬਿਰਤਾਂਤ ਕਿਸੇ ਇੱਕ ਫਿਰਕੇ ਜਾਂ ਨਸਲੀ ਸਮੂਹ ’ਤੇ ਨਹੀਂ ਰੁਕਦਾ। ਇਹ ਕਮਜ਼ੋਰ ਵਰਗਾਂ ਦੇ ਵਿਰੁੱਧ ਇੱਕ ਮਾਨਸਿਕਤਾ ਬਣ ਜਾਂਦੀ ਹੈ। ਕਮਜ਼ੋਰ ਲੋਕਾਂ ਨੂੰ ਸਾਰੀਆਂ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਿਟਲਰ ਯਹੂਦੀਆਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਆਪਣੇ ਆਪ ਨੂੰ ਸੱਚਾ ਈਸਾਈ ਸਾਬਤ ਕਰਨਾ ਚਾਹੁੰਦਾ ਸੀ ਪਰ ਅਖੀਰ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਮਾਰੇ ਗਏ ਸਾਡੇ ਪੰਜ ਕਰੋੜ ਤੋਂ ਵੱਧ ਲੋਕਾਂ ਵਿੱਚੋਂ ਬਹੁਤ ਸਾਰੇ ਈਸਾਈ ਸਨ।

ਕੱਟੜਤਾ ਤੇ ਨਫਰਤ ਮਨੁੱਖੀ ਵਿਹਾਰ ਦਾ ਹਿੱਸਾ ਨਹੀਂ ਹੈ। ਲੋਕ ਹਮੇਸ਼ਾ ਸ਼ਾਂਤੀ ਨਾਲ ਰਹਿਣ ਲਈ ਤਰਸਦੇ ਰਹੇ ਹਨ। ਦੂਸਰਿਆਂ ਵਿਰੁੱਧ ਨਫ਼ਰਤ ਘਟੀਆ ਮਨੋਰਥ ਨਾਲ ਫੈਲਾਈ ਜਾਂਦੀ ਹੈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਇੱਕ ਦੂਜੇ ਦੇ ਵਿਰੁੱਧ ਲੜਨ ਦੀਆਂ ਬਹੁਤ ਘੱਟ ਰਿਪੋਰਟਾਂ ਹਨ। ਦੇਸ਼ ’ਤੇ ਰਾਜ ਕਰਨ ਦੇ ਉਦੇਸ਼ ਨਾਲ ਬਸਤੀਵਾਦੀ ਸ਼ਕਤੀ ਨੇ ਸਮਾਜ ਨੂੰ ਵੰਡਣ ਲਈ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਤਾਂ ਜੋ ਦੇਸ਼ ’ਤੇ ਆਪਣੀ ਪਕੜ ਮਜ਼ਬੂਤ ਕੀਤੀ ਜਾ ਸਕੇ। ਉਹ ਦੇਸ਼ ਨੂੰ ਵੰਡਣ ਵਿੱਚ ਵੀ ਕਾਮਯਾਬ ਹੋ ਗਏ। ਹਾਲਾਂਕਿ ਇੱਥੇ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਵੰਡ ਦੌਰਾਨ ਹੋਏ ਦੰਗਿਆਂ ਵਿੱਚ 10 ਲੱਖ ਤੋਂ ਵੱਧ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੇ ਮਾਰੇ ਜਾਣ ਦੇ ਬਾਵਜੂਦ, ਭਾਰਤ ਦੇ ਲੋਕਾਂ ਨੇ ਨਫ਼ਰਤ ਦੀ ਰਾਜਨੀਤੀ ਨੂੰ ਨਕਾਰ ਦਿੱਤਾ ਅਤੇ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਹੋਈਆਂ ਚੋਣਾਂ ਵਿੱਚ ਫਿਰਕੂ ਫੁੱਟ ਪਾਊ ਤਾਕਤਾਂ ਨੂੰ ਹਰਾਇਆ ਅਤੇ ਧਰਮ, ਜਾਤ ਜਾਂ ਲਿੰਗ ਦੇ ਭੇਦਭਾਵ ਤੋਂ ਰਹਿਤ ਮਾਨਵਵਾਦ ਅਤੇ ਸਨਮਾਨ ਦੇ ਆਦਰਸ਼ਾਂ ’ਤੇ ਆਧਾਰਿਤ ਦੇਸ਼ ਦਾ ਨਿਰਮਾਣ ਕਰਨ ਦਾ ਨਿਰਣਾ ਕੀਤਾ। ਇਹ ਭਾਰਤ ਦਾ ਵਿਚਾਰ ਸੀ ਅਤੇ ਬਸਤੀਵਾਦੀ ਸ਼ਕਤੀ ਵਿਰੁੱਧ ਸਮੂਹਿਕ ਆਜ਼ਾਦੀ ਅੰਦੋਲਨ ਦਾ ਪ੍ਰਤੀਬਿੰਬ ਸੀ।

ਹੁਣ ਕੀ ਹੋਇਆ ਹੈ, ਇਹ ਇੱਕ ਵੱਡਾ ਸਵਾਲ ਹੈ? ਭਾਰਤ ਦੇ ਲੋਕ ਉਨ੍ਹਾਂ ਤਾਕਤਾਂ ਦੇ ਪ੍ਰਭਾਵ ਵਿਚ ਕਿਉਂ ਭਟਕ ਰਹੇ ਹਨ, ਜਿਨ੍ਹਾਂ ਨੇ ਕਦੇ ਵੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਹੀਂ ਲਿਆ, ਸਗੋਂ ਬਸਤੀਵਾਦੀ ਮਾਲਕਾਂ ਦਾ ਸਾਥ ਦਿੱਤਾ।

ਵੱਡੇ ਹੋਣ ਦੀ ਪ੍ਰਕਿਰਿਆ ਦੌਰਾਨ ਸਮਾਜਿਕ ਸਿੱਖਿਆ ਅਤੇ ਮਨੋਵਿਗਿਆਨਕ ਬਣਤਰ, ਨੌਜਵਾਨ ਦਿਮਾਗਾਂ ਦੇ ਭਵਿੱਖ ਦੇ ਵਿਵਹਾਰ ਦੇ ਨਮੂਨਿਆਂ ਵਿੱਚ ਬਹੁਤ ਵੱਡਾ ਫ਼ਰਕ ਪਾਉਂਦੇ ਹਨ। ਉਹ ਆਪਣੀ ਪਰਵਰਿਸ਼ ਦੇ ਦੌਰਾਨ ਪੱਖਪਾਤ, ਨਫ਼ਰਤ ਅਤੇ ਹੋਰ ਬਹੁਤ ਸਾਰੇ ਨਕਾਰਾਤਮਕ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਸ ਦਾ ਗੰਭੀਰਤਾ ਨਾਲ ਅਧਿਐਨ ਕਰਨਾ ਅਤੇ ਇਸ ਤਰ੍ਹਾਂ ਦੇ ਅਸ਼ਲੀਲ ਵਿਵਹਾਰ ਨੂੰ ਵਾਪਰਨ ਤੋਂ ਰੋਕਣਾ ਜ਼ਰੂਰੀ ਹੈ। ਹੁਣ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਅਸੀਂ ਕਿਸ ਤਰ੍ਹਾਂ ਇਕਜੁੱਟ ਹੋ ਕੇ ਅੱਗੇ ਵਿਕਾਸ ਕਰਨਾ ਹੈ? ਨਫ਼ਰਤ ਸਮਾਜ ਨੂੰ ਵੰਡ ਦੀ, ਏਕਤਾ ਨੂੰ ਤੋੜਦੀ ਅਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਖ਼ਤਰੇ ’ਚ ਪਾਉਂਦੀ ਹੈ। ਜਮਹੂਰੀ ਤਾਕਤਾਂ ਨੂੰ ਜਮਹੂਰੀ ਮੰਚਾਂ ਤੇ ਸੰਗਠਨਾਂ ਨੂੰ ਮਜ਼ਬੂਤ ਕਰਦੇ ਹੋਏ ਨਫ਼ਰਤ ਵਿਰੁੱਧ ਲੜਨ ਦੀ ਲੋੜ ਹੈ।

# ਨਿਊ ਬਰੰਜ਼ਵਿਕ ਵਿੱਚ ਬੱਚਿਆਂ ਲਈ ਸੋਸ਼ਲ ਮੀਡੀਆ ’ਤੇ ਪਾਬੰਦੀ ਦੀ ਮੰਗ




ਸਰੀ, (ਦਿਵਰੂਪ ਕੌਰ): ਨਿਊ ਬਰੰਜ਼ਵਿਕ ਵਿੱਚ ਨੌਜਵਾਨਾਂ ਲਈ ਸੋਸ਼ਲ ਮੀਡੀਆ ‘ਤੇ ਪਾਬੰਦੀ ਲਗਾਉਣ ਅਤੇ ਅੰਗਰੇਜ਼ੀ ਸੈਕਟਰ ਦੇ ਡਰਾਫਟ ਪਾਠਕ੍ਰਮ ਵਿੱਚ ਏ.ਆਈ. ਚੈਟਬੋਟਸ ਦੀ ਸ਼ਮੂਲੀਅਤ ‘ਤੇ ਮੁੜ ਵਿਚਾਰ ਕਰਨ ਦੀ ਮੰਗ ਜ਼ੋਰ ਫੜ ਰਹੀ ਹੈ। ਬੁੱਧਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਗ੍ਰੀਨ ਪਾਰਟੀ ਦੀ ਡਿਪਟੀ ਲੀਡਰ ਮੇਗਨ ਮਿਟਨ ਨੇ ਪ੍ਰੀਮੀਅਰ ਨੂੰ ਪੁੱਛਿਆ ਕਿ ਕੀ ਉਹ ਮੈਨੀਟੋਬਾ ਦੀ ਤਰਜ਼ ‘ਤੇ ਬੱਚਿਆਂ ਲਈ ਸੋਸ਼ਲ ਮੀਡੀਆ ਅਤੇ ਏ.ਆਈ. ‘ਤੇ ਪਾਬੰਦੀ ਲਗਾਉਣ ਬਾਰੇ ਵਿਚਾਰ ਕਰਨਗੇ। ਮੈਨੀਟੋਬਾ ਅਜਿਹੀ ਪਾਬੰਦੀ ਲਗਾਉਣ ਵਾਲਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ, ਜਦਕਿ ਸਸਕੈਚਵਨ ਵਰਗੇ ਹੋਰ ਸੂਬੇ ਵੀ ਇਸ ਬਾਰੇ ਜਨਤਕ ਫੀਡਬੈਕ ਲੈ ਰਹੇ ਹਨ।

ਮਿਟਨ ਨੇ ਦਲੀਲ ਦਿੱਤੀ ਕਿ ਸੋਸ਼ਲ ਮੀਡੀਆ ਪਲੇਟਫਾਰਮ ਬੱਚਿਆਂ ਨੂੰ ਆਦੀ ਬਣਾਉਣ ਲਈ ਡਿਜ਼ਾਈਨ ਕੀਤੇ ਗਏ ਹਨ, ਜੋ ਉਨ੍ਹਾਂ ਦੇ ਖਾਣ-ਪੀਣ ਅਤੇ ਸੌਣ ਦੀਆਂ ਆਦਤਾਂ ਵਿੱਚ ਵਿਘਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਮਹਿਜ਼ ਇੱਛਾ ਸ਼ਕਤੀ ਦਾ ਮਾਮਲਾ ਨਹੀਂ ਹੈ, ਸਗੋਂ ਇਹ ਪਲੇਟਫਾਰਮ ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਆਪਣੇ ਨਾਲ ਜੋੜ ਕੇ ਰੱਖਣਾ ਚਾਹੁੰਦੇ ਹਨ। ਇਸ ਦੇ ਜਵਾਬ ਵਿੱਚ ਪ੍ਰੀਮੀਅਰ ਸੂਜ਼ਨ ਹੋਲਟ ਨੇ ਕਿਹਾ ਕਿ ਉਹ ਨਿੱਜੀ ਤੌਰ ‘ਤੇ ਵੀ ਆਪਣੇ ਘਰ ਵਿੱਚ ਇਸ ਮੁੱਦੇ ਨਾਲ ਜੂਝ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਆਸਟ੍ਰੇਲੀਆ ਵੱਲੋਂ ਲਗਾਈ ਗਈ ‘ਏਜ ਗੇਟ’ ਪਾਬੰਦੀ ਅਤੇ ਮੈਨੀਟੋਬਾ ਦੀ ਤਜਵੀਜ਼ ਦਾ ਬਾਰੀਕੀ ਨਾਲ ਅਧਿਐਨ ਕਰ ਰਹੀ ਹੈ ਤਾਂ ਜੋ ਸੂਬੇ ਵਿੱਚ ਸੁਰੱਖਿਆ ਨੀਤੀਆਂ ਨੂੰ ਲਾਗੂ ਕੀਤਾ ਜਾ ਸਕੇ।

ਸਿੱਖਿਆ ਮੰਤਰੀ ਕਲੇਅਰ ਜੌਹਨਸਨ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਸਕੂਲਾਂ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਦੇ ਨੁਕਸਾਨਾਂ ‘ਤੇ ਨਜ਼ਰ ਰੱਖ ਰਿਹਾ ਹੈ। ਹਾਲਾਂਕਿ, ਮਿਟਨ ਨੇ ਡਰਾਫਟ ਪਾਠਕ੍ਰਮ ਵਿੱਚ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਏ.ਆਈ. ਟੂਲਸ ਦੀ ਵਰਤੋਂ ‘ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਬਹੁਤ ਛੋਟੇ ਬੱਚੇ ਏ.ਆਈ. ਦੀ ਮਦਦ ਨਾਲ ਵਿਚਾਰ ਤਿਆਰ ਕਰਨਗੇ ਤਾਂ ਉਨ੍ਹਾਂ ਦੇ ਆਪਣੇ ਦਿਮਾਗ ਦਾ ਵਿਕਾਸ ਕਿਵੇਂ ਹੋਵੇਗਾ। ਜਵਾਬ ਵਿੱਚ ਸਿੱਖਿਆ ਮੰਤਰੀ ਨੇ ਕਿਹਾ ਕਿ ਏ.ਆਈ. ਤਕਨਾਲੋਜੀ ਸਿੱਖਣ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਸਹਾਈ ਹੋ ਸਕਦੀ ਹੈ ਅਤੇ ਉਹ ਇਸ ਦੀ ਨੈਤਿਕ ਤੇ ਜ਼ਿੰਮੇਵਾਰਾਨਾ ਵਰਤੋਂ ‘ਤੇ ਧਿਆਨ ਕੇਂਦਰਿਤ ਕਰ ਰਹੇ ਹਨ।

ਵਿਰੋਧੀ ਧਿਰ ਦੇ ਨੇਤਾ ਗਲੇਨ ਸਾਵੋਏ ਨੇ ਚਿੰਤਾ ਪ੍ਰਗਟਾਈ ਕਿ ਜੇਕਰ 5 ਸਾਲ ਦੀ ਉਮਰ ਤੋਂ ਬੱਚਿਆਂ ਨੂੰ ਏ.ਆਈ. ਦੀ ਸਿਖਲਾਈ ਦਿੱਤੀ ਗਈ, ਤਾਂ ਉਹ ਸੁਤੰਤਰ ਤੌਰ ‘ਤੇ ਸੋਚਣ ਦੀ ਸਮਰੱਥਾ ਗੁਆ ਸਕਦੇ ਹਨ। ਉਨ੍ਹਾਂ ਸਵਾਲ ਕੀਤਾ ਕਿ ਅਜਿਹੇ ਵਿਦਿਆਰਥੀਆਂ ਦਾ ਭਵਿੱਖ ਅਤੇ ਡਿਗਰੀਆਂ ਕਿਸ ਤਰ੍ਹਾਂ ਦੀਆਂ ਹੋਣਗੀਆਂ। ਜੌਹਨਸਨ ਨੇ ਸਪੱਸ਼ਟ ਕੀਤਾ ਕਿ ਭਾਵੇਂ ਇਹ ਕੇ ਤੋਂ 12 ਤੱਕ ਦੀ ਰਣਨੀਤੀ ਹੈ, ਪਰ ਛੋਟੇ ਬੱਚਿਆਂ ਲਈ ਇਹ ਸਿਰਫ਼ ਜਾਗਰੂਕਤਾ ਤੱਕ ਸੀਮਤ ਹੋਵੇਗੀ। ਜ਼ਿਕਰਯੋਗ ਹੈ ਕਿ ਫੈਡਰਲ ਲਿਬਰਲਾਂ ਨੇ ਵੀ ਸੋਸ਼ਲ ਪਲੇਟਫਾਰਮਾਂ ਅਤੇ ਜਨਰੇਟਿਵ ਏ.ਆਈ. ਲਈ ਘੱਟੋ-ਘੱਟ 16 ਸਾਲ ਦੀ ਉਮਰ ਨਿਰਧਾਰਿਤ ਕਰਨ ਦਾ ਇੱਕ ਮਤਾ ਪਾਸ ਕੀਤਾ ਹੈ। This report was written by Divroop Kaur as part of the Local Journalism Initiative.

# ਜੰਗਲਾਤ ਉਦਯੋਗ ਨੂੰ ਅਮਰੀਕੀ ਨਿਰਭਰਤਾ ਤੋਂ ਮੁਕਤ ਕਰਨ ਲਈ ਬੀਸੀ ਸਰਕਾਰ ਵੱਲੋਂ 2 ਮਿਲੀਅਨ ਡਾਲਰ ਦਾ ਨਿਵੇਸ਼




ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੀ ਸੂਬਾ ਸਰਕਾਰ ਨੇ ਜੰਗਲਾਤ ਸੈਕਟਰ ਨੂੰ ਮਜ਼ਬੂਤ ਕਰਨ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ‘ਮੇਕ ਮੋਰ ਇਨ ਬੀਸੀ’ ਨਾਮਕ ਇੱਕ ਨਵੀਂ ਪਹਿਲਕਦਮੀ ਦਾ ਐਲਾਨ ਕੀਤਾ ਹੈ। ਇਸ ਯੋਜਨਾ ਤਹਿਤ ਸਰਕਾਰ ਵੱਲੋਂ 2 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਅਜਿਹੇ ਖੇਤਰੀ ਆਰਥਿਕ ਹੱਬ ਸਥਾਪਿਤ ਕਰਨਾ ਹੈ ਜੋ ਮੌਜੂਦਾ ਜੰਗਲਾਤ ਕਾਮਿਆਂ ਦੀਆਂ ਨੌਕਰੀਆਂ ਨੂੰ ਸੁਰੱਖਿਅਤ ਕਰਨ ਦੇ ਨਾਲ-ਨਾਲ ਹਰ ਦਰੱਖਤ ਤੋਂ ਵਧੇਰੇ ਆਰਥਿਕ ਮੁੱਲ ਪ੍ਰਾਪਤ ਕਰਨ ਵਿੱਚ ਸਹਾਈ ਹੋਣਗੇ।

ਜੰਗਲਾਤ ਮੰਤਰੀ ਰਵੀ ਪਰਮਾਰ ਨੇ ਮੰਗਲਵਾਰ 12 ਮਈ ਨੂੰ ਵੈਸਟ ਕੈਲੋਨਾ ਸਥਿਤ ਗੋਰਮਨ ਬ੍ਰਦਰਜ਼ ਲੰਬਰ ਵਿਖੇ ਇਸ ਮਹੱਤਵਪੂਰਨ ਪ੍ਰੋਜੈਕਟ ਦੀ ਰਸਮੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਪਹਿਲਾ ਆਰਥਿਕ ਹੱਬ ਮੈਰਿਟ ਟਿੰਬਰ ਸਪਲਾਈ ਖੇਤਰ ਵਿੱਚ ਗੋਰਮਨ ਬ੍ਰਦਰਜ਼ ਲੰਬਰ ਦੇ ਸਹਿਯੋਗ ਨਾਲ ਤਿਆਰ ਕੀਤਾ ਜਾਵੇਗਾ। ਮੰਤਰੀ ਪਰਮਾਰ ਨੇ ਸਪੱਸ਼ਟ ਕੀਤਾ ਕਿ ਇਹ ਕਦਮ ਉਦਯੋਗ ਨੂੰ ਅਮਰੀਕਾ ਵਰਗੇ ਸਿੰਗਲ ਵਪਾਰਕ ਭਾਈਵਾਲ ‘ਤੇ ਨਿਰਭਰਤਾ ਤੋਂ ਮੁਕਤ ਕਰੇਗਾ ਤਾਂ ਜੋ ਸਾਡੇ ਕਾਮੇ ਵਿਦੇਸ਼ੀ ਡਿਊਟੀਆਂ ਅਤੇ ਟੈਰਿਫਾਂ ਦੇ ਜੋਖਮ ਤੋਂ ਬਚ ਸਕਣ। ਉਨ੍ਹਾਂ ਅਨੁਸਾਰ ਸਰਕਾਰ ਦਾ ਟੀਚਾ ਸੂਬੇ ਵਿੱਚ ਹੀ ਵਧੇਰੇ ਉਤਪਾਦ ਤਿਆਰ ਕਰਨਾ ਅਤੇ ਅਜਿਹਾ ਭਵਿੱਖ ਸਿਰਜਣਾ ਹੈ ਜਿੱਥੇ ਲੱਕੜ ਦਾ ਪੂਰਾ ਮੁੱਲ ਸਾਡੇ ਆਪਣੇ ਘਰ ਵਿੱਚ ਹੀ ਰਹੇ।

ਇਹ ਨਵਾਂ ਪ੍ਰੋਜੈਕਟ ਮਿੱਲਾਂ, ਨਿਰਮਾਤਾਵਾਂ, ਫਸਟ ਨੇਸ਼ਨਜ਼ ਅਤੇ ਵੱਖ-ਵੱਖ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰੇਗਾ। ਇਸ ਦਾ ਮੁੱਖ ਕੇਂਦਰ ਲੱਕੜ ਦੇ ਫਾਈਬਰ ਦੀ ਸਪਲਾਈ ਨੂੰ ਸੁਚਾਰੂ ਬਣਾਉਣਾ ਅਤੇ ਉੱਚ-ਮੁੱਲ ਵਾਲੇ ਉਤਪਾਦਾਂ ਜਿਵੇਂ ਕਿ ਮਾਸ ਟਿੰਬਰ ਅਤੇ ਪਹਿਲਾਂ ਤੋਂ ਤਿਆਰ ਕੀਤੇ (ਪ੍ਰੀ-ਫੈਬਰੀਕੇਟਿਡ) ਘਰਾਂ ਦਾ ਨਿਰਮਾਣ ਕਰਨਾ ਹੈ। ਗੋਰਮਨ ਬ੍ਰਦਰਜ਼ ਲੰਬਰ ਦੇ ਸੀਈਓ ਨਿਕ ਆਰਕਲ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਜ਼ਮੀਨੀ ਪ੍ਰਬੰਧਨ ਅਤੇ ਆਰਥਿਕ ਹਿੱਤਾਂ ਵਿਚਕਾਰ ਇੱਕ ਸਹੀ ਸੰਤੁਲਨ ਪੈਦਾ ਕਰੇਗੀ। ਉਨ੍ਹਾਂ ਅਨੁਸਾਰ ਫਸਟ ਨੇਸ਼ਨਜ਼ ਦੀ ਅਗਵਾਈ ਹੇਠ ਟਿਕਾਊ ਸਪਲਾਈ ਯਕੀਨੀ ਬਣਾਈ ਜਾਵੇਗੀ ਜਿਸ ਨਾਲ ਨਿਵੇਸ਼ ਅਤੇ ਨਵੀਨਤਾ ਨੂੰ ਉਤਸ਼ਾਹ ਮਿਲੇਗਾ।

ਬੀਸੀ ਦੁਨੀਆ ਭਰ ਵਿੱਚ ਸਾਫਟਵੁੱਡ ਲੰਬਰ ਦਾ 3 ਪ੍ਰਮੁੱਖ ਨਿਰਯਾਤਕ ਹੈ ਅਤੇ ਇਸ ਖੇਤਰ ਵਿੱਚ ਲਗਭਗ 100,000 ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਮੌਜੂਦਾ ਸਮੇਂ ਵਿੱਚ ਇਹ ਉਦਯੋਗ ਅਮਰੀਕੀ ਟੈਰਿਫਾਂ ਅਤੇ ਸਪਲਾਈ ਦੀ ਘਾਟ ਕਾਰਨ ਕਈ ਚੁਣੌਤੀਆਂ ਨਾਲ ਜੂਝ ਰਿਹਾ ਹੈ। ਇਨ੍ਹਾਂ ਨਵੇਂ ਹੱਬਾਂ ਰਾਹੀਂ ਕੱਚੀ ਲੱਕੜ ਦੇ ਨਿਰਯਾਤ ਨੂੰ ਘਟਾ ਕੇ ਸੂਬੇ ਦੇ ਅੰਦਰ ਹੀ ਵਧੇਰੇ ਨੌਕਰੀਆਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਫੈਡਰਲ ਪੱਧਰ ‘ਤੇ ਮਾਰਕੀਟ ਦੀਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਰਣਨੀਤੀ ਜੰਗਲਾਤ ਖੇਤਰ ਨੂੰ ਇੱਕ ਸਥਿਰ ਅਤੇ ਖੁਸ਼ਹਾਲ ਭਵਿੱਖ ਵੱਲ ਲੈ ਕੇ ਜਾਵੇਗੀ। This report was written by Divroop Kaur as part of the Local Journalism Initiative.

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

ਸਫ਼ਾ 1 ਦਾ ਬਾਕੀ

## 98.2 ਪ੍ਰਤੀਸ਼ਤ ਨਰਸਾਂ ਨੇ ਬਿਹਤਰ

ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਰਸਾਂ ਸਿਹਤ ਪ੍ਰਣਾਲੀ ਨੂੰ ਚਲਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅਤੇ ਇਹ ਸਮਾਂ ਨਰਸਾਂ ਤੋਂ ਉਨ੍ਹਾਂ ਦੇ ਹੱਕ ਖੋਹਣ ਦਾ ਨਹੀਂ ਹੈ। ਇਹ ਹੜਤਾਲੀ ਵੋਟ ਉਸ ਸਮੇਂ ਹੋਈ ਹੈ ਜਦੋਂ ਪਿਛਲੇ 6 ਮਹੀਨਿਆਂ ਤੋਂ ਚੱਲ ਰਹੀ ਗੱਲਬਾਤ 20 ਅਪ੍ਰੈਲ ਨੂੰ ਬਿਨਾਂ ਕਿਸੇ ਸਿੱਟੇ ਦੇ ਖਤਮ ਹੋ ਗਈ ਸੀ। ਯੂਨੀਅਨ ਦਾ ਦੋਸ਼ ਹੈ ਕਿ ਉਨ੍ਹਾਂ ਨੇ ਮਰੀਜ਼ਾਂ ਦੀ ਦੇਖਭਾਲ ਦੇ ਮਿਆਰ ਨੂੰ ਸੁਧਾਰਨ ਲਈ ਕਈ ਸੁਝਾਅ ਦਿੱਤੇ ਸਨ ਪਰ ਹੈਲਥ ਇੰਪਲਾਇਰਜ਼ ਐਸੋਸੀਏਸ਼ਨ ਆਫ ਬੀਸੀ ਵੱਲੋਂ ਉਨ੍ਹਾਂ ਦੇ ਬਹੁਤੇ ਪ੍ਰਸਤਾਵਾਂ ਨੂੰ ਰੱਦ ਕਰ ਦਿੱਤਾ ਗਿਆ।

ਇਸ ਤਣਾਅ ਦਾ ਇੱਕ ਮੁੱਖ ਕਾਰਨ ਆਰਬਿਟਰੇਟਰ ਵਿੰਸ ਰੈਡੀ ਦਾ ਮਸਾਜ ਥੈਰੇਪੀ ਲਾਭਾਂ ਸਬੰਧੀ ਦਿੱਤਾ ਗਿਆ ਇੱਕ ਫੈਸਲਾ ਵੀ ਹੈ। ਯੂਨੀਅਨ ਨੂੰ ਮਿਲੇ ਸੰਚਾਰ ਅਨੁਸਾਰ ਇਸ ਫੈਸਲੇ ਨਾਲ ਨਰਸਾਂ ਨੂੰ ਮਿਲਣ ਵਾਲੇ ਸਿਹਤ ਲਾਭਾਂ 'ਤੇ ਮਾੜਾ ਅਸਰ ਪੈ ਸਕਦਾ ਹੈ। ਰੈਡੀ ਦੇ ਫੈਸਲੇ ਅਨੁਸਾਰ ਮਸਾਜ ਥੈਰੇਪੀ ਕਵਰੇਜ ਨੂੰ ਸਾਲ 2027 ਵਿੱਚ 1,427 ਡਾਲਰ ਅਤੇ 2028 ਵਿੱਚ 1,145 ਡਾਲਰ ਤੱਕ ਸੀਮਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਬਾਅਦ ਦੀਆਂ ਸੀਮਾਵਾਂ ਦੀ ਗਣਨਾ ਗੁੰਝਲਦਾਰ ਵਿੱਤੀ ਅਨੁਮਾਨਾਂ ਦੇ ਆਧਾਰ 'ਤੇ ਕੀਤੀ ਜਾਵੇਗੀ ਜਿਸ ਨਾਲ ਭਵਿੱਖ ਵਿੱਚ ਇਹ ਸਹੂਲਤ ਹੋਰ ਵੀ ਘਟਣ ਦੀ ਸੰਭਾਵਨਾ ਹੈ। ਹਾਲਾਂਕਿ ਇਹ ਨਵਾਂ ਮਾਡਲ 1 ਜਨਵਰੀ 2027 ਤੋਂ ਲਾਗੂ ਹੋਣਾ ਹੈ ਪਰ ਨਰਸਾਂ ਵਿੱਚ ਇਸ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਯੂਨੀਅਨ ਦਾ ਕਹਿਣਾ ਹੈ ਕਿ ਇੱਕ ਬਿਹਤਰ ਇਕਰਾਰਨਾਮਾ ਸਿਰਫ਼ ਮੌਜੂਦਾ ਕਾਮਿਆਂ ਲਈ ਹੀ ਜ਼ਰੂਰੀ ਨਹੀਂ ਹੈ ਬਲਕਿ ਭਵਿੱਖ ਵਿੱਚ ਨਵੇਂ ਨਰਸਾਂ ਦੀ ਭਰਤੀ ਅਤੇ ਪੁਰਾਣੀਆਂ ਨੂੰ ਕੰਮ 'ਤੇ ਬਣੇ ਰਹਿਣ ਲਈ ਉਤਸ਼ਾਹਿਤ ਕਰਨ ਵਾਸਤੇ ਵੀ ਅਹਿਮ ਹੈ। ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਫੈਡਰਲ ਅਤੇ ਸੂਬਾਈ ਪੱਧਰ 'ਤੇ ਸਿਹਤ ਪ੍ਰਬੰਧਾਂ ਨੂੰ ਲੈ ਕੇ ਚਿੰਤਾ ਜਤਾਈ ਜਾ ਰਹੀ ਹੈ। ਜੇਕਰ ਸਰਕਾਰ ਅਤੇ ਯੂਨੀਅਨ ਵਿਚਕਾਰ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਨਰਸਾਂ ਵੱਲੋਂ ਕੰਮ ਰੋਕਿਆ ਜਾ ਸਕਦਾ ਹੈ ਜਿਸ ਦਾ ਸਿੱਧਾ ਅਸਰ ਆਮ ਜਨਤਾ ਨੂੰ ਮਿਲਣ ਵਾਲੀਆਂ ਸਿਹਤ ਸੇਵਾਵਾਂ 'ਤੇ ਪਵੇਗਾ। ਨਰਸਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿੱਚ ਕਟੌਤੀ ਕਰਨ ਦੀ ਬਜਾਏ ਉਨ੍ਹਾਂ ਦੇ ਕੰਮ ਦੀਆਂ ਸਥਿਤੀਆਂ ਵਿੱਚ ਸੁਧਾਰ ਕੀਤਾ ਜਾਵੇ। This report was written by Divroop Kaur as part of the Local Journalism Initiative.

## ਸਰੀ ਦੀ ਸੁਰੱਖਿਆ ਲਈ 560

ਬਣਾਇਆ ਜਾਵੇਗਾ। ਇਹ ਕੈਂਪਸ ਵਧੇਰੇ ਗਿਣਤੀ ਵਿੱਚ ਵਿਸ਼ੇਸ਼ ਪੁਲਿਸ, ਫਾਇਰ ਅਤੇ ਐਮਰਜੈਂਸੀ ਅਫ਼ਸਰਾਂ ਦੀ ਸਿਖਲਾਈ ਅਤੇ ਤਿਆਰੀ ਵਿੱਚ ਮਦਦ ਕਰੇਗਾ। ਸ਼ਹਿਰ ਦੀ ਨਵੀਂ ਜਨਤਕ ਸੁਰੱਖਿਆ ਯੋਜਨਾ ਤਹਿਤ ਅਗਲੇ ਪੰਜ ਸਾਲਾਂ ਵਿੱਚ 560 ਪੁਲਿਸ ਅਧਿਕਾਰੀ, ਫਾਇਰ ਫਾਈਟਰਸ, ਬਾਇਲਾਅ ਅਧਿਕਾਰੀ ਅਤੇ ਹੋਰ ਸਟਾਫ਼ ਭਰਤੀ ਕੀਤੇ ਜਾਣਗੇ। ਇਸ ਨਾਲ ਆਂਢ ਗੁਆਂਢ ਵਿੱਚ ਵਧੇਰੇ ਮੌਜੂਦਗੀ, ਸਥਾਨਕ ਚਿੰਤਾਵਾਂ ਪ੍ਰਤੀ ਤੇਜ਼ੀ ਨਾਲ ਪ੍ਰਤੀਕਿਰਿਆ ਅਤੇ ਪੁਲਿਸ ਵੱਲੋਂ ਗੰਭੀਰ ਅਪਰਾਧਾਂ ਉੱਤੇ ਹੋਰ ਵਧੇਰੇ ਧਿਆਨ ਦੇਣ ਨੂੰ ਯਕੀਨੀ ਬਣਾਇਆ ਜਾਵੇਗਾ।

ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਸ ਸੰਬੋਧਨ ਦਾ ਮਕਸਦ ਵਸਨੀਕਾਂ ਅਤੇ ਕਾਰੋਬਾਰੀ ਮਾਲਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਅਤੇ ਇੱਕ ਵਿਕਸਤ ਹੋ ਰਹੇ ਸ਼ਹਿਰ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ। ਅਸੀਂ ਅਜਿਹਾ ਭਵਿੱਖ ਬਣਾਉਣ ਉੱਤੇ ਧਿਆਨ ਕੇਂਦਰਿਤ ਕਰ ਰਹੇ ਹਾਂ ਜਿੱਥੇ ਲੋਕ ਸਰੀ ਵਿੱਚ ਬਿਹਤਰ ਜੀਵਨ ਬਿਤਾ ਸਕਣ। ਉਨ੍ਹਾਂ ਦੱਸਿਆ ਕਿ ਇਹ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਕਿਉਂਕਿ ਅਸੀਂ ਵਿਕਾਸ ਨੂੰ ਸਮਰਥਨ ਦੇਣ ਲਈ ਲੋੜੀਂਦੇ ਢਾਂਚੇ ਅਤੇ ਸੇਵਾਵਾਂ ਮੁਹੱਈਆ ਕਰ ਰਹੇ ਹਾਂ।

ਮੇਅਰ ਦੇ ਭਾਸ਼ਣ ਵਿੱਚ ਹੋਰ ਵੀ ਕਈ ਮਹੱਤਵਪੂਰਨ ਐਲਾਨ ਕੀਤੇ ਗਏ। ਕਲੋਵਰਡੇਲ ਵਿੱਚ 200,000 ਵਰਗ ਫੁੱਟ ਤੱਕ ਦਾ ਨਵਾਂ ਕਨਵੈੱਨਸ਼ਨ ਸੈਂਟਰ ਬਣਾਉਣ ਦੀ ਯੋਜਨਾ ਬਣਾਈ ਗਈ ਹੈ। ਇਹ ਸੈਂਟਰ ਅਹਿਮ ਸਮਾਗਮਾਂ, ਕਾਨਫ਼ਰੰਸਾਂ ਅਤੇ ਟਰੇਡ ਸ਼ੋਅ ਆਦਿ ਲਈ ਇੱਕ ਖਾਸ ਸਥਾਨ ਹੋਵੇਗਾ। ਇਸ ਤੋਂ ਇਲਾਵਾ ਸਿਟੀ ਸੈਂਟਰ, ਸਾਊਥ ਸਰੀ ਅਤੇ ਕਲੋਵਰਡੇਲ ਵਿੱਚ ਪੁਲਿਸ, ਫਾਇਰ ਅਤੇ ਬਾਇਲਾਅ ਸਹੂਲਤਾਂ ਦਾ ਵਿਸਥਾਰ ਅਤੇ ਨਵੀਨੀਕਰਨ ਕੀਤਾ ਜਾਵੇਗਾ ਤਾਂ ਜੋ ਵਧ ਰਹੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕੀਤਾ ਜਾ ਸਕੇ। ਐਮਰਜੈਂਸੀ ਪ੍ਰਤੀਕਿਰਿਆ ਅਤੇ ਘਟਨਾ ਪ੍ਰਬੰਧਨ ਵਿੱਚ ਮਦਦ ਲਈ ਏਆਈ ਸਮਰਥਿਤ ਡਰੋਨਾਂ ਦੀ ਵਧੇਰੇ ਵਰਤੋਂ ਕੀਤੀ ਜਾਵੇਗੀ। ਇੱਕ ਨਵਾਂ ਸਲਾਹਕਾਰ ਪੈਨਲ ਸਥਾਨਕ ਸਿਹਤ ਤਰਜੀਹਾਂ ਨੂੰ ਦਿਸ਼ਾ ਦੇਣ ਅਤੇ ਕਮਿਊਨਿਟੀ ਦੀਆਂ ਜ਼ਰੂਰਤਾਂ ਉੱਤੇ ਤਾਲਮੇਲ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰੇਗਾ।

ਮਨੋਰੰਜਨ ਸਹੂਲਤਾਂ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਕਿ ਕੌਂਸਲ ਸਾਊਥ ਸਰੀ ਲਈ ਇੱਕ ਨਵੇਂ ਤਿੰਨ ਸ਼ੀਟ ਆਈਸ ਅਰੀਨਾ ਬਾਰੇ ਵਿਚਾਰ ਕਰੇਗੀ ਜੋ ਕਿ ਸ਼ਹਿਰ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਖੇਤਰਾਂ ਵਿੱਚੋਂ ਇੱਕ ਹੈ। ਖ਼ਰਚਿਆਂ ਨੂੰ ਘੱਟ ਰੱਖਣ ਦੇ ਉਦੇਸ਼ ਨਾਲ ਸ਼ਹਿਰ ਵਿੱਚ ਪ੍ਰਾਪਰਟੀ ਟੈਕਸ ਦੇ ਵਾਧੇ ਨੂੰ 2.6 ਪ੍ਰਤੀਸ਼ਤ ਤੱਕ ਰੱਖਿਆ ਗਿਆ ਹੈ ਜੋ ਖੇਤਰ ਵਿੱਚ ਸਭ ਤੋਂ ਘੱਟ ਦਰਾਂ ਵਿੱਚੋਂ ਇੱਕ ਹੈ।

# ਸਰੀ ਕੌਂਸਲ ਵੱਲੋਂ ਡੀਸੀਸੀ ਬਾਇਲਾਅ ਨੂੰ ਮਨਜ਼ੂਰੀ, ਰਿਹਾਇਸ਼ੀ ਦਰਾਂ ਵਿੱਚ ਹੋਵੇਗੀ ਕਟੌਤੀ

ਸਰੀ, (ਦਿਵਰੂਪ ਕੌਰ): ਸਰੀ ਸਿਟੀ ਕੌਂਸਲ ਨੇ ਡਿਵੈਲਪਮੈਂਟ ਕੋਸਟ ਚਾਰਜ (ਡੀਸੀਸੀ) ਬਾਇਲਾਅ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੂਬਾ ਸਰਕਾਰ ਨੂੰ ਅੱਪਡੇਟ ਭੇਜ ਕੇ ਰਿਹਾਇਸ਼ੀ ਦਰਾਂ ਨੂੰ ਹੋਰ ਘਟਾਉਣ ਅਤੇ ਫੀਸਾਂ ਦੇ ਢਾਂਚੇ ਨੂੰ ਸਰਲ ਬਣਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਕਦਮ ਨਾਲ ਰਿਹਾਇਸ਼ੀ ਵਿਕਾਸ ਅਤੇ ਭਵਿੱਖ ਦੇ ਵਾਧੇ ਨੂੰ ਸਮਰਥਨ ਮਿਲੇਗਾ। ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਲੋਕ ਸਰੀ ਵਿੱਚ ਰਹਿ ਸਕਣ ਅਤੇ ਘਰ ਖਰੀਦ ਸਕਣ, ਤਾਂ ਸਾਨੂੰ ਘਰ ਬਣਾਉਣ ਦੀ ਲਾਗਤ ਨੂੰ ਹੋਰ ਕਿਫਾਇਤੀ ਬਣਾਉਣਾ ਪਵੇਗਾ।

ਪ੍ਰਸਤਾਵਿਤ 2026 ਦੀਆਂ ਡੀਸੀਸੀ ਦਰਾਂ ਨਾਲ 2024 ਦੇ ਮੁਕਾਬਲੇ ਰਿਹਾਇਸ਼ੀ ਚਾਰਜਾਂ ਵਿੱਚ ਲਗਭਗ 7 ਤੋਂ 9 ਪ੍ਰਤੀਸ਼ਤ ਤੱਕ ਕਮੀ ਆਵੇਗੀ। ਇਹ ਦਰਾਂ ਖੇਤਰ ਦੀਆਂ ਹੋਰ ਨਗਰ ਪਾਲਿਕਾਵਾਂ ਦੇ ਮੁਕਾਬਲੇ ਕਾਫੀ ਹੱਦ ਤੱਕ ਸਹੀ ਰਹਿਣਗੀਆਂ। ਸਰੀ ਵਿੱਚ ਸਿੰਗਲ ਅਤੇ ਛੋਟੇ ਪੱਧਰ ਦੇ ਘਰਾਂ ਲਈ ਡੀਸੀਸੀ 51633 ਡਾਲਰ ਹੈ ਜਦਕਿ ਲੈਂਗਲੀ ਵਿੱਚ ਇਹ 87615 ਡਾਲਰ ਹੈ।

ਇਸੇ ਤਰ੍ਹਾਂ ਸਰੀ ਵਿੱਚ ਟਾਊਨ ਹਾਊਸ ਲਈ ਡੀਸੀਸੀ 27.15 ਤੋਂ 54.87 ਡਾਲਰ ਪ੍ਰਤੀ ਵਰਗ ਫੁੱਟ ਹੈ ਜਦਕਿ ਬਰਨਾਬੀ ਵਿੱਚ ਇਹ 38.54 ਡਾਲਰ ਪ੍ਰਤੀ ਯੂਨਿਟ ਹੈ।

ਕੌਂਸਲ ਨੇ ਵਿਕਾਸ ਨਾਲ ਜੁੜੀਆਂ ਕਮਿਊਨਿਟੀ ਸੁਵਿਧਾਵਾਂ ਲਈ ਫੰਡ ਇਕੱਠਾ ਕਰਨ ਵਾਸਤੇ 2 ਨਵੇਂ ਅਮੇਨਿਟੀ ਕਾਸਟ ਚਾਰਜ (ਏਸੀਸੀ) ਬਾਇਲਾਅਜ਼ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਹਨਾਂ ਵਿੱਚ ਰਿਕ੍ਰੀਏਸ਼ਨ ਸੈਂਟਰ, ਲਾਇਬ੍ਰੇਰੀਆਂ, ਪਾਰਕ ਅਤੇ ਸੱਭਿਆਚਾਰਕ ਸੁਵਿਧਾਵਾਂ ਸ਼ਾਮਲ ਹਨ। ਇਸ ਢਾਂਚੇ ਅਧੀਨ ਵਿਕਾਸ ਤੋਂ ਮਿਲਣ ਵਾਲੀ ਰਕਮ ਨਾਲ ਅਗਲੇ 10 ਸਾਲਾਂ ਵਿੱਚ ਸ਼ਹਿਰ ਪੱਧਰੀ ਸਹੂਲਤਾਂ ਲਈ ਲਗਭਗ 350 ਮਿਲੀਅਨ ਡਾਲਰ ਇਕੱਠੇ ਹੋਣ ਦੀ ਉਮੀਦ ਹੈ। ਨਵੇਂ ਨਿਊਟਨ ਕਮਿਊਨਿਟੀ ਸੈਂਟਰ ਲਈ 30 ਸਾਲਾਂ ਵਿੱਚ 147 ਮਿਲੀਅਨ ਡਾਲਰ ਇਕੱਠੇ ਕੀਤੇ ਜਾਣਗੇ। ਸੂਬਾਈ ਮਨਜ਼ੂਰੀ ਤੋਂ ਬਾਅਦ ਅੱਪਡੇਟ ਕੀਤਾ ਡੀਸੀਸੀ ਬਾਇਲਾਅ ਅੰਤਿਮ ਮਨਜ਼ੂਰੀ ਲਈ ਮੁੜ ਕੌਂਸਲ ਕੋਲ ਲਿਆਂਦਾ ਜਾਵੇਗਾ ਅਤੇ ਏਸੀਸੀ ਬਾਇਲਾਅ ਸ਼ਹਿਰ ਦੇ ਯੋਜਨਾ ਨਿਯਮਾਂ ਨਾਲ ਵਿਚਾਰੇ ਜਾਣਗੇ। This report was written by Divroop Kaur as part of the Local Journalism Initiative.

Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।

ਅਸੀਂ ਪ੍ਰਾਈਵੇਟ ਮੌਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor

Call : 604.338.7310

CENTUM MORTGAGE

# ਸਰੀ ਸਿਟੀ ਕੌਂਸਲ ਵੱਲੋਂ ਡਿਵੈਲਪਮੈਂਟ ਕਾਸਟ ਚਾਰਜਿਜ਼ ਘਟਾਉਣ ਨੂੰ ਪ੍ਰਵਾਨਗੀ

## ਰਿਹਾਇਸ਼ੀ ਦਰਾਂ ਵਿੱਚ 7 ਤੋਂ 9 ਫੀਸਦੀ ਕਟੌਤੀ ਹੋਣ ਦੀ ਸੰਭਾਵਨਾ



ਸਰੀ, (ਦਿਵਰੂਪ ਕੌਰ): ਸਰੀ ਸਿਟੀ ਕੌਂਸਲ ਨੇ ਸੋਮਵਾਰ ਨੂੰ ਡਿਵੈਲਪਮੈਂਟ ਕਾਸਟ ਚਾਰਜ (ਡੀ.ਸੀ.ਸੀ.) ਨਾਲ ਸਬੰਧਤ ਇੱਕ ਅੱਪਡੇਟ ਕੀਤੇ ਉਪ-ਨਿਯਮ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤਜਵੀਜ਼ ਦਾ ਮੁੱਖ ਉਦੇਸ਼ ਰਿਹਾਇਸ਼ੀ ਦਰਾਂ ਵਿੱਚ ਕਮੀ ਲਿਆਉਣਾ ਅਤੇ ਫੀਸਾਂ ਦੇ ਢਾਂਚੇ ਨੂੰ ਸਰਲ ਬਣਾਉਣਾ ਹੈ ਤਾਂ ਜੋ ਸ਼ਹਿਰ ਵਿੱਚ ਨਵੇਂ ਘਰਾਂ ਦੀ ਉਸਾਰੀ ਨੂੰ ਤੇਜ਼ੀ ਨਾਲ ਉਤਸ਼ਾਹਿਤ ਕੀਤਾ ਜਾ ਸਕੇ। ਸੂਬਾਈ ਸਰਕਾਰ ਕੋਲ ਜਮ੍ਹਾਂ ਕਰਵਾਈ ਗਈ ਇਸ ਰਿਪੋਰਟ ਵਿੱਚ ਰਿਹਾਇਸ਼ੀ ਚਾਰਜਿਜ਼ ਨੂੰ 2024 ਦੇ ਪੱਧਰ ਤੋਂ ਲਗਭਗ 7 ਤੋਂ 9 ਫੀਸਦੀ ਤੱਕ ਘਟਾਉਣ ਦੀ ਯੋਜਨਾ ਉਲੀਕੀ ਗਈ ਹੈ।

ਸਰੀ ਦੇ ਮੇਅਰ ਬ੍ਰੈਂਡਾ ਲੌਕ ਨੇ ਇਸ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਲੋਕ ਸਰੀ ਵਿੱਚ ਰਹਿਣ ਅਤੇ ਆਪਣੇ ਘਰ ਖਰੀਦ ਸਕਣ, ਤਾਂ ਸਾਨੂੰ ਰਿਹਾਇਸ਼ੀ ਉਸਾਰੀ ਨੂੰ ਵਧੇਰੇ ਕਿਫਾਇਤੀ ਬਣਾਉਣ ਦੀ ਲੋੜ ਹੈ। ਉਨ੍ਹਾਂ ਅਨੁਸਾਰ ਡੀ.ਸੀ.ਸੀ. ਦਰਾਂ ਘਟਾ ਕੇ ਨਵੇਂ ਵਸਨੀਕਾਂ ਲਈ ਘਰਾਂ ਦੀ ਉਪਲਬਧਤਾ ਵਧੇਗੀ ਅਤੇ ਨਾਲ ਹੀ ਸ਼ਹਿਰ ਦੀਆਂ ਸੜਕਾਂ, ਪਾਰਕਾਂ ਅਤੇ ਹੋਰ ਸਹੂਲਤਾਂ ਵਿੱਚ ਨਿਵੇਸ਼ ਕਰਨਾ ਜਾਰੀ ਰਹੇਗਾ। ਇਹ ਕਦਮ ਵਧਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਚੁੱਕਿਆ ਗਿਆ ਹੈ ਤਾਂ ਜੋ ਸ਼ਹਿਰ ਦਾ ਵਿਕਾਸ ਸੰਤੁਲਿਤ ਰਹੇ।

ਪ੍ਰਸਤਾਵਿਤ 2026 ਦੀਆਂ ਦਰਾਂ ਅਨੁਸਾਰ ਸਰੀ ਵਿੱਚ ਸਿੰਗਲ ਜਾਂ ਛੋਟੇ ਪੱਧਰ ਦੇ ਘਰਾਂ ਲਈ ਡੀ.ਸੀ.ਸੀ. 51,633 ਡਾਲਰ ਹੋਣਗੇ, ਜਦਕਿ ਗੁਆਂਢੀ ਸ਼ਹਿਰ ਲੈਂਗਲੀ ਵਿੱਚ ਇਹ ਦਰ 87,615 ਡਾਲਰ ਹੈ। ਇਸੇ ਤਰ੍ਹਾਂ ਟਾਊਨਹਾਊਸਾਂ ਲਈ ਸਰੀ ਵਿੱਚ ਚਾਰਜ 27.15 ਤੋਂ 54.87 ਡਾਲਰ ਪ੍ਰਤੀ ਵਰਗ ਫੁੱਟ ਦੇ ਵਿਚਕਾਰ ਹਨ, ਜੋ ਕਿ ਬਰਨਬੀ ਵਰਗੇ ਸ਼ਹਿਰਾਂ ਦੇ ਮੁਕਾਬਲੇ ਕਾਫੀ ਕਿਫਾਇਤੀ ਹਨ। ਕੌਂਸਲ ਨੇ ਵਿਕਾਸ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਦੋ ਨਵੇਂ ਐਮੇਨਿਟੀ ਕਾਸਟ ਚਾਰਜ (ਏ.ਸੀ.ਸੀ.) ਉਪ-ਨਿਯਮਾਂ ਦੀ ਵੀ ਹਮਾਇਤ ਕੀਤੀ ਹੈ।

ਏ.ਸੀ.ਸੀ. ਫਰੇਮਵਰਕ ਦੇ ਤਹਿਤ ਵਿਕਾਸਕਾਰਾਂ ਵੱਲੋਂ ਦਿੱਤੇ ਗਏ ਯੋਗਦਾਨ ਨਾਲ ਅਗਲੇ 10 ਸਾਲਾਂ ਵਿੱਚ ਸ਼ਹਿਰ ਪੱਧਰੀ ਸਹੂਲਤਾਂ ਲਈ ਲਗਭਗ 350 ਮਿਲੀਅਨ ਡਾਲਰ ਇਕੱਠੇ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ ਅਗਲੇ 30 ਸਾਲਾਂ ਵਿੱਚ ਨਵੇਂ ਨਿਊਟਨ ਕਮਿਊਨਿਟੀ ਸੈਂਟਰ ਲਈ 147 ਮਿਲੀਅਨ ਡਾਲਰ ਜੁਟਾਉਣ ਦਾ ਟੀਚਾ ਰੱਖਿਆ ਗਿਆ ਹੈ। ਇਹ ਫੰਡ ਰੀਕ੍ਰਿਏਸ਼ਨ ਸੈਂਟਰਾਂ, ਲਾਇਬ੍ਰੇਰੀਆਂ, ਪਾਰਕਾਂ ਅਤੇ ਸੱਭਿਆਚਾਰਕ ਸਹੂਲਤਾਂ ਦੀ ਉਸਾਰੀ ਲਈ ਵਰਤਿਆ ਜਾਵੇਗਾ।

ਡੀ.ਸੀ.ਸੀ. ਉਪ-ਨਿਯਮ ਅਤੇ ਨਵਾਂ ਏ.ਸੀ.ਸੀ. ਫਰੇਮਵਰਕ ਸ਼ਹਿਰ ਦੇ ਵਿਕਾਸ ਨੂੰ ਸੰਭਾਲਣ ਦੀ ਇੱਕ ਵਿਸ਼ਾਲ ਰਣਨੀਤੀ ਦਾ ਹਿੱਸਾ ਹਨ। ਇਹ ਯੋਜਨਾ ਬੁਨਿਆਦੀ ਢਾਂਚੇ ਅਤੇ ਲੋੜੀਂਦੀਆਂ ਸਹੂਲਤਾਂ ਨੂੰ ਸਮੇਂ ਸਿਰ ਵਿਕਸਤ ਕਰਨ ਵਿੱਚ ਸਹਾਈ ਹੋਵੇਗੀ। ਸੂਬਾਈ ਪ੍ਰਵਾਨਗੀ ਮਿਲਣ ਤੋਂ ਬਾਅਦ ਅੱਪਡੇਟ ਕੀਤਾ ਗਿਆ ਡੀ.ਸੀ.ਸੀ. ਉਪ-ਨਿਯਮ ਅੰਤਿਮ ਪ੍ਰਵਾਨਗੀ ਲਈ ਦੁਬਾਰਾ ਕੌਂਸਲ ਕੋਲ ਲਿਆਂਦਾ ਜਾਵੇਗਾ। ਇਸ ਦੇ ਨਾਲ ਹੀ ਏ.ਸੀ.ਸੀ. ਉਪ-ਨਿਯਮਾਂ ਨੂੰ ਵੀ ਸ਼ਹਿਰ ਦੀਆਂ ਯੋਜਨਾਬੰਦੀ ਅਤੇ ਜ਼ੋਨਿੰਗ ਨਿਯਮਾਂ ਦੇ ਨਾਲ ਜੋੜ ਕੇ ਲਾਗੂ ਕੀਤਾ ਜਾਵੇਗਾ। This report was written by Divroop Kaur as part of the Local Journalism Initiative.

# ਕੈਨੇਡਾ ਅਤੇ ਆਸਟ੍ਰੇਲੀਆ ਦੀ ਸਾਂਝੀ ਕਾਰਵਾਈ ਤਹਿਤ 300 ਕਿਲੋ ਨਸ਼ੀਲੇ ਪਦਾਰਥਾਂ ਸਮੇਤ ਸਿਡਨੀ ਦਾ ਨੌਜਵਾਨ ਕਾਬੂ






ਸਰੀ, (ਦਿਵਰੂਪ ਕੌਰ): ਆਸਟ੍ਰੇਲੀਆ ਅਤੇ ਕੈਨੇਡਾ ਦੀਆਂ ਫੈਡਰਲ ਜਾਂਚ ਏਜੰਸੀਆਂ ਨੇ ਇੱਕ ਸਾਂਝੀ ਅੰਤਰਰਾਸ਼ਟਰੀ ਕਾਰਵਾਈ ਦੌਰਾਨ 300 ਕਿਲੋ ਮੈਥਾਮਫੇਟਾਮਾਈਨ (ਆਈਸ) ਦੀ ਤਸਕਰੀ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਸਿਡਨੀ ਦੇ ਕੈਲੀਵਿਲ ਇਲਾਕੇ ਦੇ ਇੱਕ 23 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਆਸਟ੍ਰੇਲੀਅਨ ਫੈਡਰਲ ਪੁਲਿਸ (AFP), ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਦੀ ਇਸ ਸਾਂਝੀ ਕਾਰਵਾਈ ਦੌਰਾਨ 36 ਡੱਬਿਆਂ ਵਿੱਚ ਲੁਕੋ ਕੇ ਭੇਜਿਆ ਨਸ਼ਾ ਬਰਾਮਦ ਕੀਤਾ ਗਿਆ ਹੈ। ਇਹ ਨਸ਼ੀਲਾ ਪਦਾਰਥ ਪ੍ਰੈਸ਼ਰ ਵਾਸ਼ਰਾਂ ਦੇ ਅੰਦਰ ਬੜੀ ਚਲਾਕੀ ਨਾਲ ਲੁਕੋਇਆ ਹੋਇਆ ਸੀ।

ਜਾਂਚ ਦੀ ਸ਼ੁਰੂਆਤ ਅਕਤੂਬਰ 2025 ਵਿੱਚ ਹੋਈ ਸੀ ਜਦੋਂ ਬ੍ਰਿਟਿਸ਼ ਕੋਲੰਬੀਆ ਵਿੱਚ ਕੈਨੇਡੀਅਨ ਅਧਿਕਾਰੀਆਂ ਨੇ ਪ੍ਰੈਸ਼ਰ ਵਾਸ਼ਰਾਂ ਵਜੋਂ ਭੇਜੇ ਗਏ ਇੱਕ ਕੰਸਾਈਨਮੈਂਟ ਦੀ ਤਲਾਸ਼ੀ ਲਈ। ਇਸ ਕੰਸਾਈਨਮੈਂਟ ਦੀ ਮੰਜ਼ਿਲ ਉੱਤਰ-ਪੱਛਮੀ ਸਿਡਨੀ ਨਿਰਧਾਰਿਤ ਸੀ। ਨਸ਼ਾ ਮਿਲਣ ਤੋਂ ਬਾਅਦ ਕੈਨੇਡੀਅਨ ਪੁਲਿਸ ਨੇ ਅਸਲੀ ਨਸ਼ੇ ਨੂੰ ਕੱਢ ਲਿਆ ਅਤੇ ਉਸ ਦੀ ਥਾਂ ਨਕਲੀ ਪਦਾਰਥ ਭਰ ਕੇ ਕੰਟੇਨਰ ਨੂੰ ਮੁੜ ਫਰੇਟ ਸਿਸਟਮ ਵਿੱਚ ਪਾ ਦਿੱਤਾ ਅਤੇ ਇਸ ਬਾਰੇ ਆਸਟ੍ਰੇਲੀਆਈ ਪੁਲਿਸ ਨੂੰ ਸੁਚੇਤ ਕਰ ਦਿੱਤਾ। ਇਹ ਕੰਟੇਨਰ 13 ਨਵੰਬਰ 2025 ਨੂੰ ਪੋਰਟ ਬੋਟਨੀ ਪਹੁੰਚਿਆ।

ਆਸਟ੍ਰੇਲੀਅਨ ਫੈਡਰਲ ਪੁਲਿਸ ਨੇ ਇਸ ਦੀ ਲਗਾਤਾਰ ਨਿਗਰਾਨੀ ਰੱਖੀ ਅਤੇ 27 ਨਵੰਬਰ ਨੂੰ ਸਿਡਨੀ ਦੇ ਉੱਤਰ-ਪੱਛਮ ਵਿੱਚ ਸਥਿਤ ਕੁਰਾਜੋਂਗ ਵਿਖੇ ਇੱਕ ਸ਼ੈੱਡ ਵਿੱਚ ਇਸ ਦੀ ਡਿਲੀਵਰੀ ਕਰਵਾਈ ਗਈ। ਪੁਲਿਸ ਅਨੁਸਾਰ ਉਸ ਰਾਤ ਦੋ ਵਿਅਕਤੀ ਸ਼ੈੱਡ ਵਿੱਚ ਦਾਖਲ ਹੋਏ ਸਨ, ਜਿਨ੍ਹਾਂ ਵਿੱਚੋਂ ਕੈਲੀਵਿਲ ਦੇ ਨੌਜਵਾਨ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਕੈਸਲ ਹਿੱਲ ਸਥਿਤ ਇੱਕ ਘਰ ਅਤੇ ਵਾਹਨ ਦੀ ਵੀ ਤਲਾਸ਼ੀ ਲਈ, ਜਿੱਥੋਂ ਕਈ ਇਲੈਕਟ੍ਰਾਨਿਕ ਯੰਤਰ ਅਤੇ ਹੋਰ ਦਸਤਾਵੇਜ਼ ਜ਼ਬਤ ਕੀਤੇ ਗਏ ਹਨ। ਮੁਲਜ਼ਮ ਵਿਰੁੱਧ ਵਪਾਰਕ ਮਾਤਰਾ ਵਿੱਚ ਸਰਹੱਦ-ਨਿਯੰਤਰਿਤ ਨਸ਼ੀਲੇ ਪਦਾਰਥ ਰੱਖਣ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਅਪਰਾਧ ਲਈ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

ਫੈਡਰਲ ਪੁਲਿਸ ਦੇ ਡਿਟੈਕਟਿਵ ਸੁਪਰਡੈਂਟ ਮੋਰਗਨ ਬਲੰਡਨ ਨੇ ਦੱਸਿਆ ਕਿ ਜ਼ਬਤ ਕੀਤੀ ਗਈ ਮੈਥਾਮਫੇਟਾਮਾਈਨ ਦੀ ਅੰਦਾਜ਼ਨ ਕੀਮਤ 277 ਮਿਲੀਅਨ ਡਾਲਰ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਨਸ਼ਾ ਬਾਜ਼ਾਰ ਵਿੱਚ ਪਹੁੰਚ ਜਾਂਦਾ ਤਾਂ ਇਸ ਨਾਲ ਲਗਭਗ 30 ਲੱਖ ਨਸ਼ੀਲੀਆਂ ਪੁੜੀਆਂ ਤਿਆਰ ਕੀਤੀਆਂ ਜਾ ਸਕਦੀਆਂ ਸਨ। ਉਨ੍ਹਾਂ ਕੈਨੇਡੀਅਨ ਭਾਈਵਾਲਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਅਜਿਹੀ ਸੂਝ-ਬੂਝ ਨਾਲ ਹੀ ਆਸਟ੍ਰੇਲੀਆਈ ਭਾਈਚਾਰੇ ਨੂੰ ਨਸ਼ਿਆਂ ਦੇ ਪ੍ਰਕੋਪ ਤੋਂ ਬਚਾਇਆ ਜਾ ਸਕਦਾ ਹੈ। ਮੁਲਜ਼ਮ ਨੂੰ ਫਿਲਹਾਲ 24 ਫਰਵਰੀ 2026 ਨੂੰ ਨਿਊ ਸਾਊਥ ਵੇਲਜ਼ ਦੀ ਸੁਪਰੀਮ ਕੋਰਟ ਵੱਲੋਂ ਸ਼ਰਤਾਂ 'ਤੇ ਜ਼ਮਾਨਤ ਦੇ ਦਿੱਤੀ ਗਈ ਹੈ। ਮਾਮਲੇ ਦੀ ਅਗਲੀ ਕਾਰਵਾਈ ਜਾਰੀ ਹੈ। This report was written by Divroop Kaur as part of the Local Journalism Initiative.

# 'ਬੂਸਟ ਐਂਡ ਬਸਟ' ਮੁਹਿੰਮ ਤਹਿਤ 15 ਲੋਕ ਗ੍ਰਿਫਤਾਰ, 3,453.55 ਡਾਲਰ ਦਾ ਸਾਮਾਨ ਬਰਾਮਦ




ਸਰੀ, (ਦਿਵਰੂਪ ਕੌਰ): ਰਿਚਮੰਡ ਆਰ.ਸੀ.ਐਮ.ਪੀ. ਵੱਲੋਂ ਸ਼ਹਿਰ ਦੇ ਕੇਂਦਰੀ ਵਪਾਰਕ ਖੇਤਰ ਵਿੱਚ ਪਰਚੂਨ ਚੋਰੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਚਲਾਈ ਗਈ 'ਬੂਸਟ ਐਂਡ ਬਸਟ' ਮੁਹਿੰਮ ਤਹਿਤ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 20 ਅਪ੍ਰੈਲ ਨੂੰ ਚਲਾਈ ਗਈ ਇਸ ਇੱਕ ਰੋਜ਼ਾ ਵਿਸ਼ੇਸ਼ ਮੁਹਿੰਮ ਦਾ ਮੁੱਖ ਮਕਸਦ ਜਾਇਦਾਦ ਨਾਲ ਸਬੰਧਤ ਅਪਰਾਧਾਂ 'ਤੇ ਨਕੇਲ ਪਾਉਣਾ ਸੀ। ਇਸ ਕਾਰਵਾਈ ਦੌਰਾਨ ਪੁਲਿਸ ਨੇ ਵੱਖ-ਵੱਖ ਸਟੋਰਾਂ ਵਿੱਚ ਚੋਰੀ ਕਰਨ ਵਾਲੇ ਮਰਦਾਂ, ਔਰਤਾਂ ਅਤੇ ਨਾਬਾਲਗਾਂ ਨੂੰ ਹਿਰਾਸਤ ਵਿੱਚ ਲਿਆ ਹੈ।

ਇਸ ਮੁਹਿੰਮ ਦੀ ਸਫਲਤਾ ਪਿੱਛੇ ਪੁਲਿਸ ਅਤੇ ਸਥਾਨਕ ਕਾਰੋਬਾਰੀਆਂ ਵਿਚਕਾਰ ਬਿਹਤਰ ਤਾਲਮੇਲ ਇੱਕ ਅਹਿਮ ਕਾਰਨ ਰਿਹਾ ਹੈ। ਕਾਰਵਾਈ ਦੌਰਾਨ ਸਾਦੇ ਕੱਪੜਿਆਂ ਵਿੱਚ ਤਾਇਨਾਤ ਪੁਲਿਸ ਅਧਿਕਾਰੀਆਂ ਅਤੇ ਵੱਖ-ਵੱਖ ਸਟੋਰਾਂ ਦੇ ਲੌਸ ਪ੍ਰੀਵੈਂਸ਼ਨ ਅਫਸਰਾਂ (LPOs) ਨੇ ਮਿਲ ਕੇ ਕੰਮ ਕੀਤਾ। ਸਟੋਰਾਂ ਦੇ ਸੁਰੱਖਿਆ ਕਰਮਚਾਰੀ ਸ਼ੱਕੀ ਗਤੀਵਿਧੀਆਂ ਬਾਰੇ ਪੁਲਿਸ ਦੀ ਨਿਗਰਾਨੀ ਟੀਮ ਨੂੰ ਲਗਾਤਾਰ ਜਾਣਕਾਰੀ ਦੇ ਰਹੇ ਸਨ, ਜਿਸ ਸਦਕਾ ਚੋਰਾਂ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰਨਾ ਸੰਭਵ ਹੋ ਸਕਿਆ। ਫੜੇ ਗਏ 15 ਵਿਅਕਤੀਆਂ ਵਿੱਚ 8 ਮਰਦ ਅਤੇ 7 ਔਰਤਾਂ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 3 ਨਾਬਾਲਗ ਹਨ।

ਪੁਲਿਸ ਨੇ ਦੱਸਿਆ ਕਿ 10 ਵਿਅਕਤੀਆਂ ਵਿਰੁੱਧ 5,000 ਡਾਲਰ ਤੋਂ ਘੱਟ ਦੀ ਚੋਰੀ ਦੇ ਦੋਸ਼ ਲਗਾਉਣ ਦੀ ਸਿਫਾਰਸ਼ ਕੀਤੀ ਜਾਵੇਗੀ। ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ 8 ਦਾ ਪਹਿਲਾਂ ਵੀ ਅਪਰਾਧਿਕ ਰਿਕਾਰਡ ਰਿਹਾ ਹੈ। ਇਨ੍ਹਾਂ ਵਿੱਚੋਂ 7 ਵਿਅਕਤੀ ਰਿਚਮੰਡ ਦੇ ਵਸਨੀਕ ਹਨ, ਜਦਕਿ ਬਾਕੀ ਵੈਨਕੂਵਰ, ਲੈਂਗਫੋਰਡ, ਡੈਲਟਾ, ਕੈਲੋਨਾ ਅਤੇ ਨਾਨਾਈਮੋ ਨਾਲ ਸਬੰਧਤ ਹਨ। ਇੱਕ ਵਿਅਕਤੀ ਨੂੰ ਪੁਰਾਣੇ ਵਾਰੰਟ ਦੇ ਅਧਾਰ 'ਤੇ ਗ੍ਰਿਫਤਾਰ ਕਰਕੇ ਹਿਰਾਸਤ ਵਿੱਚ ਰੱਖਿਆ ਗਿਆ ਹੈ। ਬਰਾਮਦ ਕੀਤੇ ਗਏ ਸਾਮਾਨ ਦੀ ਕੁੱਲ ਕੀਮਤ ਲਗਭਗ 3,453.55 ਡਾਲਰ ਦੱਸੀ ਗਈ ਹੈ, ਜਿਸ ਵਿੱਚ ਮੁੱਖ ਤੌਰ 'ਤੇ ਭੋਜਨ, ਕੱਪੜੇ ਅਤੇ ਸ਼ਿੰਗਾਰ ਦਾ ਸਾਮਾਨ ਸ਼ਾਮਲ ਹੈ। ਇਹ ਮੁਹਿੰਮ ਰਿਚਮੰਡ ਆਰ.ਸੀ.ਐਮ.ਪੀ. ਦੀ ਅਪਰਾਧ ਘਟਾਉਣ ਵਾਲੀ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਹੈ, ਜਿਸ ਨੂੰ ਫੈਡਰਲ ਅਤੇ ਸੂਬਾਈ ਸਹਿਯੋਗ ਵਾਲੇ 'ਕਮਿਊਨਿਟੀ ਸੇਫਟੀ ਐਂਡ ਟਾਰਗੇਟਿਡ ਇਨਫੋਰਸਮੈਂਟ ਪ੍ਰੋਗਰਾਮ' (CSTEP) ਰਾਹੀਂ ਫੰਡ ਦਿੱਤਾ ਜਾਂਦਾ ਹੈ। ਇੰਸਪੈਕਟਰ ਵਾਜ਼ ਕਾਸਮ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਖੁਫੀਆ ਜਾਣਕਾਰੀ ਅਧਾਰਤ ਪੁਲਿਸਿੰਗ ਦੀ ਅਹਿਮੀਅਤ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਅਨੁਸਾਰ ਪਰਚੂਨ ਚੋਰੀ ਨਾ ਸਿਰਫ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਸਗੋਂ ਸਟਾਫ ਅਤੇ ਪੂਰੇ ਭਾਈਚਾਰੇ 'ਤੇ ਵੀ ਬੁਰਾ ਪ੍ਰਭਾਵ ਪਾਉਂਦੀ ਹੈ।

ਗ੍ਰਿਫਤਾਰ ਕੀਤੇ ਗਏ ਸਾਰੇ ਵਿਅਕਤੀਆਂ ਨੂੰ ਲੋੜ ਅਨੁਸਾਰ ਸਮਾਜਿਕ ਸੇਵਾਵਾਂ ਲੈਣ ਦੀ ਸਲਾਹ ਵੀ ਦਿੱਤੀ ਗਈ ਹੈ। ਪੁਲਿਸ ਵੱਲੋਂ ਅਗਲੇ ਸਮੇਂ ਵਿੱਚ ਅਜਿਹੀਆਂ ਹੋਰ 'ਬੂਸਟ ਐਂਡ ਬਸਟ' ਕਾਰਵਾਈਆਂ ਕਰਨ ਦੀ ਯੋਜਨਾ ਬਣਾਈ ਗਈ ਹੈ। ਰਿਚਮੰਡ ਆਰ.ਸੀ.ਐਮ.ਪੀ. ਨੇ ਕਾਰੋਬਾਰੀਆਂ ਅਤੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ 604-278-1212 'ਤੇ ਸੂਚਿਤ ਕਰਨ ਅਤੇ ਐਮਰਜੈਂਸੀ ਦੀ ਸੂਰਤ ਵਿੱਚ 9-1-1 'ਤੇ ਕਾਲ ਕਰਨ। This report was written by Divroop Kaur as part of the Local Journalism Initiative.

# ਸਰੀ ਕੌਂਸਲ ਵਲੋਂ ਕਿੰਗ ਜੌਰਜ ਬੂਲੇਵਾਰਡ ‘ਤੇ 19 ਕਿਲੋਮੀਟਰ ਲੰਬਾ ਬੀ.ਆਰ.ਟੀ. ਰੂਟ ਤਿਆਰ ਕਰਨ ਦੀ ਯੋਜਨਾ ਮਨਜ਼ੂਰ

ਸਰੀ, (ਦਿਵਰੂਪ ਕੌਰ): ਸਰੀ ਸਿਟੀ ਕੌਂਸਲ ਨੇ ਸੋਮਵਾਰ ਨੂੰ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਸ਼ਹਿਰ ਦੇ ਸਭ ਤੋਂ ਵਿਅਸਤ ਉੱਤਰ-ਦੱਖਣੀ ਆਵਾਜਾਈ ਮਾਰਗਾਂ ਵਿੱਚੋਂ ਇੱਕ, ਕਿੰਗ ਜੌਰਜ ਬੂਲੇਵਾਰਡ ਉੱਤੇ ਬੱਸ ਰੈਪਿਡ ਟਰਾਂਜ਼ਿਟ (BRT) ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਡਿਜ਼ਾਈਨ ਪੜਾਅ ਵਾਸਤੇ ਵੋਟ ਪਾਈ ਹੈ। ਇਸ ਫ਼ੈਸਲੇ ਨਾਲ ਸ਼ਹਿਰ ਦੀ ਜਨਤਕ ਆਵਾਜਾਈ ਪ੍ਰਣਾਲੀ ਵਿੱਚ ਇੱਕ ਬਦਲਾਅ ਆਉਣ ਦੀ ਉਮੀਦ ਹੈ। ਕੌਂਸਲ ਦਾ ਇਹ ਕਦਮ ਵਧ ਰਹੀ ਆਬਾਦੀ ਅਤੇ ਸੜਕਾਂ ਉੱਤੇ ਵਧਦੇ ਜਾਮ ਦੀ ਸਮੱਸਿਆ ਨੂੰ ਹੱਲ ਕਰਨ ਲਈ ਚੁੱਕਿਆ ਗਿਆ ਹੈ। ਇਹ ਪ੍ਰੋਜੈਕਟ ਸ਼ਹਿਰ ਦੇ ਮੁੱਖ ਹਿੱਸਿਆਂ ਨੂੰ ਆਪਸ ਵਿੱਚ ਜੋੜਨ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ। ਮੇਅਰ ਬਰੈਂਡਾ ਲੌਕ ਨੇ ਇਸ ਫ਼ੈਸਲੇ ਬਾਰੇ ਖ਼ੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਜਿਵੇਂ-ਜਿਵੇਂ ਸਰੀ ਸ਼ਹਿਰ ਦਾ ਵਿਸਥਾਰ ਹੋ ਰਿਹਾ ਹੈ, ਸਾਡੀਆਂ ਸੜਕਾਂ ਉੱਤੇ ਵਾਹਨਾਂ ਦੀ ਭੀੜ ਲਗਾਤਾਰ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਇੱਥੋਂ ਦੇ ਵਸਨੀਕਾਂ ਨੂੰ ਅੱਜ ਦੇ ਸਮੇਂ ਵਿੱਚ ਇੱਕ ਤੇਜ਼ ਅਤੇ ਭਰੋਸੇਯੋਗ ਰੈਪਿਡ ਟਰਾਂਜ਼ਿਟ ਦੀ ਬਹੁਤ ਲੋੜ ਹੈ। ਮੇਅਰ ਅਨੁਸਾਰ, ਕੌਂਸਲ ਦਾ ਇਹ ਫ਼ੈਸਲਾ ਸਰੀ ਨੂੰ ਬ੍ਰਿਟਿਸ਼ ਕੋਲੰਬੀਆ ਦੇ ਮੋਹਰੀ ਸ਼ਹਿਰਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰੇਗਾ। ਇਹ ਪ੍ਰਣਾਲੀ ਸਿਟੀ ਸੈਂਟਰ, ਨਿਊਟਨ ਅਤੇ ਸਾਊਥ ਸਰੀ ਨੂੰ ਆਪਸ ਵਿੱਚ ਜੋੜ ਕੇ ਇੱਕ ਉੱਚ ਸਮਰੱਥਾ ਵਾਲੀ ਜਨਤਕ ਆਵਾਜਾਈ



ਸਹੂਲਤ ਪ੍ਰਦਾਨ ਕਰੇਗੀ। ਕਿੰਗ ਜੌਰਜ ਬੂਲੇਵਾਰਡ ਬੀ.ਆਰ.ਟੀ. ਪ੍ਰੋਜੈਕਟ ਲਗਭਗ 19 ਕਿਲੋਮੀਟਰ ਲੰਬੇ ਕੋਰੀਡੋਰ ‘ਤੇ ਫੈਲਿਆ ਹੋਵੇਗਾ। ਇਹ ਰੂਟ ਸਰੀ ਸਿਟੀ ਸੈਂਟਰ ਤੋਂ ਸ਼ੁਰੂ ਹੋ ਕੇ ਸੈਮੀਆਮੂ ਟਾਊਨ ਸੈਂਟਰ ਤੱਕ ਜਾਵੇਗਾ। ਇਸ ਪੂਰੇ ਮਾਰਗ ਵਿੱਚ 12 ਆਧੁਨਿਕ ਸਟੇਸ਼ਨ ਬਣਾਏ ਜਾਣਗੇ ਅਤੇ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਰੂਟ ਦੇ ਜ਼ਿਆਦਾਤਰ ਹਿੱਸੇ ‘ਤੇ ਬੱਸਾਂ ਲਈ ਨਿਰਧਾਰਿਤ ਵੱਖਰੀਆਂ ਲੇਨਾਂ ਹੋਣਗੀਆਂ। ਇਸ ਸਾਲ ਦੇ ਸ਼ੁਰੂ ਵਿੱਚ ਟ੍ਰਾਂਸਲਿੰਕ ਵੱਲੋਂ ਜਨਤਾ ਨਾਲ ਕੀਤੇ ਗਏ ਸਲਾਹ-ਮਸ਼ਵਰੇ ਦੌਰਾਨ 84 ਫ਼ੀਸਦੀ ਲੋਕਾਂ ਨੇ ਇਸ ਪ੍ਰੋਜੈਕਟ ਦਾ ਸਮਰਥਨ ਕੀਤਾ ਸੀ, ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਕਮਿਊਨਿਟੀ ਵਿੱਚ ਇਸ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਟ੍ਰਾਂਸਲਿੰਕ ਦੇ ਸੀ.ਈ.ਓ. ਕੇਵਿਨ ਕੁਇਨ ਨੇ ਕਿਹਾ ਕਿ ਸਰੀ ਦੇ ਵਿਕਾਸ ਦੇ ਨਾਲ-ਨਾਲ ਸਾਨੂੰ ਅਜਿਹੇ ਟਰਾਂਜ਼ਿਟ ਹੱਲਾਂ ਦੀ ਲੋੜ ਹੈ ਜੋ ਵੱਧ ਤੋਂ ਵੱਧ ਲੋਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮੰਜ਼ਿਲ ਤੱਕ ਪਹੁੰਚਾ ਸਕਣ। ਉਨ੍ਹਾਂ ਕਿਹਾ ਕਿ ਬੀ.ਆਰ.ਟੀ. ਕਿੰਗ ਜੌਰਜ ਬੂਲੇਵਾਰਡ ਲਈ ਸਭ ਤੋਂ ਵਧੀਆ ਹੱਲ ਹੈ ਕਿਉਂਕਿ ਇਸ ਨੂੰ ਤੇਜ਼ੀ ਨਾਲ ਅਤੇ ਘੱਟ ਖ਼ਰਚੇ ਨਾਲ ਲਾਗੂ ਕੀਤਾ ਜਾ ਸਕਦਾ ਹੈ। ਇਹ ਸਿਸਟਮ ਨਾ ਸਿਰਫ਼ ਟਰੈਫ਼ਿਕ ਦੀ ਭੀੜ ਨੂੰ ਘਟਾਏਗਾ, ਸਗੋਂ ਸ਼ਹਿਰ ਦੇ ਟਾਊਨ ਸੈਂਟਰਾਂ ਵਿਚਕਾਰ ਸੰਪਰਕ ਨੂੰ ਵੀ ਮਜ਼ਬੂਤ ਕਰੇਗਾ, ਜੋ ਕਿ ਸ਼ਹਿਰ ਦੀ ਲੰਬੇ ਸਮੇਂ ਦੀ ਵਿਕਾਸ ਯੋਜਨਾ ਲਈ ਬਹੁਤ ਜ਼ਰੂਰੀ ਹੈ। ਇਸ ਪ੍ਰੋਜੈਕਟ ਨੂੰ ਵੱਡੇ ਪੱਧਰ ‘ਤੇ ਲਾਗੂ ਕਰਨ ਤੋਂ ਪਹਿਲਾਂ ਟ੍ਰਾਂਸਲਿੰਕ ਵੱਲੋਂ ਸਰੀ ਦੇ ਹਾਲੈਂਡ ਪਾਰਕ ਅਤੇ ਕਿੰਗ ਜੌਰਜ ਸਕਾਈਟ੍ਰੇਨ ਸਟੇਸ਼ਨ ਦੇ ਨੇੜੇ ਇੱਕ ਪਾਇਲਟ ਸਟੇਸ਼ਨ ਸਥਾਪਿਤ ਕੀਤਾ ਜਾਵੇਗਾ। ਇਸ ਪਾਇਲਟ ਸਟੇਸ਼ਨ ਦਾ ਮਕਸਦ ਅਸਲ ਹਾਲਤਾਂ ਵਿੱਚ ਸਟੇਸ਼ਨ ਦੇ ਡਿਜ਼ਾਈਨ ਅਤੇ ਸਹੂਲਤਾਂ ਦੀ ਜਾਂਚ ਕਰਨਾ ਹੈ। ਇਸ ਵਿੱਚ ਯਾਤਰੀਆਂ ਲਈ ਨੇੜੇ-ਪੱਧਰ ਦੀ ਬੋਰਡਿੰਗ, ਰੀਅਲ-ਟਾਈਮ ਜਾਣਕਾਰੀ ਪ੍ਰਣਾਲੀ, ਬਿਹਤਰ ਰੋਸ਼ਨੀ ਅਤੇ ਮੌਸਮ ਤੋਂ ਸੁਰੱਖਿਆ ਵਰਗੀਆਂ ਆਧੁਨਿਕ ਸੁਵਿਧਾਵਾਂ ਸ਼ਾਮਲ ਹੋਣਗੀਆਂ। ਇਹ ਜਾਂਚ ਪ੍ਰਕਿਰਿਆ ਯਕੀਨੀ ਬਣਾਏਗੀ ਕਿ ਅੰਤਿਮ ਪ੍ਰੋਜੈਕਟ ਯਾਤਰੀਆਂ ਲਈ ਹਰ ਪੱਖੋਂ ਆਰਾਮਦਾਇਕ ਹੋਵੇ। ਸਿਟੀ ਕੌਂਸਲ ਦਾ ਇਹ ਫ਼ੈਸਲਾ ਇੱਕ ਵਧੇਰੇ ਜੁੜਿਆ ਹੋਇਆ ਸ਼ਹਿਰ ਬਣਾਉਣ ਅਤੇ ਸਰੀ ਦੀ ਵਧਦੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੀ ਟਿਕਾਊ ਆਵਾਜਾਈ ਪ੍ਰਣਾਲੀ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਸ ਨਾਲ ਲੋਕਾਂ ਦੇ ਸਮੇਂ ਦੀ ਬਚਤ ਹੋਵੇਗੀ ਅਤੇ ਵਾਤਾਵਰਣ ‘ਤੇ ਵੀ ਹਾਂ-ਪੱਖੀ ਪ੍ਰਭਾਵ ਪਵੇਗਾ। ਕਿੰਗ ਜੌਰਜ ਬੂਲੇਵਾਰਡ ਬੀ.ਆਰ.ਟੀ. ਪ੍ਰੋਜੈਕਟ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਵਸਨੀਕ ਸ਼ਹਿਰ ਦੀ ਅਧਿਕਾਰਤ ਵੈੱਬਸਾਈਟ surrey.ca/BRT ‘ਤੇ ਜਾ ਸਕਦੇ ਹਨ। ਸ਼ਹਿਰ ਦੇ ਭਵਿੱਖ ਨੂੰ ਸੁਆਰਨ ਲਈ ਇਹ ਨਿਵੇਸ਼ ਬੇਹੱਦ ਲਾਹੇਵੰਦ ਸਾਬਤ ਹੋਵੇਗਾ। This report was written by Divroop Kaur as part of the Local Journalism Initiative.

# ਅਲਬਰਟਾ ਦੀ ਵੱਖਵਾਦੀ ਪਟੀਸ਼ਨ ‘ਤੇ ਅਦਾਲਤੀ ਰੋਕ, ਪ੍ਰੀਮੀਅਰ ਡੈਨੀਅਲ ਸਮਿੱਥ ਵੱਲੋਂ ਫੈਸਲੇ ਵਿਰੁੱਧ ਅਪੀਲ ਦਾ ਐਲਾਨ

ਸਰੀ, (ਦਿਵਰੂਪ ਕੌਰ): ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਇੱਕ ਅਦਾਲਤੀ ਫੈਸਲੇ ਨੂੰ ਰੱਦ ਕਰਦਿਆਂ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਵੱਖਵਾਦੀ ਪਟੀਸ਼ਨ ਨੂੰ ਖਾਰਜ ਕਰਨ ਦੇ ਫੈਸਲੇ ਵਿਰੁੱਧ ਅਪੀਲ ਕਰੇਗੀ। ਬੁੱਧਵਾਰ ਨੂੰ ਇੱਕ ਜੱਜ ਨੇ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ ਜਿਸ ਵਿੱਚ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਨ ਦੀ ਮੰਗ ਕੀਤੀ ਗਈ ਸੀ। ਸਮਿੱਥ ਨੇ ਅਦਾਲਤ ਦੇ ਇਸ ਕਦਮ ਨੂੰ ਕਾਨੂੰਨੀ ਤੌਰ ‘ਤੇ ਨੁਕਸਦਾਰ ਦੱਸਦਿਆਂ ਇਸ ਨੂੰ ਜਨਤਕ ਰਾਏ ਦੇ ਖਿਲਾਫ ਦੱਸਿਆ ਹੈ।

ਜਸਟਿਸ ਸ਼ੈਨਾ ਲਿਓਨਾਰਡ ਨੇ ਆਪਣੇ ਲਿਖਤੀ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਇਹ ਪਟੀਸ਼ਨ ਕਦੇ ਜਾਰੀ ਹੀ ਨਹੀਂ ਕੀਤੀ ਜਾਣੀ ਚਾਹੀਦੀ ਸੀ। ਅਦਾਲਤ ਅਨੁਸਾਰ ਪ੍ਰੀਮੀਅਰ ਦੀ ਸਰਕਾਰ ਫਰਸਟ ਨੇਸ਼ਨਜ਼ ਨਾਲ ਸਲਾਹ-ਮਸ਼ਵਰਾ ਕਰਨ ਦੀ ਆਪਣੀ ਸੰਵਿਧਾਨਕ ਡਿਊਟੀ ਨਿਭਾਉਣ ਵਿੱਚ ਅਸਫਲ ਰਹੀ ਹੈ। ਜੱਜ ਨੇ ਇਹ ਵੀ ਨੋਟ ਕੀਤਾ ਕਿ ਅਲਬਰਟਾ ਦਾ ਕੈਨੇਡਾ ਤੋਂ ਅਲਹਿਦਾ ਹੋਣਾ ਸੰਧੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੋਵੇਗੀ, ਜਿਸ ਕਾਰਨ ਇਸ ਪੂਰੀ ਪ੍ਰਕਿਰਿਆ ਨੂੰ



ਕਾਨੂੰਨੀ ਤੌਰ ‘ਤੇ ਸਹੀ ਨਹੀਂ ਮੰਨਿਆ ਜਾ ਸਕਦਾ।

ਐਡਮੰਟਨ ਵਿੱਚ ਇੱਕ ਸਮਾਗਮ ਦੌਰਾਨ ਡੈਨੀਅਲ ਸਮਿੱਥ ਨੇ ਅਦਾਲਤ ਦੇ ਫੈਸਲੇ ਨੂੰ ਗੈਰ-ਲੋਕਤੰਤਰੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲਗਭਗ 700,000 ਅਲਬਰਟਾ ਵਾਸੀਆਂ ਨੇ ਇਸ ਮੁੱਦੇ ‘ਤੇ ਜਨਤਕ ਬਹਿਸ ਦੀ ਇੱਛਾ ਜ਼ਾਹਿਰ ਕੀਤੀ ਹੈ। ਸਮਿੱਥ ਅਨੁਸਾਰ ਇੱਕ ਜੱਜ ਦਾ ਫੈਸਲਾ ਇੰਨੇ ਵੱਡੇ ਸਮੂਹ ਦੀ ਆਵਾਜ਼ ਨੂੰ ਨਹੀਂ ਦਬਾ ਸਕਦਾ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਆਪਣੇ ਕੈਬਨਿਟ ਅਤੇ ਯੂ.ਸੀ.ਪੀ. ਕਾਕਸ ਨਾਲ ਮਿਲ ਕੇ ਅਗਲੇ ਕਾਨੂੰਨੀ ਕਦਮਾਂ ਬਾਰੇ ਵਿਚਾਰ-ਵਟਾਂਦਰਾ ਕਰਨਗੇ ਤਾਂ ਜੋ ਲੋਕਾਂ ਦੀ ਰਾਏ ਨੂੰ ਮੁੜ ਬਹਾਲ ਕੀਤਾ ਜਾ ਸਕੇ।

ਇਸ ਕਾਨੂੰਨੀ ਲੜਾਈ ਦੀ ਸ਼ੁਰੂਆਤ ਅਥਾਬਾਸਕਾ ਚਿਪੇਵਯਾਨ ਫਰਸਟ ਨੇਸ਼ਨ ਅਤੇ ਬਲੈਕਫੁੱਟ ਕਨਫੈਡਰੇਸੀ ਦੇ ਵਕੀਲਾਂ ਵੱਲੋਂ ਕੀਤੀ ਗਈ ਸੀ। ਇਸ ਕਨਫੈਡਰੇਸੀ ਵਿੱਚ ਪੀਕਾਨੀ ਨੇਸ਼ਨ, ਸਿਕਸਿਕਾ ਨੇਸ਼ਨ ਅਤੇ ਬਲੱਡ ਟ੍ਰਾਈਬ ਸ਼ਾਮਲ ਹਨ। ਉਨ੍ਹਾਂ ਨੇ ਅਲਬਰਟਾ ਸਰਕਾਰ, ਚੀਫ ਇਲੈਕਟੋਰਲ ਅਫਸਰ ਅਤੇ ਵੱਖਵਾਦੀ ਆਗੂ ਮਿਚ ਸਿਲਵੇਸਟਰ ਨੂੰ ਅਦਾਲਤ ਵਿੱਚ ਘਸੀਟਿਆ ਸੀ। ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਸੂਬੇ ਦੀ ਰੈਫਰੈਂਡਮ ਪ੍ਰਕਿਰਿਆ ਗੈਰ-ਸੰਵਿਧਾਨਕ ਹੈ ਕਿਉਂਕਿ ਇਸ ਵਿੱਚ ਫਰਸਟ ਨੇਸ਼ਨਜ਼ ਨਾਲ ਸਲਾਹ ਕਰਨ ਦੀ ਕੋਈ ਲਾਜ਼ਮੀ ਸ਼ਰਤ ਨਹੀਂ ਹੈ। ਹੁਣ ਇਸ ਮਾਮਲੇ ‘ਤੇ ਹੋਣ ਵਾਲੀ ਅਪੀਲ ‘ਤੇ ਸਾਰੇ ਸੂਬੇ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। This report was written by Divroop Kaur as part of the Local Journalism Initiative.

# ਓਨਟਾਰੀਓ ਵਿੱਚ ਪ੍ਰਾਈਵੇਟ ਜੈੱਟ ਦੀ ਖਰੀਦ ‘ਤੇ ਸਿਆਸੀ ਚਰਚਾ, ਲੋਕਾਂ ਦੇ ਟੈਕਸ ਦਾ 200,000 ਡਾਲਰ ਬਰਬਾਦ ਹੋਣ ਦਾ ਦਾਅਵਾ

ਸਰੀ, (ਦਿਵਰੂਪ ਕੌਰ): ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੂੰ ਆਪਣੇ ਸਿਆਸੀ ਵਿਰੋਧੀਆਂ ਦੀ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਸਰਕਾਰ ਨੇ ਕੁਝ ਦਿਨਾਂ ਲਈ ਇੱਕ ਪ੍ਰਾਈਵੇਟ ਜੈੱਟ ਦੀ ਮਾਲਕੀ ਦੌਰਾਨ ਲਗਭਗ 200,000 ਡਾਲਰ ਫੂਕ ਦਿੱਤੇ ਹਨ। ਬੁੱਧਵਾਰ ਦੁਪਹਿਰ ਨੂੰ ਜਾਰੀ ਕੀਤੇ ਗਏ ਕਈ ਇਨਵੌਇਸਾਂ, ਕੰਟਰੈਕਟਾਂ ਅਤੇ ਬ੍ਰੀਫਿੰਗ ਨੋਟਸ ਰਾਹੀਂ ਇਸ ਖਰੀਦਦਾਰੀ ਦੇ ਵੇਰਵੇ ਜਨਤਕ ਹੋਏ ਹਨ। ਇਹ ਦਸਤਾਵੇਜ਼ ਦੱਸਦੇ ਹਨ ਕਿ ਸਰਕਾਰ ਨੇ ਜਨਵਰੀ ਵਿੱਚ ਇੱਕ ਪੁਰਾਣਾ ‘ਬੰਬਾਰਡੀਅਰ ਚੈਲੇਂਜਰ 650’ ਜੈੱਟ ਖਰੀਦਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ।

ਦਸਤਾਵੇਜ਼ਾਂ ਦੇ ਖੁਲਾਸੇ ਨੇ ਪ੍ਰੀਮੀਅਰ ਦਫ਼ਤਰ ਵੱਲੋਂ ਦਿੱਤੇ ਗਏ ਪੁਰਾਣੇ ਬਿਆਨਾਂ ‘ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾਂ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਜੈੱਟ ਦੀ ਕੀਮਤ 28.9 ਮਿਲੀਅਨ ਡਾਲਰ ਸੀ, ਪਰ ਤਾਜ਼ਾ ਰਿਕਾਰਡ ਦੱਸਦੇ ਹਨ ਕਿ ਇਸ ਵਿੱਚ ਟੈਕਸ ਸ਼ਾਮਲ ਨਹੀਂ ਕੀਤੇ ਗਏ ਸਨ। ਜੇਕਰ ਐਚ.ਐਸ.ਟੀ. ਨੂੰ ਵੀ ਜੋੜ ਦਿੱਤਾ ਜਾਵੇ ਤਾਂ ਇਸ ਜੈੱਟ ਦੀ ਕੁੱਲ ਕੀਮਤ 30 ਮਿਲੀਅਨ ਡਾਲਰ ਤੋਂ ਵੀ ਉੱਪਰ ਪਹੁੰਚ ਜਾਂਦੀ ਹੈ। ਇਸ ਤੋਂ ਇਲਾਵਾ ਸਰਕਾਰੀ ਬ੍ਰੀਫਿੰਗ ਨੋਟ ਨੇ ਇਸ ਗੱਲ



ਦੀ ਪੁਸ਼ਟੀ ਕੀਤੀ ਹੈ ਕਿ ਜੈੱਟ ਨੂੰ ਵਾਪਸ ਕਰਨ ਦੀ ਪ੍ਰਕਿਰਿਆ ਦੌਰਾਨ ਟੈਕਸ ਦਾਤਾਵਾਂ ਨੂੰ ਲਗਭਗ 200,000 ਡਾਲਰ ਦਾ ਵਾਧੂ ਖਰਚਾ ਸਹਿਣਾ ਪਿਆ ਹੈ, ਜੋ ਬੰਬਾਰਡੀਅਰ ਕੰਪਨੀ ਵੱਲੋਂ ਵਾਪਸ ਨਹੀਂ ਕੀਤਾ ਗਿਆ।

ਖਰਚਿਆਂ ਦੇ ਵੇਰਵਿਆਂ ਅਨੁਸਾਰ 18,000 ਡਾਲਰ ਇੱਕ ਹਵਾਈ ਮਾਹਿਰ ਨੂੰ ਦਿੱਤੇ ਗਏ ਸਨ, ਜਦਕਿ 140,000 ਡਾਲਰ ਜੈੱਟ ਪ੍ਰਬੰਧਨ ਸੇਵਾਵਾਂ ਲਈ ਖਰਚੇ ਗਏ ਸਨ। ਇਸ ਦੇ ਨਾਲ ਹੀ ਇੱਕ ਬਾਹਰੀ ਕਾਨੂੰਨੀ ਮਾਹਿਰ ਦੀਆਂ ਸੇਵਾਵਾਂ ਲੈਣ ਲਈ 33,000 ਡਾਲਰ ਦਾ ਭੁਗਤਾਨ ਕੀਤਾ ਗਿਆ ਸੀ। ਓਨਟਾਰੀਓ ਲਿਬਰਲ ਪਾਰਟੀ ਦੇ ਅੰਤਰਿਮ ਆਗੂ ਜੌਨ ਫਰੇਜ਼ਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਇੱਕ ਅਜਿਹਾ ਪ੍ਰੀਮੀਅਰ ਹੈ ਜੋ ਜ਼ਮੀਨੀ ਹਕੀਕਤ ਤੋਂ ਪੂਰੀ ਤਰ੍ਹਾਂ ਕੱਟਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਡਗ ਫੋਰਡ ਅਤੇ ਉਨ੍ਹਾਂ ਦੀ ਕੰਜ਼ਰਵੇਟਿਵ ਸਰਕਾਰ ਨੇ ਜਾਣਬੁੱਝ ਕੇ ਇਹ ਮਹਿੰਗਾ ਸੌਦਾ ਕੀਤਾ ਅਤੇ ਹੁਣ ਉਨ੍ਹਾਂ ਨੂੰ ਸੂਬੇ ਦੇ 16 ਮਿਲੀਅਨ ਲੋਕਾਂ ਨੂੰ ਜਵਾਬ ਦੇਣਾ ਪਵੇਗਾ।

ਓਨਟਾਰੀਓ ਐਨ.ਡੀ.ਪੀ. ਦੀ ਆਗੂ ਮੈਰਿਟ ਸਟਾਈਲਜ਼ ਨੇ ਪ੍ਰੀਮੀਅਰ ‘ਤੇ ਲੋਕਾਂ ਨਾਲ ਝੂਠ ਬੋਲਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਫੋਰਡ ਨੇ ਵਾਅਦਾ ਕੀਤਾ ਸੀ ਕਿ ਇਸ ਖਰੀਦਦਾਰੀ ਕਾਰਨ ਜਨਤਾ ਦੀ ਜੇਬ ‘ਤੇ ਕੋਈ ਬੋਝ ਨਹੀਂ ਪਵੇਗਾ, ਪਰ ਅਸਲੀਅਤ ਕੁਝ ਹੋਰ ਹੀ ਨਿਕਲੀ ਹੈ। ਸਟਾਈਲਜ਼ ਨੇ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਓਨਟਾਰੀਓ ਦੇ ਲੋਕ ਰਾਸ਼ਨ ਜਾਂ ਕਿਰਾਇਆ ਦੇਣ ਲਈ ਸੰਘਰਸ਼ ਕਰ ਰਹੇ ਹਨ, ਉਦੋਂ ਪ੍ਰੀਮੀਅਰ ਫੋਰਡ ਜਨਤਕ ਪੈਸੇ ‘ਤੇ ਕਿਸੇ ਰੌਕਸਟਾਰ ਵਰਗੀ ਐਸ਼ੋ-ਆਰਾਮ ਵਾਲੀ ਜ਼ਿੰਦਗੀ ਜਿਊ ਰਹੇ ਹਨ। ਕੈਨੇਡੀਅਨ ਟੈਕਸਪੇਅਰਜ਼ ਫੈਡਰੇਸ਼ਨ ਨੇ ਵੀ ਇਸ ਮਾਮਲੇ ਵਿੱਚ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਹੈ। ਸੰਸਥਾ ਦੇ ਓਨਟਾਰੀਓ ਡਾਇਰੈਕਟਰ ਨੂਹ ਜਾਰਵਿਸ ਨੇ ਕਿਹਾ ਕਿ ਪ੍ਰੀਮੀਅਰ ਫੋਰਡ ਟੈਕਸ ਦਾਤਾਵਾਂ ਦੇ ਪੈਸੇ ਨਾਲ ਪ੍ਰਾਈਵੇਟ ਜੈੱਟ ਖਰੀਦਦੇ ਹੋਏ ਫੜੇ ਗਏ ਹਨ। ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਜੈੱਟ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ਵਿੱਚ ਹੀ 200,000 ਡਾਲਰ ਬਰਬਾਦ ਹੋ ਗਏ ਹਨ। ਦੂਜੇ ਪਾਸੇ ਪ੍ਰੀਮੀਅਰ ਦਫ਼ਤਰ ਨੇ ਇਨ੍ਹਾਂ ਵਾਧੂ ਖਰਚਿਆਂ ਬਾਰੇ ਪੁੱਛੇ ਗਏ ਸਵਾਲਾਂ ਦਾ ਅਜੇ ਤੱਕ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ ਹੈ। This report was written by Divroop Kaur as part of the Local Journalism Initiative.



Big Announcement coming in 2 Weeks!
SABZI MANDI SUPERMARKET
Serving our Community since 2003
Victoria Store
NOW OPEN!!!
306 Burnside Road
HOT PRICE FRESH CILANTRO ਧਨੀਆਂ Bunch 2 for 1.29
HOT PRICE FRESH GINGER ਅੱਦਰਕ 99¢ /lb
HOT PRICE JUMBO CARROTS ਵੱਡੀਆਂ ਗਾਜਰਾਂ 49¢ /lb
HOT PRICE PEELED GARLIC ਲਸਣ 5lb Jar 7.99 ea
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 3.99 ea
UNBEATABLE DEAL
MANGO DRINK FROOTI ਫਰੂਟੀ
6-pack Juice Boxes
3.49 ea
INDIAN KARELA ਦੇਸੀ ਕਰੇਲੇ 1.89 /lb
TILDA BASMATI RICE ਟਿਲਡਾ ਬਾਸਮਤੀ ਚਾਵਲ 4kg 14.99 ea
INDIAN EGGPLANT ਦੇਸੀ ਵਤਾਊਂ 1.29 /lb
PUNJABI BY NATURE COOKIES ਪੰਜਾਬੀ ਬਾਈ ਨੇਚਰ ਕੁਕੀਆਂ Asst., 300g 3.99 ea
TATA TEA ਟਾਟਾ ਚਾਹ 220's 7.99 ea
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 4.49 ea
HANS GUR ATTA BISCUITS PIPA ਹਾਨਸ ਗੁੜ ਆਟਾ ਬਿਸਕੁਟ ਪੀਪਾ 1.8kg 13.99 ea
GREEN CABBAGE ਬੰਦ 79¢ /lb
VIDHYA PANI PURI TRAY ਵਿਧਯਾ ਪਾਨੀ ਪੂਰੀ ਟਰੇ 260g 5.99 ea
NPS #1 ALMONDS ਬਦਾਮ 5.99 /lb
VIDHYA PUNJABI COOKIES ਵਿਦਿਆ ਪੰਜਾਬੀ ਕੁਕੀਆਂ 2.2lb 5.99 ea
PUNJABI BY NATURE SESAME OIL ਪੰਜਾਬੀ ਬਾਈ ਨੇਚਰ ਤਿਲ ਦਾ ਤੇਲ 1L 9.99 ea
LARGE ORANGES ਵੱਡੇ ਸੰਗਤਰੇ 99¢ /lb
MANGO DRINK FROOTI ਫਰੂਟੀ 1L 1.49 ea
RED / BROWN MASOOR DAAL ਲਾਲ / ਬਰਾਊਂ ਮਸੂਰ ਦਾਲ 88¢ /lb
RUSSET POTATOES ਆਲੂ 10lb 3.99 ea
JUMBO EGGPLANT ਵੱਡੇ ਵਤਾਊਂ 1.69 ea
ROMA TOMATOES ਰੋਮਾ ਟਮਾਟਰ 2.49 /lb
PROUDLY CANADIAN · PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 15, 2026 - Wed. May 20, 2026
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.